ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 10 | 02 April 2021 to 08 April 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਮਈ ’ਚ ਕਿਸਾਨ ਖੇਤੀ ਕਾਨੂੰਨਾਂ ਖ਼ਿਲਾਫ਼ ਸੰਸਦ ਵੱਲ ਕਰਨਗੇ ਮਾਰਚ

**ਨਵੀਂ ਦਿੱਲੀ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਵੱਲੋਂ ਹੁਣ ਦਿੱਲੀ ਦੇ ਦੁਆਲੇ ਦੀ ਪੈਰੀਫਰਲ ਰੋਡ ‘ਕੁੰਡਲੀ ਮਾਨੇਸਰ-ਪਲਵਲ’ ਅਤੇ ‘ਕੁੰਡਲੀ-ਗਾਜ਼ੀਆਬਾਦ-ਪਲਵਲ’ ਨੂੰ 10 ਅਪ੍ਰੈਲ ਨੂੰ 24 ਘੰਟੇ ਲਈ ਜਾਮ ਕਰਨ ਦਾ ਐਲਾਨ ਕੀਤਾ ਗਿਆ ਹੈ। 13 ਅਪ੍ਰੈਲ ਨੂੰ ਵਿਸਾਖੀ ਦਾ ਤਿਉਹਾਰ ਵੀ ਦਿੱਲੀ ਦੀਆਂ ਚਾਰੋਂ ਹੱਦਾਂ ਉਪਰ ਮਨਾਉਣ ਸਮੇਤ ਡਾ. ਬੀ. ਆਰ. ਅੰਬੇਦਕਰ ਦਾ ਜਨਮ ਦਿਨ ‘ਸੰਵਿਧਾਨ ਬਚਾਓ ਦਿਵਸ’ ਦੇ ਰੂਪ ਵਿੱਚ 14 ਅਪ੍ਰੈਲ ਨੂੰ ਮਨਾਇਆ ਜਾਵੇਗਾ। ਮਜ਼ਦੂਰ ਦਿਵਸ ਮੌਕੇ 1 ਮਈ ਨੂੰ ਸਾਰਾ ਦਿਨ ‘ਮਜ਼ਦੂਰ-ਕਿਸਾਨ ਏਕਤਾ’ ਦੇ ਲੇਖੇ ਲਾਇਆ ਜਾਵੇਗਾ। ਪੰਜਾਬ ਦੀਆਂ 32 ਕਿਸਾਨ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਨਾਲ



ਜੁੜੀਆਂ ਸਾਰੀਆਂ ਜਥੇਬੰਦੀਆਂ ਵੱਲੋਂ 5 ਅਪ੍ਰੈਲ ਨੂੰ ਕੌਮੀ ਪੱਧਰ ’ਤੇ ‘ਐਫਸੀਆਈ’ ਦਫ਼ਤਰਾਂ ਦਾ ਘਿਰਾਓ ਕਰਨ ਲਈ ਸਿੰਘੂ ਬਾਰਡਰ ’ਤੇ ਹਾਜ਼ਰ ਕਿਸਾਨ ਆਗੂਆਂ ਨੇ ਬੈਠਕ ਕਰਕੇ ਚਰਚਾ ਕੀਤੀ। ਮਈ ਦੇ ਪਹਿਲੇ ਹਫ਼ਤੇ ਸੰਸਦ ਵੱਲ ਮਾਰਚ ਵੀ ਕੀਤਾ ਜਾਵੇਗਾ। ਪ੍ਰੈੱਸ ਕਾਨਫਰੰਸ ਵਿੱਚ ਗੁਰਨਾਮ ਸਿੰਘ ਚੜੂਨੀ, ਪ੍ਰੇਮ ਸਿੰਘ ਭੰਗੂ, ਸਤਨਾਮ ਸਿੰਘ ਅਜਨਾਲਾ, ਰਵਿੰਦਰ ਕੌਰ, ਸੰਤੋਖ ਸਿੰਘ, ਬੂਟਾ ਸਿੰਘ ਬੁਰਜਗਿੱਲ, ਜੋਗਿੰਦਰ ਨੈਨ ਤੇ ਪ੍ਰਦੀਪ ਧਨਖੜ ਹਾਜ਼ਰ ਸਨ। ਕਿਸਾਨ ਆਗੂਆਂ ਨੇ ਦੱਸਿਆ ਕਿ ਮੋਰਚੇ ਦੀ ਅਗਵਾਈ ਹੇਠ ‘ਸੰਸਦ ਮਾਰਚ’ ਮਈ ਦੇ ਪਹਿਲੇ ਪੰਦਰਵਾੜੇ ਵਿੱਚ ਕੀਤਾ ਜਾਵੇਗਾ। ਇਸ ਵਿੱਚ ਔਰਤਾਂ, ਦਲਿਤ-ਆਦਿਵਾਸੀ-ਬਹੁਜਨ, ਬੇਰੁਜ਼ਗਾਰ ਨੌਜਵਾਨ ਅਤੇ ਸਮਾਜ ਦਾ ਹਰ ਵਰਗ ਸ਼ਾਮਲ ਹੋਵੇਗਾ। ਸ਼ਾਂਤਮਈ ਲੋਕ ਆਪਣੇ ਵਾਹਨਾਂ ਵਿਚ ਆਪਣੇ ਪਿੰਡਾਂ ਤੋਂ ਦਿੱਲੀ ਦੀਆਂ ਸਰਹੱਦਾਂ ਤੱਕ ਆਉਣਗੇ। ਇਸ ਤੋਂ ਬਾਅਦ ਦਿੱਲੀ ਦੀਆਂ ਕਈ ਹੱਦਾਂ ਤੋਂ ਸੰਸਦ ਤੱਕ ਪੈਦਲ ਮਾਰਚ ਕੀਤਾ ਜਾਵੇਗਾ। ਨਿਰਧਾਰਤ ਤਰੀਕ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ।

ਆਗੂਆਂ ਨੇ ਤ੍ਰਿਵੇਂਦਰਮ ਵਿਚ ਭਾਜਪਾ/ਐਨਡੀਏ ਨੂੰ ਵੋਟ ਨਾ ਪਾਉਣ ਦਾ ਬੈਨਰ ਫੜ ਕੇ ਖੜੇ ਕਿਸਾਨ ਆਗੂ ਬੀਜੂ ਤੇ ਹੋਰਾਂ ’ਤੇ ਭਾਜਪਾ-ਆਰਐੱਸਐੱਸ ਦੇ ਵਰਕਰਾਂ ਵੱਲੋਂ ਹਮਲਾ ਕਰਨ ਦੀ ਨਿਖੇਧੀ ਕੀਤੀ।

## ਨਹੀ ਮਿਲੀ ਦੀਪ ਸਿੱਧੂ ਨੂੰ ਜਮਾਨਤ



**ਨਵੀਂ ਦਿੱਲੀ/ਏ.ਟੀ.ਨਿਊਜ਼:** 26 ਜਨਵਰੀ ਨੂੰ ਟਰੈਕਟਰ ਪਰੇਡ ਦੌਰਾਨ ਹੋਈ ਕਥਿਤ ਹਿੰਸਾ ਦੇ ਮਾਮਲੇ ਵਿਚ ਗ੍ਰਿਫਤਾਰ ਅਦਾਕਾਰ ਦੀਪ ਸਿੱਧੂ ਦੀ ਜਮਾਨਤ ਦੀ ਸੁਣਵਾਈ ਹੁਣ 8 ਅਪ੍ਰੈਲ ਨੂੰ ਹੋਵੇਗੀ। ਦੱਸ ਦੇਈਏ ਕਿ 8 ਫਰਵਰੀ ਦੀ ਰਾਤ ਨੂੰ ਦਿੱਲੀ ਪੁਲਿਸ ਵੱਲੋਂ ਕਰਨਾਲ ਬਾਈਪਾਸ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਜਿਸ ਨੂੰ ਪਹਿਲਾਂ 14 ਦਿਨਾਂ ਲਈ ਪੁਲਿਸ ਰਿਮਾਂਡ ’ਤੇ ਲਿਆ ਗਿਆ ਸੀ ਤੇ ਬਾਅਦ ਵਿੱਚ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਦੀਪ ਸਿੱਧੂ ਵਲੋਂ ਅਦਾਲਤ ਵਿਚ ਜਮਾਨਤ ਲਈ ਪਾਈ ਅਰਜ਼ੀ ’ਤੇ ਸੁਣਵਾਈ ਲਈ 1 ਅਪ੍ਰੈਲ ਨੀਯਤ ਹੋਈ ਸੀ। ਦੀਪ ਸਿੱਧੂ ਵਲੋਂ ਪਾਈ ਜਮਾਨਤ ਦੀ ਅਰਜ਼ੀ ’ਤੇ 1ਅਪ੍ਰੈਲ ਨੂੰ ਕੋਈ ਸੁਣਵਾਈ ਨਾ ਹੋ ਸਕੀ। ਦਰਅਸਲ ਜਿਹੜੇ ਜੱਜ ਕੋਲ ਦੀਪ ਸਿੱਧੂ ਦੇ ਕੇਸ ਦੀ ਸੁਣਵਾਈ ਹੋਣੀ ਸੀ ਉਹ ਛੁੱਟੀ ’ਤੇ ਸਨ, ਜਿਸ ਕਾਰਨ ਹੁਣ ਦੀਪ ਸਿੱਧੂ ਦੀ ਜਮਾਨਤ ਪਟੀਸ਼ਨ ’ਤੇ ਸੁਣਵਾਈ 8 ਅਪ੍ਰੈਲ ਨੂੰ ਹੋਵੇਗੀ।

# ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਸਹੀ ਬਿਰਤਾਂਤ ਵਿਚ ਗ੍ਰਹਿਣ ਕਰਨ ਲਈ ਅਮਰੀਕਾ ਵਿਚ ਬਣਾਈ ਗਈ ‘ਸਿੱਖ ਆਰਟ ਗੈਲਰੀ’



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਸਿੱਖ ਇਤਿਹਾਸ ਬਾਰੇ ਵਿੱਦਿਆ ਅਤੇ ਜਾਗਰੂਕਤਾ ਲਈ ‘ਸਿੱਖ ਆਰਟ ਗੈਲਰੀ’ ਕਨੈਕਟੀਕਟ ਵਿੱਚ ਬਣਾਈ ਗਈ ਹੈ।

‘ਸਿੱਖ ਆਰਟ ਗੈਲਰੀ’ ਵਿਚ ਸਿੱਖ ਸਾਮਰਾਜ ਤੋਂ ਲੈ ਕੇ ਸਿੱਖ ਨਸਲਕੁਸ਼ੀ ਤੱਕ ਵੱਖ-ਵੱਖ ਪੋਰਟਰੇਟਾਂ ਦੀ ਪ੍ਰਦਰਸ਼ਨੀ ਰਾਹੀਂ ਸਿੱਖਾਂ ਦੀ ਇਤਿਹਾਸਕ ਯਾਤਰਾ ਨੂੰ ਦਰਸਾਇਆ ਗਿਆ ਹੈ। ‘ਸਿੱਖ ਆਰਟ ਗੈਲਰੀ’ ਪੂਰਬੀ ਕਨੈਕਟੀਕਟ ਦੇ ਸ਼ਹਿਰ ਨੌਰਵਿਚ ਵਿਚ ਬਣੇ ਬੈਕਸ ਹਸਪਤਾਲ ਤੋਂ ਇਕ ਛੋਟੀ ਡਰਾਈਵ ’ਤੇ ਹੈ । ਗੈਲਰੀ ਦੇ ਸਿਰਜਣਾਤਮਕ ਨਿਰਦੇਸ਼ਕ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ, ‘ਕਲਾ ਇਕ ਅਜਿਹੀ ਭਾਸ਼ਾ ਹੈ ਜੋ ਲੋਕਾਂ ਦੇ ਦਿਲਾਂ ਨੂੰ ਜੋੜ ਸਕਦੀ ਹੈ,’ ਅਤੇ ਅਸੀਂ ਇਸ ਭਾਈਚਾਰੇ ਵਿਚ ਏਕਤਾ ਲਿਆਉਣ ਦੀ ਉਮੀਦ ਕਰਦੇ ਹਾਂ।’ ਜਦੋਂ ਤੋਂ ਬਲੈਕ ਲਾਈਵਜ਼ ਮੈਟਰ ਅੰਦੋਲਨ ਨੇ ਵਿਭਿੰਨਤਾ, ਬਰਾਬਰੀ ਅਤੇ ਸ਼ਮੂਲੀਅਤ ’ਤੇ ਚਾਨਣਾ ਪਾਇਆ ਹੈ, ਖਾਲਸੇ ਦਾ ਸੰਦੇਸ਼ ਇਸ ਤੋਂ ਪਹਿਲਾਂ ਕਦੇ ਵੀ ਮਹੱਤਵਪੂਰਨ ਨਹੀਂ ਰਿਹਾ। ਡੈਰੇਲ ਵਿਲਸਨ. ਸਿਟੀ ਕੌਂਸਲ ਦਾ ਮੈਂਬਰ ਨੋਰਵਿੱਚ ਨੇ ਖਾਲਸਾ ਦੇ ਇਸ ਪ੍ਰੋਜੈਕਟ ਦੀ ਸ਼ਲਾਘਾ ਕੀਤੀ ਅਤੇ ਸਿੱਖ ਕੌਮ ਬਾਰੇ ਜਾਣਕਾਰੀ ਲਈ ਸ਼ਹਿਰ ਵਾਸੀਆਂ ਨੂੰ ਸਿੱਖ ਆਰਟ ਗੈਲਰੀ ਆਉਣ ਲਈ ਪ੍ਰੇਰਿਤ ਕੀਤਾ । ਇਹ ਗੈਲਰੀ ਇਕ ਸਰੋਤ ਕੇਂਦਰ ਅਤੇ ਅਜਾਇਬ ਘਰ ਹੈ ਜੋ ਕਿ ਸਿੱਖ ਸਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਹੈ। 1 ਨਵੰਬਰ ਨੂੰ ਇਸ ਦਾ ਉਦਘਾਟਨ 1984 ਦੇ ਸਿੱਖ ਨਸਲਕੁਸ਼ੀ ਦੇ 36ਵੇਂ ਯਾਦਗਾਰੀ ਸਮਾਰੋਹ ਵੇਲੇ ਹੋਇਆ ਸੀ ਜਦੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਉਨਾਂ ਕਿਹਾ, ‘ਮੈਂ ਹਮੇਸ਼ਾ ਕਨੈਟੀਕਟ ਵਿਚ ਇਕ ਜਗਾ ਚਾਹੁੰਦਾ ਸੀ ਜਿਥੇ ਸਿੱਖ ਭਾਰਤ ਸਰਕਾਰ ਦੀ ਦਖਲਅੰਦਾਜ਼ੀ ਤੋਂ ਬਿਨਾਂ ਆਪਣੇ ਆਪ ਨੂੰ ਪੂਰੀ ਤਰਾਂ ਪ੍ਰਗਟ ਕਰ ਸਕਦੇ ਹੋਣ ਅਤੇ ਆਪਣੀ ਕਹਾਣੀ ਨੂੰ ਆਪਣੇ ਬਿਰਤਾਂਤ ਵਿਚ ਦੱਸ ਸਕਣ ।’ ਟੀਚਾ ਹੈ ਕਿ ਅਮਰੀਕਾ ਦੀਆਂ ਲਾਇਬ੍ਰੇਰੀਆਂ ਅਤੇ ਹੋਰ ਜਨਤਕ ਥਾਵਾਂ ’ਤੇ ਸਿੱਖੀ ਵਿਰਾਸਤ ਅਤੇ ਸਭਿਆਚਾਰ ਪ੍ਰਤੀ ਕਲਾ ਦੇ ਪ੍ਰਦਰਸ਼ਨੀ ਨੂੰ ਵਧਾਇਆ ਜਾ ਸਕੇ ।’ ਇਕ ਕੰਧ ਦੇ ਸਾਹਮਣੇ ਕਈ ਤਰਾਂ ਦੇ ਫਰੇਮ ਕੀਤੇ ਗਏ, ਘੋਸ਼ਣਾਵਾਂ ਅਤੇ ਅਮਰੀਕੀ ਸੈਨੇਟਰਾਂ ਦੁਆਰਾ ਮਾਨਤਾ ਦੇ ਹਵਾਲੇ ਦਿੱਤੇ ਗਏ ਹਨ ਜੋ ਸਿੱਖ ਕੌਮ ਨੂੰ ਕਨੈਟੀਕਟ ਵਿਚ ਸਵਾਗਤ ਕਰਦੇ ਹਨ। ਸਿੱਖ ਝੰਡੇ ਨਿਸ਼ਾਨ ਸਾਹਿਬ ਚਾਰੇ ਪਾਸੇ ਹਨ ਅਤੇ ਸ਼ੈਲਫਾਂ ’ਤੇ ਸਿੱਖ ਧਰਮ ਬਾਰੇ ਜਾਣਕਾਰੀ ਭਰਪੂਰ ਕਿਤਾਬਾਂ ਹਨ। ਡਿਸਪਲੇਅ ਕੇਸ ਚਮਕਦੇ ਰਸਮੀ ਹਥਿਆਰਾਂ, ਸਿੱਖ ਰਾਜ ਦੀਆਂ ਫੋਟੋਆਂ, ਦਰਬਾਰ ਸਾਹਿਬ ਦਾ ਲੋਗੋ ਮਾਡਲ ਸ਼ਾਮਲ ਹੈ। ਖਾਲਸਾ ਨੇ ਲੋਗੋ ਵਿੱਚ ਬਣੇ ਅਕਾਲ ਤਖਤ ਵੱਲ ਇਸ਼ਾਰਾ ਕੀਤਾ ਅਤੇ ਕਿਹਾ, ‘ਸਾਡੇ ਮਿਸ਼ਨ ਦਾ ਇੱਕ ਵੱਡਾ ਹਿੱਸਾ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕਾਂ ਦੀ ਦਿਲਚਸਪੀ ਲੈਣਾ ਹੈ। ਖਾਲਸੇ ਦਾ ਕਹਿਣਾ ਹੈ, ‘ਅਸੀਂ ਚਾਹੁੰਦੇ ਹਾਂ ਕਿ ਲੋਕ ਇਸ ਗੈਲਰੀ ਵਿਚ ਇਕੱਠੇ ਹੋਣ, ਇਕ ਕੱਪ ਕਾਫੀ ਪੀਣ ਅਤੇ ਇਕ-ਦੂਜੇ ਬਾਰੇ ਸਿੱਖਣ ਲਈ ਇਕ ਜਗਾ ਸਮਝਣ। ‘ਸਾਨੂੰ ਇਹ ਸਥਾਨ ਪ੍ਰਾਪਤ ਕਰਨ ਦਾ ਬਖਸ਼ਿਸ਼ ਹੈ ਅਤੇ ਸਾਡਾ ਉਦੇਸ਼ ਸਿੱਖਿਆ ਦੇਣਾ ਅਤੇ ਸਿੱਖਿਅਤ ਕਰਨਾ ਹੈ - ਧਰਮ ਬਦਲਣਾ ਨਹੀਂ।’ ‘ਸਾਡਾ ਧਰਮ ਵਿਭਿੰਨਤਾ ਦਾ ਸਵਾਗਤ ਕਰਦਾ ਹੈ।’

## ਬੰਗਾਲ ਵਿਚ ਕਾਮਰੇਡਾਂ ਅੰਦਰ ਝੁੱਲ ਰਹੀ ਸੰਘੀ ਬਣਨ ਦੀ ਹਨੇਰੀ

ਪੱਛਮੀ ਬੰਗਾਲ ਦੀ ਸਿਆਸਤ ਵਿੱਚ ਇਕ ਦਿਲਚਸਪ ਵਰਤਾਰਾ ਦੇਖਣ ਨੂੰ ਮਿਲ ਰਿਹਾ,ਜਿੱਥੇ ਕਾਮਰੇਡ ਆਗੂ ਆਪਣੀ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸਾਮਿਲ ਹੋ ਰਹੇ ਹਨ।

ਖੱਬੇਪੱਖੀ ਆਗੂਆਂ ਵਿੱਚ ਇਹ ਰੁਝਾਨ ਸੂਬਾਈ ਚੋਣਾਂ ਤੋਂ ਠੀਕ ਪਹਿਲਾਂ ਦੇਖਣ ਨੂੰ ਮਿਲ ਰਿਹਾ ਹੈ, ਜਿਸ ਵਿੱਚ ਕੱਟੜ ਸੱਜੇਪੱਖੀ ਸਮਝੀ ਜਾਂਦੀ ਧਿਰ ਭਾਰਤੀ ਜਨਤਾ ਪਾਰਟੀ, ਜੋ ਕਿ ਵਿਚਾਰਧਾਰਕ ਤੌਰ ’ਤੇ ਜਰਮਨੀ ਦੇ ਨਾਜੀਵਾਦ ਦੀ ਤਰਜ ’ਤੇ ਹੋਂਦ ਵਿੱਚ ਆਏ ਰਾਸਟਰੀ ਸਵੈਮ ਸੇਵਕ ਸੰਘ ਦੇ ਅਧੀਨ ਕੰਮ ਕਰਦੀ ਹੈ, ਦੇ ਵੱਲ ਖੱਬੇਪੱਖੀ ਆਗੂਆਂ ਦਾ ਝੁਕਾਅ ਵਿਚਾਰਧਾਰਾਵਾਂ ਦੇ ਪਰਿਪੇਖ ਤੋਂ ਬੜਾ ਹੈਰਾਨੀਕੁੰਨ ਦ੍ਰਿਸ ਪੇਸ ਕਰ ਰਿਹਾ ਹੈ।

ਅਲ-ਜਜੀਰਾ ਦੀ ਰਿਪੋਰਟ ਅਨੁਸਾਰ ਇਸ ਵਰਤਾਰੇ ਦੀ ਪਿੱਠ-ਭੂਮੀ ’ਤੇ ਕਈ ਕਾਰਕ ਸਵਾਰ ਹਨ, ਜਿਵੇਂ ਕਿ,

-ਤ੍ਰਿਣਮੂਲ ਕਾਂਗਰਸ ਵੱਲੋਂ ਖੱਬੇ ਪੱਖੀਆਂ ਵਿਰੁੱਧ ਰਾਜਨੀਤਕ ਹਿੰਸਾ ਦੀਆਂ ਘਟਨਾਵਾਂ ਹੋਣੀਆਂ, ਪਰ ਕਮਿਊਨਿਸਟ ਪਾਰਟੀ ਦੀ ਕਮਜੋਰ ਸਥਿਤੀ ਕਾਰਨ ਵਰਕਰਾਂ ਵਿੱਚ ਨਿਰਾਸਾ ਪਸਰਨੀ
-ਖੱਬੇਪੱਖੀਆਂ ਵੱਲੋਂ ਹਰ ਹੀਲੇ ਤ੍ਰਿਣਮੂਲ ਕਾਂਗਰਸ ਦੀ ਹਾਰ ਨੂੰ ਹੀ ਆਪਣੀ ਜਿੱਤ ਦੇਖਿਆ ਜਾਣਾ
-ਮਮਤਾ ਬੈਨਰਜੀ ਚਾਲਿਤ ਸੱਤਾ ਧਿਰ ਅਤੇ ਖੱਬੇਪੱਖੀਆਂ, ਦੋਹਾਂ ਤੋਂ ਨਿਰਾਸ ਮਜਦੂਰ ਜਮਾਤ ਵੱਲੋਂ ਨਵੇਂ ਬਦਲ ਦੀ ਤਲਾਸ ਕਰਣਾ
-ਖੱਬੇਪੱਖੀ ਪਾਰਟੀ ਦਾ ਖਿੱਤੇ ਵਿੱਚ ਖਰਾਬ ਪ੍ਰਦਰਸਨ ਅਤੇ ਤਾਨਾਸਾਹੀ ਇਤਿਹਾਸ
-ਸੀ.ਪੀ.ਐੱਮ ਦੇ ਹੇਠਲੇ ਆਗੂਆਂ ਦੇ ਨਿੱਜੀ ਮੁਫਾਦ
-ਦਲਿਤ ਵਰਗ ਵਿੱਚ ਪ੍ਰਤੀਨਿਧਤਾ ਹਾਸਿਲ ਕਰਨ ਦੀ ਲਾਲਸਾ ਵਰਗੇ ਕਈ ਮਹੱਤਵਪੂਰਨ ਪੱਖ ਇਸ ਫੇਰ-ਬਦਲ ਵਿੱਚ ਭੂਮਿਕਾ ਨਿਭਾ ਰਹੇ ਹਨ।

ਲੋਕਾਂ ਵਿੱਚ ਇਹ ਵਰਤਾਰਾ ‘ਵਾਮ ਸੇ ਰਾਮ’ (ਵਾਮ ਪੰਥ ਤੋਂ ਰਾਮ ਰਾਜ ਵੱਲ) ਦੇ ਨਾਮ ਨਾਲ ਪ੍ਰਚੱਲਤ ਹੋ ਰਿਹਾ ਹੈ। ਭਾਜਪਾ ਵਿੱਚ ਨਵੇਂ ਭਰਤੀ ਹੋ ਰਹੇ ਖੱਬੇ ਪੱਖੀ ਆਗੂਆਂ ਦੇ ਦੱਸਣ ਮੁਤਾਬਿਕ ਉਹਨਾਂ ਨੂੰ ‘ਵਿਸਵ ਹਿੰਦੂ ਪ੍ਰੀਸਦ’ ਵੱਲੋਂ ਬਕਾਇਦਾ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ, ਜੋ ਕਿ ਆਰ.ਐਸ.ਐੱਸ. ਅਧੀਨ ਹੀ ਇੱਕ ਸੰਸਥਾ ਹੈ, ਜਿਸਨੂੰ ਘੱਟ ਗਿਣਤੀਆਂ ਵਿਰੁੱਧ ਹਿੰਸਕ ਤੇ ਨਫਰਤੀ ਘਟਨਾਵਾਂ ਕਰਨ-ਕਰਾਉਣ ਲਈ ਜਾਣਿਆਂ ਜਾਂਦਾ ਹੈ।

**ਬਾਕੀ ਸਫ਼ਾ 31 ’ਤੇ**




**NURSERY GRAND OPENING SAT. MARCH 27TH!**

**VALLEY VERDE NOW OFFERS SEEDLINGS FOR ORGANIC HOMELAND PRODUCE LIKE:**

THAI BASIL & OTHER HERBS, OKRA, HABANERO, JALAPENO & SERRANO PEPPERS, EGGPLANTS

**ALL AT A PRICE OUR COMMUNITIES CAN AFFORD!**

valley VERDE
PLANT·EAT·SHARE

**FIND SEEDLINGS AVAILABLE FOR SALE AT:**
59 S AUTUMN ST., SAN JOSE, CA, TUESDAY-SUNDAY, 9-4
WWW.VALLEYVERDE.ORG/SHOP

# ਗੁਰਦੁਆਰਾ ਸਿੱਖ ਸੋਸਾਇਟੀ ਡੇਟਨ, ਉਹਾਇਓ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਇਆ ਗਿਆ

## ਅਟਲਾਂਟਾ ਵਿੱਚ ਮਾਰੇ ਗਏ ਵਿਅਕਤੀਆਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ









**ਡੇਟਨ, ਓਹਾਇਓ (ਅਮਰੀਕਾ):** ਬੀਤੇ ਦਿਨੀਂ ਅਮਰੀਕਾ ਦੇ ਸੂਬੇ ਓਹਾਇਓ ਸਥਿਤ ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਉਣ ਦੇ ਨਾਲ ਨਾਲ ਅਟਲਾਂਟਾ ਵਿੱਚ ਮਾਰੇ ਗਏ ਬੇਗੁਨਾਹ ਵਿਆਕਤੀਆਂ ਦੀ ਆਤਮਿਕ ਸਾਂਤੀ ਪ੍ਰਤੀ ਅਰਦਾਸ ਕੀਤੀ ਗਈ।

ਸਤਵੀਂ ਪਾਤਸਾਹੀ ਗੁਰੂ ਹਰਿ ਰਾਏ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਿੱਖ ਵਾਤਾਵਰਣ ਦੇ ਦਿਹਾੜੇ ਵਜੋਂ ਅਮਰੀਕਾ ਅਤੇ ਸੰਸਾਰ ਭਰ ਦੇ ਗੁਰਦੁਆਰਿਆਂ ਵਿਖੇ ਮਨਾਇਆ ਜਾਂਦਾ ਹੈ। ਸਿੱਖ ਸੋਸਾਇਟੀ ਡੇਟਨ, ਉਹਾਇਓ ਗੁਰਦੁਆਰਾ ਸਾਹਿਬ ਵਿਖੇ ਵੀ ਇਸ ਦਿਹਾੜੇ ਨੂੰ ਬੜੀ ਸਰਧਾ ਭਾਵਨਾ ਨਾਲ ਮਨਾਉਂਦਿਆਂ ਹੋਇਆਂ ਅਟਲਾਂਟਾ, ਜੌਰਜੀਆ ਵਿਖੇ ਹੋਈਆਂ ਬੇਗੁਨਾਹ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ ।

ਸੰਗਤਾਂ ਵਿੱਚ ਬੱਚਿਆਂ, ਨੌਜਵਾਨਾਂ, ਅਤੇ ਬਜ਼ੁਰਗਾਂ ਦੇ ਨਾਲ ਰਿਵਰ ਸਾਈਡ ਸ਼ਹਿਰ ਦੇ ਸਾਬਕਾ ਮੇਅਰ ਬਿੱਲ ਫਲਾਉਟੀ ਨੇ ਸੰਗਤਾਂ ਦੇ ਨਾਲ ਵਾਤਾਵਰਣ ਦਿਵਸ 'ਤੇ ਪੌਦਾ ਲਗਾ ਕੇ ਆਪਣੀ ਹਾਜ਼ਰੀ ਭਰੀ। ਬੂਟਾ ਲਗਾਉਣ ਉਪਰੰਤ ਦੀਵਾਨ ਵਿੱਚ ਬੱਚਿਆਂ ਵਲੋਂ ਗੁਰਬਾਣੀ ਸ਼ਬਦ ਗੁਰੂ ਨਾਨਕ ਜੀ ਦੀ ਉਚਾਰਣ ਕੀਤੀ ਗਈ ਆਰਤੀ (ਗਗਨ ਮਹਿ ਥਾਲ) ਗਾ ਕੇ ਉਸ ਅਕਾਲ ਪੁਰਖ ਦੀ ਉਸਤਿਤ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਹੇਮ ਸਿੰਘ ਜੀ ਨੇ ਵਿਆਖਿਆ ਸਾਹਿਤ ਸ਼ਬਦ ਕੀਰਤਨ ਕਰਦਿਆਂ ਗੁਰੂ ਹਰਿ ਰਾਏ ਜੀ ਦੇ ਜੀਵਨ 'ਤੇ ਚਾਨਣ ਪਾਉਂਦਿਆਂ ਉਨਾਂ ਵੱਲੋਂ ਵਾਤਾਵਰਣ ਸਬੰਧੀ ਕੀਤੇ ਕਾਰਜਾਂ ਅਤੇ ਅੱਗੇ ਸੰਗਤਾਂ ਨੂੰ ਵਾਤਾਵਰਣ ਪ੍ਰਤੀ ਜਾਗ੍ਰਿਤ ਰਹਿਣ ਲਈ ਦਿੱਤੇ ਸੁਨੇਹੇ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਸੰਗਤਾਂ ਨੂੰ ਵਾਤਾਵਰਣ ਨੂੰ ਸੰਭਾਲਣ ਦੀਆਂ ਬੇਨਤੀਆਂ ਕੀਤੀਆਂ ਗਈਆਂ। ਗੁਰੂ ਸਾਹਿਬ ਅੱਗੇ ਸਰਬ ਸ਼ਾਂਤੀ ਅਤੇ ਸਿੱਖ ਕੌਮ ਦੀ ਚੜਦੀ ਕਲਾ ਦੀ ਅਰਦਾਸ ਬੇਨਤੀ ਕੀਤੀ ਗਈ ।

ਮੇਅਰ ਬਿੱਲ ਫਲਾਉਟੀ ਨੇ ਵਾਤਾਵਰਣ ਨੂੰ ਬਚਾਉਣ ਪ੍ਰਤੀ ਸਿੱਖਾਂ ਦੀ ਸ਼ਲਾਘਾ ਕਰਦਿਆਂ ਦੀਵਾਨ ਹਾਲ ਵਿੱਚ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ ਅਤੇ ਖਾਸ ਕਰ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲਗਾਏ ਗਏ ਬੂਟਿਆਂ ਦੀ ਛਾਂ ਜਾਂ ਫਲ ਖਾਣ ਦਾ ਆਨੰਦ ਮੈਂ ਜਾਂ ਮੇਰੀ ਉਮਰ ਦੇ ਤੁਹਾਡੇ ਮਾਪੇ ਬੇਸ਼ੱਕ ਨਹੀਂ ਲੈ ਸਕਦੇ ਪਰ ਤੁਹਾਡੇ ਲਈ ਇਹ ਭਵਿੱਖ ਵਿੱਚ ਇੱਕ ਚਾਨਣ ਮੁਨਾਰਾ ਸਾਬਿਤ ਹੋਵੇਗਾ ਜਿਸਦੇ ਲਈ ਤੁਹਾਨੂੰ ਸਾਡੇ ਰਿਣੀ ਹੋਣਾ ਚਾਹੀਦਾ ਹੈ। ਉਨਾਂ ਸਿੱਖਾਂ ਦਾ ਇਨਾਂ ਉਪਰਾਲਿਆਂ ਲਈ ਧੰਨਵਾਦ ਕੀਤਾ। ਆਖਿਰ ਵਿੱਚ ਸੇਵਾਦਾਰ ਕਮੇਟੀ ਵੱਲੋਂ ਮੇਅਰ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਵਰਤਾਏ ਗਏ।

# ਸਿੱਖ ਨੌਜਵਾਨ ਨੂੰ ਧਮਕਾਉਣ ਵਾਲਾ ਪ੍ਰਵਾਸੀ ਭਾਰਤੀ ਨਿਊਜ਼ੀਲੈਂਡ ਪੁਲਿਸ ਵੱਲੋਂ ਮੁੜ ਗ੍ਰਿਫ਼ਤਾਰ

**ਆਕਾਲੈਂਡ/ਏ.ਟੀ.ਨਿਊਜ਼:** ਕੁਝ ਦਿਨ ਪਹਿਲਾਂ ਸਿੱਖ ਨੌਜਵਾਨ ਨੂੰ ਧਮਕੀਆਂ ਦੇਣ ਵਾਲੇ ਪ੍ਰਵਾਸੀ ਭਾਰਤੀ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਵੇਲੇ ਆਕਲੈਂਡ ਰਹਿੰਦੇ ਦਿੱਲੀ ਦੇ ਤਰੁਣ ਮਦਾਨ ਨੇ ਦਰਅਸਲ ਹੁਣ ਜ਼ਮਾਨਤ ਦੀਆਂ ਸ਼ਰਤਾਂ ਤੇ ਬੰਦਸ਼ਾਂ ਦੀ ਉਲੰਘਣਾ ਕੀਤੀ ਸੀ। ਜਿਹੜੇ ਫ਼ੇਸਬੁੱਕ ਪੇਜ 'ਇੰਡੀਅਨਜ਼ ਇਨ ਨਿਊਜ਼ੀਲੈਂਡ' ਉੱਤੇ ਉਸ ਨੇ ਸਿੱਖ ਨੌਜਵਾਨ ਨੂੰ ਧਮਕੀਆਂ ਦਿੱਤੀਆਂ ਸਨ ਤੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ, ਉਹ ਪੇਜ ਹੁਣ ਡਿਲੀਟ ਕਰ ਦਿੱਤਾ ਗਿਆ ਹੈ। ਜਦੋਂ ਮੁਲਜ਼ਮ ਨੇ ਪਹਿਲਾਂ ਇਸ ਪੰਨੇ ਉੱਤੇ ਸਿੱਖ ਨੌਜਵਾਨ ਨੂੰ ਧਮਕੀਆਂ ਦਿੱਤੀਆਂ ਸਨ, ਤਦ ਬੀਤੀ 19 ਮਾਰਚ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਬਾਅਦ 'ਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। 'ਦ ਟਾਈਮਜ਼ ਆਫ਼ ਇੰਡੀਆ' ਵੱਲੋਂ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਸ਼ੁੱਕਰਵਾਰ, 26 ਮਾਰਚ ਸਵੇਰੇ ਉਸ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। ਆਕਲੈਂਡ ਪੁਲਿਸ ਨੇ ਤਰੁਣ ਮਦਾਨ ਨੂੰ ਕੁਝ ਸ਼ਰਤਾਂ ਤੇ ਬੰਦਸ਼ਾਂ ਦੇ ਆਧਾਰ ਉੱਤੇ ਜ਼ਮਾਨਤ ਦਿੱਤੀ ਸੀ ਪਰ ਉਹ ਉਨਾਂ ਦੀ ਉਲੰਘਣਾ ਕਰਦਾ ਪਾਇਆ ਗਿਆ।

ਦੱਸ ਦੇਈਏ ਕਿ ਫ਼ੇਸਬੁੱਕ ਪੇਜ 'ਇੰਡੀਅਨਜ਼ ਇਨ ਨਿਊਜ਼ੀਲੈਂਡ' ਉੱਤੇ ਤਰੁਣ ਮਦਾਨ ਨੇ ਸਿੱਖ ਨੌਜਵਾਨ ਨੂੰ 'ਖ਼ਾਲਿਸਤਾਨੀ ਦਹਿਸ਼ਤਗਰਦ' ਆਖਿਆ ਸੀ ਤੇ ਸਿੱਖ ਨੌਜਵਾਨ ਦਾ ਮੋਬਾਈਲ ਫ਼ੋਨ ਨੰਬਰ ਵੀ ਨਸ਼ਰ ਕਰ ਦਿੱਤਾ ਗਿਆ ਸੀ। ਤਰੁਣ ਨੇ ਆਪਣੀ ਫ਼ੇਸਬੁੱਕ ਪੋਸਟ ਉੱਤੇ ਨਾਲ ਹੀ ਸਿੱਖ ਨੌਜਵਾਨਾਂ ਦਾ ਨਾਂ ਵਰਤਦਿਆਂ ਇਹ ਵੀ ਲਿਖਿਆ ਸੀ ਕਿ 'ਇਹ ਸਿੱਖ ਨੌਜਵਾਨ ਸਾਰੇ ਭਾਰਤੀਆਂ ਵਿਰੁੱਧ ਨਫ਼ਰਤ ਫੈਲਾ ਰਿਹਾ ਹੈ।'

ਇਸ ਤੋਂ ਇਲਾਵਾ ਤਰੁਣ ਮਦਾਨ ਨੇ ਉਸ ਸਿੱਖ ਨੌਜਵਾਨ ਦੇ ਘਰ ਆ ਕੇ ਉਸ ਨੂੰ ਸਬਕ ਸਿਖਾਉਣ ਦੀ ਗੱਲ ਵੀ ਕੀਤੀ ਸੀ। ਇਸ ਤੋਂ ਇਲਾਵਾ ਉਸ ਨੇ ਦੋ ਹੋਰ ਸਿੱਖ ਵਿਅਕਤੀਆਂ ਲਈ ਵੀ ਮਾੜੇ ਬੋਲ ਵਰਤੇ ਸਨ। ਸਾਰਾ ਮਾਮਲਾ ਇੰਟਰਨੈੱਟ ਉੱਪਰ ਕਾਫੀ ਛਾਇਆ ਰਿਹਾ ਹੈ। ਨਿਊਜੀਲੈਂਡ ਇਸ ਭਗਵੇਂ ਭਾਰਤੀ ਦੀਆਂ ਦਹਿਸ਼ਤੀ ਹਰਕਤਾਂ ਨੂੰ ਸਖਤੀ ਨਾਲ ਨਿਪਟਣ ਦੇ ਹੱਕ ਵਿਚ ਹੈ।

# ਟਰੰਪ ਤੇ ਮੇਲਾਨੀਆ ਨੇ ਲਾਂਚ ਕੀਤੀ ਆਪਣੀ ਵੈੱਬਸਾਈਟ

## ਮੁੜ ਸਿੱਧੇ ਜੁੜਨਗੇ ਅਵਾਮ ਨਾਲ



**ਵਾਸ਼ਿੰਗਟਨ/ਏ.ਟੀ.ਨਿਊਜ਼:** ਟਰੰਪ ਤੇ ਉਨਾਂ ਦੀ ਪਤਨੀ ਮੇਲਾਨੀਆ ਨੇ ਆਪਣੀ ਅਧਿਕਾਰਤ ਵੈੱਬਸਾਈਟ 45 ਆਫਿਸ.ਕਾਮ ਲਾਂਚ ਕੀਤੀ ਹੈ। ਇਸ ਵੈੱਬਸਾਈਟ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਦੇ ਹੁਣ ਤੱਕ ਕੀਤੇ ਗਏ ਸਾਰੇ ਕੰਮਾਂ ਦੀ ਜਾਣਕਾਰੀ ਲਈ ਜਨਤਾ ਨਾਲ ਸਿੱਧੇ ਜੁੜਨ ਦਾ ਵੀ ਪਲੇਟਫਾਰਮ ਬਣਾਇਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਟਰੰਪ ਸਿੱਧੇ ਜਨਤਾ ਨਾਲ ਜੁੜ ਕੇ 2024 ਦੀਆਂ ਚੋਣ ਤਿਆਰੀਆਂ ਵਿਚ ਲੱਗੇ ਹੋਏ ਹਨ। ਉਸੇ ਕੜੀ ਵਿਚ ਇਹ ਕਦਮ ਮਹੱਤਵਪੂਰਣ ਮੰਨਿਆ ਜਾ ਰਿਹਾ ਹੈ। ਵੈੱਬਸਾਈਟ ਵਿਚ ਟਰੰਪ ਨੇ ਆਪਣੀ ਪਤਨੀ ਮੇਲਾਨੀਆ ਟਰੰਪ ਨੂੰ ਵੀ ਪ੍ਰਮੁੱਖਤਾ ਦਿੱਤੀ ਹੈ। ਵੈੱਬਸਾਈਟ ਦੇ ਮੁੱਖ ਪੰਨੇ 'ਤੇ ਉਨਾਂ ਦੀ ਵੀ ਫੋਟੋ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਇਸ ਵੈੱਬਸਾਈਟ ਦੇ ਮਾਧਿਅਮ ਰਾਹੀਂ ਅਮਰੀਕੀ ਜਨਤਾ ਉਨਾਂ ਨੂੰ ਵਧਾਈ ਦੇਣ ਦੇ ਨਾਲ ਹੀ ਕਿਸੇ ਵੀ ਵਿਸ਼ੇ 'ਤੇ ਆਪਣੀ ਰਾਏ ਦੇ ਸਕਦੀ ਹੈ। ਟਰੰਪ ਦੇ ਹੋਣ ਵਾਲੇ ਪ੍ਰੋਗਰਾਮਾਂ ਵਿਚ ਵੀ ਇਸ ਵੈੱਬਸਾਈਟ ਦੇ ਮਾਧਿਅਮ ਰਾਹੀਂ ਸ਼ਾਮਲ ਹੋਇਆ ਜਾ ਸਕੇਗਾ। ਦੱਸਣਯੋਗ ਹੈ ਕਿ 6 ਜਨਵਰੀ ਨੂੰ ਸੰਸਦ ਵਿਚ ਹਿੰਸਾ ਪਿੱਛੋਂ ਇੰਟਰਨੈੱਟ ਮੀਡੀਆ ਦੇ ਕਈ ਪਲੇਟਫਾਰਮ ਨੇ ਟਰੰਪ 'ਤੇ ਰੋਕ ਲਗਾ ਦਿੱਤੀ ਸੀ। ਉਸ ਪਿੱਛੋਂ ਪਹਿਲੀ ਵਾਰ ਇਸ ਵੈੱਬਸਾਈਟ ਦੇ ਮਾਧਿਅਮ ਰਾਹੀਂ ਟਰੰਪ ਜਨਤਾ ਨਾਲ ਜੁੜਨ ਜਾ ਰਹੇ ਹਨ।

# ਜਾਰਜ ਫਲਾਇਡ ਕਤਲ ਮਾਮਲੇ ਵਿਚ ਜੱਜ ਵੱਲੋਂ ਵੀਡੀਓ ਜਨਤਕ ਨਾ ਕਰਨ ਦੀ ਬੇਨਤੀ ਕੀਤੀ ਰੱਦ

## ਗਵਾਹਾਂ ਨੇ ਪੁਲਿਸ ਵਧੀਕੀ ਬਾਰੇ ਖੁੱਲ ਕੇ ਦੱਸਿਆ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਜਾਰਜ ਫਲਾਇਡ ਦੀ ਮੌਤ ਦੇ ਮਾਮਲੇ ਵਿਚ ਮਿਨੀਪੋਲਿਸ ਪੁਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਸ਼ੌਵਿਨ ਵਿਰੁੱਧ ਚੱਲ ਰਹੇ ਹੱਤਿਆ ਦੇ ਮੁਕੱਦਮੇ ਵਿਚ ਲੰਘੇ ਦਿਨ ਕੁੱਝ ਹੋਰ ਗਵਾਹੀਆਂ ਭੁਗਤੀਆਂ। ਇਨਾਂ ਵਿਚ ਇਕ ਅਹਿਮ ਗਵਾਹ ਇਕ ਨਬਾਲਗ ਵੀ ਸ਼ਾਮਿਲ ਸੀ ਜਿਸ ਨੇ ਘਟਨਾਕ੍ਰਮ ਦੀ ਵੀਡੀਓ ਬਣਾਈ ਸੀ। ਇਸ ਤੋਂ ਇਲਾਵਾ ਗਵਾਹੀਆਂ ਦੇਣ ਵਾਲਿਆਂ ਵਿਚ ਦੋ ਹਾਈ ਸਕੂਲ ਦੇ ਸੀਨੀਅਰਜ, ਇਕ ਮਾਰਸ਼ਲ ਆਰਟਸ ਫਾਈਟਰ ਤੇ ਇਕ ਫਾਇਰ ਫਾਈਟਰ ਬੀਬੀ ਵੀ ਸ਼ਾਮਲ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਇਕ 911 ਡਿਸਪੈਚਰ ਤੇ ਇਕ ਕੈਸ਼ੀਅਰ ਦੀ ਗਵਾਹੀ ਹੋਈ। ਜੱਜ ਪੀਟਰ ਕਾਹਿਲ ਨੇ ਰਾਜ ਦੀ ਉਹ ਬੇਨਤੀ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਪ੍ਰਮੁੱਖ 4 ਗਵਾਹਾਂ ਦੀਆਂ ਸਾਰੀਆਂ ਵੀਡੀਓ ਤੇ ਆਡੀਓ ਜਨਤਿਕ ਨਾ ਕੀਤੀਆਂ ਜਾਣ। 18 ਸਾਲਾ ਹਾਈ ਸਕੂਲ ਦੀ ਵਿਦਿਆਰਥਣ ਅਲੀਸਾ ਨਿਕੋਲ ਫਨਾਰੀ ਨੇ ਕਿਹਾ ਕਿ ਉਹ ਘਟਨਾ ਸਮੇਂ ਕੱਪ ਫੂਡਜ਼ ਸਟੋਰ ਜਾ ਰਹੇ ਸਨ। ਉਸ ਨੇ ਆਪਣੇ ਮਿੱਤਰ ਦੇ ਫੋਨ ਉਪਰ ਘਟਨਾ ਦੀਆਂ ਤਿੰਨ ਵੀਡੀਓਜ਼ ਬਣਾਈਆਂ। ਅਦਾਲਤ ਨੇ ਉਸ ਦੇ 17 ਸਾਲਾ ਮਿੱਤਰ ਦੀ ਗਵਾਹੀ ਵੀ ਲਈ। ਅਹਿਮ ਵੀਡੀਓ ਬਣਾਉਣ ਵਾਲੀ 9 ਸਾਲਾ ਕੁੜੀ ਦੀ ਗਵਾਹੀ ਵੀ ਹੋਈ ਉਸ ਨੇ ਕਿਹਾ ਕਿ ਇਸ ਘਟਨਾ ਨੇ ਮੇਰੀ ਜਿੰਦਗੀ ਬਦਲ ਦਿੱਤੀ ਹੈ। ਇਸ ਕੁੜੀ ਵੱਲੋਂ ਬਣਾਈ ਵੀਡੀਓ ਵਿਚ ਜਾਰਜ ਫਲਾਇਡ ਦੀ ਗ੍ਰਿਫਤਾਰੀ ਤੋਂ ਲੈ ਕੇ ਉਸ ਦੀ ਮੌਤ ਤੱਕ ਦੇ ਸਭ ਦ੍ਰਿਸ਼ ਸ਼ਾਮਿਲ ਹਨ। ਪੇਸ਼ਾਵਰ ਫਾਇਰ ਫਾਇਟਰ 27 ਸਾਲਾ ਜੇਨੇਵੀਵ ਹਨਸੇਨ ਨੇ ਆਪਣੀ ਗਵਾਹੀ ਵਿਚ ਕਿਹਾ ਕਿ ਉਹ ਹੱਥਕੜੀਆਂ ਵਿਚ ਜਕੜੇ ਇਕ ਵਿਅਕਤੀ ਦੀ ਗਰਦਨ ਉਪਰ ਆਪਣਾ ਪੂਰਾ ਭਾਰ ਪਾ ਕੇ ਬੈਠੇ ਇਕ ਪੁਲਿਸ ਅਧਿਕਾਰੀ ਨੂੰ ਵੇਖ ਕੇ ਚਿੰਤੁਤ ਹੋ ਗਈ ਸੀ। ਸਾਰੀ ਘਟਨਾ ਦਾ ਵੇਰਵਾ ਸੁਣਾਉਣ ਦੌਰਾਨ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਨੇ ਕਿਹਾ ਕਿ ਮੌਕੇ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਜਮੀਨ ਉਪਰ ਪਏ ਵਿਅਕਤੀ ਨੂੰ ਬਚਾਉਣ ਦਾ ਕੋਈ ਯਤਨ ਨਹੀਂ ਕੀਤਾ। ਉਸ ਨੇ ਕਿਹਾ ਮੈਂ ਜਮੀਨ ਉਪਰ ਪਏ ਵਿਅਕਤੀ ਦੀ ਨਬਜ਼ ਵੇਖਣਾ ਚਾਹੁੰਦੀ ਸੀ ਤੇ ਉਸ ਦੀ ਮਦਦ ਕਰਨਾ ਚਾਹੁੰਦੀ ਸੀ ਪਰ ਪੁਲਿਸ ਅਧਿਕਾਰੀਆਂ ਨੇ ਇਜਾਜ਼ਤ ਨਹੀਂ ਦਿੱਤੀ। ਹਨਸੇਨ ਨੇ ਕਿਹਾ ਮੈਂ ਘਟਨਾ ਦਾ ਵੇਰਵਾ ਦੱਸਣ ਲਈ 911 ਉਪਰ ਫੋਨ ਵੀ ਕੀਤਾ ਸੀ। ਉਸ ਦੀ ਗਵਾਹੀ ਕੱਲ ਵੀ ਜਾਰੀ ਰਹੇਗੀ। ਇਸਤਗਾਸਾ ਧਿਰ ਦੇ ਵਕੀਲ ਜੈਰੀਬਲੈਕਵੈਲ ਨੇ ਕਿਹਾ ਕਿ ਇਹ ਹੱਤਿਆ ਹੋਈ ਹੈ ਜਦ ਕਿ ਬਚਾਅ ਪੱਖ ਦੇ ਵਕੀਲ ਐਰਿਕ ਨੈਲਸਨ ਨੇ ਕਿਹਾ ਕਿ ਜੋ ਕੁੱਝ ਵੀਡੀਓ ਵਿਚ ਨਜ਼ਰ ਆ ਰਿਹਾ ਹੈ, ਮਾਮਲਾ ਉਸ ਤੋਂ ਵੀ ਗੰਭੀਰ ਹੈ। ਜਾਰਜ ਫਲਾਇਡ ਦੀ ਮੌਤ ਡਰੱਗ ਤੇ ਉਸ ਦੀਆਂ ਹੋਰ ਸਿਹਤ ਸਮੱਸਿਆਵਾਂ ਨਾਲ ਜੁੜੀ ਹੋਈ ਹੈ। ਜੇਕਰ ਸ਼ੌਵਿਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਉਸ ਨੂੰ 15 ਸਾਲ ਤੱਕ ਸਜ਼ਾ ਹੋ ਸਕਦੀ ਹੈ।

# ਸਿਆਟਲ ਦੇ ਸਨੇਹੀਆਂ ਵਲੋਂ ਹਰਵਿੰਦਰ ਸਿੰਘ ਰਿਆੜ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ




**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਜੱਸ ਟੀ.ਵੀ. ਤੇ 13 ਸਾਲ ਮੁੱਦਾ ਤੇ ਕੰਮ ਕਰਨ ਵਾਲੇ ਬਾਜ ਟੀ.ਵੀ. ਤੇ ਰਾਈਟਰ ਵੀਕਲੀ ਦੇ ਮੁੱਖ ਸੰਪਾਦਕ ਹਰਵਿੰਦਰ ਰਿਆੜ ਦੀ ਅਚਨਚੇਤ ਮੌਤ ਤੇ ਦੇਸ਼ ਵਿਦੇਸ਼ ਦੇ ਸਾਹਿਤ ਪ੍ਰੇਮੀਆਂ, ਦੋਸਤਾਂ-ਮਿੱਤਰਾਂ ਅਤੇ ਸਨੇਹੀਆਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ। ਹਰਵਿੰਦਰ ਰਿਆੜ ਬਹੁਤ ਮਿਲਾਪੜਾ, ਚੰਗਾ ਦੋਸਤ, ਸਟੇਜ ਸੰਚਾਲਨ ਦਾ ਬਾਦਸ਼ਾਹ ਅਤੇ ਨਾਮਵਰ ਪੱਤਰਕਾਰ ਸੀ, ਜਿਸ ਦੇ ਤੁਰ ਜਾਣ ਨਾਲ ਹਰੇਕ ਨੇ ਦੁੱਖ ਮਹਿਸੂਸ ਕੀਤਾ। ਸੋਸ਼ਲ ਮੀਡੀਆ ਰਾਹੀਂ ਹਰੇਕ ਨੇ ਆਪਣੇ ਆਪਣੇ ਪਿਆਰ, ਮੁਹੱਬਤ ਅਤੇ ਬਿਤਾਏ ਸਮੇਂ ਦਾ ਜ਼ਿਕਰ ਕਰਕੇ ਵਿਛੋੜੇ ਤੇ ਉਨਾਂ ਦੀ ਘਾਟ ਪ੍ਰਗਟ ਕੀਤੀ।

ਸਿਆਟਲ ਦੇ ਪੰਜਾਬੀ ਭਾਈਚਾਰੇ, ਬੁੱਧੀਜੀਵੀਆਂ, ਲਿਖਾਰੀਆਂ, ਖੇਡ ਸੰਸਥਾਵਾਂ ਦੇ ਮੈਂਬਰਾਂ ਨੇ ਪਰਿਵਾਰ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਸਦਾ ਲਈ ਵਿਛੜ ਗਏ ਰਿਆੜ ਦੀ ਘਾਟ ਮਹਿਸੂਸ ਕੀਤੀ। ਹਰਵਿੰਦਰ ਰਿਆੜ ਦੀ ਭੈਣ ਸਿਮਰਨ ਕੌਰ ਤੇ ਜੀਜਾ ਮਨਿੰਦਰ ਸਿੰਘ ਸਿਆਟਲ ਰਹਿਣ ਕਰਕੇ ਵਿਸ਼ੇਸ਼ ਰਿਸ਼ਤਾ ਸਮਝਦੇ ਸਨ। ਗੁਰਦੁਆਰਾ ਮੈਰਿਸਵੈਲ ਦੇ ਪ੍ਰਧਾਨ ਬਲਬੀਰ ਸਿੰਘ ਉਸਮਾਨਪੁਰ, ਸਕੱਤਰ ਗੁਰਬਿੰਦਰ ਸਿੰਘ ਰਿੰਪੀ ਧਾਲੀਵਾਲ, ਬੋਥਲ ਗੁਰਦੁਆਰਾ ਦੇ ਪ੍ਰਧਾਨ ਸ. ਗੁਰਮੇਲ ਸਿੰਘ ਗਿੱਲ, ਸੋਚ ਸੰਸਥਾ ਦੇ ਬਲਵੰਤ ਸਿੰਘ ਔਲਖ ਤੇ ਸੁਖਚੈਨ ਸਿੰਘ ਸੰਧੂ, ਗੁਰਦੁਆਰਾ ਸੱਚਾ ਮਾਰਗ ਵਲੋਂ ਹਰਸ਼ਿੰਦਰ ਸਿੰਘ ਸੰਧੂ, ਰਾਜਬੀਰ ਸਿੰਘ ਸੰਧੂ, ਸੇਮ ਵਿਰਕ, ਕੁਲਵੰਤ ਸ਼ਾਹ, ਉਂਕਾਰ ਭੰਡਾਲ, ਗੁਰਦੁਆਰਾ ਕੈਂਟ ਦੇ ਮੁੱਖ ਸੇਵਾਦਾਰ ਹਰਪਾਲ ਸਿੰਘ ਸਪਰਾ, ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਮੁੱਖ ਸੇਵਾਦਾਰ ਰਾਮ ਸਿੰਘ, ਧਰਮ ਸਿੰਘ ਮੈਰੀਪੁਰ ਅਤੇ ਸਾਰੇ ਗੁਰਦੁਆਰਿਆਂ ਦੀ ਸੰਗਤ ਵਲੋਂ ਹਰਵਿੰਦਰ ਰਿਆੜ ਦੀ ਬੇਵਕਤੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਜਿਨਾਂ ਦਾ ਸਸਕਾਰ 3 ਅਪ੍ਰੈਲ ਨੂੰ 10 ਤੋਂ 12 ਵਜੇ ਅਤੇ ਅੰਤਿਮ ਅਰਦਾਸ ਨਿਊਜਰਸੀ ਵਿਚ ਹੋਵੇਗੀ।

# ਅਮਰੀਕਾ ਤੋਂ ਸਿੱਖ ਪੈਕ ਦੇ ਚੇਅਰਮੈਨ ਅਤੇ ਰੋਜ਼ਾ ਪਾਰਕਸ ਟ੍ਰੇਲਬਲੇਜ਼ਰ ਦੇ ਐਵਾਰਡੀ ਉੱਘੇ ਸਿੱਖ ਆਗੂ ਗੁਰਿੰਦਰ ਸਿੰਘ ਖਾਲਸਾ ਕਿਸਾਨਾਂ ਦੇ ਹੱਕ 'ਚ ਸਿੰਘੂ ਬਾਰਡਰ 'ਤੇ ਪੁੱਜੇ

**ਵਾਸ਼ਿੰਗਟਨ (ਰਾਜ ਗੋਗਨਾ):** ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਭਾਰਤੀ ਕਿਸਾਨਾਂ ਨੂੰ ਜਿੱਥੇ ਦੇਸ਼ ਭਰ ਦੇ ਲੋਕਾਂ ਦਾ ਪੂਰਾ ਸਮਰਥਨ ਮਿਲ ਰਿਹਾ ਹੈ ਉੱਥੇ ਅਮਰੀਕਾ ਦੀ ਧਰਤੀ ਤੋਂ ਕਿਸਾਨਾਂ ਨੂੰ ਪੂਰਨ ਸਮਰਥਨ ਮਿਲਣਾ ਸ਼ੁਰੂ ਹੋ ਗਿਆ ਹੈ। ਇਸ ਨੂੰ ਸਮਰਥਨ ਦੇਣ ਲਈ ਰੋਜ਼ਾ ਪਾਰਕਸ ਟ੍ਰੇਲਬਲੇਜ਼ਰ ਐਵਾਰਡੀ ਗੁਰਿੰਦਰ ਸਿੰਘ ਖਾਲਸਾ ਜੋ ਇੰਡੀਆਨਾ ਰਾਜ ਦੇ ਫਿਸ਼ਰ (ਅਮਰੀਕਾ) 'ਚ ਰਹਿੰਦੇ ਹਨ ਨੇ ਬੀਤੇ ਦਿਨੀਂ ਦਿੱਲੀ ਦੀ ਸਿੰਘੂ ਸਰਹੱਦ ਦਾ ਦੌਰਾ ਕੀਤਾ ਅਤੇ ਕਿਸਾਨ ਆਗੂਆਂ ਨੂੰ ਮਿਲੇ ਅਤੇ ਉਨਾਂ ਇਕੱਠ ਨੂੰ ਵੀ ਸੰਬੋਧਨ ਕੀਤਾ। ਗੁਰਿੰਦਰ ਸਿੰਘ ਖਾਲਸਾ ਜੋ ਸਿੱਖ ਪੋਲੀਟੀਕਲ ਐਕਸ਼ਨ ਕਮੇਟੀ (ਸਿੱਖਸ ਪੀਏਸੀ) ਅਮਰੀਕਾ ਦੇ ਚੇਅਰਮੈਨ ਵੀ ਹਨ ਨੇ ਕੇਂਦਰ ਸਰਕਾਰ ਦੇ ਤਿੰਨ ਵਿਵਾਦਤ





ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਅੰਦੋਲਨ ਦੀ ਪੂਰੀ ਹਮਾਇਤ ਕੀਤੀ। ਗੁਰਿੰਦਰ ਸਿੰਘ ਨੇ ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ ਨੂੰ ਵੀ ਪੱਤਰ ਲਿਖ ਕੇ ਸਿੰਘੂ ਸਰਹੱਦ 'ਤੇ ਆਪਣੇ ਵਿਚਾਰ ਸਾਂਝੇ ਕਰਨ ਅਤੇ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਸੀ। ਉੱਘੇ ਸਿੱਖ ਆਗੂ ਗੁਰਿੰਦਰ ਸਿੰਘ ਖਾਲਸਾ ਨੇ ਕਿਹਾ ਮੈਂ ਗੁਰਿੰਦਰ ਸਿੰਘ ਖਾਲਸਾ, ਚੇਅਰਮੈਨ ਸਿੱਖ ਪੀ.ਏ.ਸੀ, ਇੱਕ ਵਿਅਕਤੀਗਤ ਪੱਧਰ 'ਤੇ ਕਿਸਾਨ ਏਕਤਾ ਮੋਰਚੇ ਦੀ ਪੂਰੀ ਹਮਾਇਤ ਅਤੇ ਸਮਰਥਨ ਕਰਦਾ ਹਾਂ।

# ਅਮਰੀਕਾ ਵਿਚ ਦੋ ਹਫਤਿਆਂ ਦੌਰਾਨ ਗੋਲੀਬਾਰੀ ਦੀਆਂ 20 ਘਟਨਾਵਾਂ ਵਾਪਰੀਆਂ

## ਏਸ਼ੀਅਨ ਲੋਕਾਂ ਵਿਚ ਡਰ ਤੇ ਸਹਿਮ ਦਾ ਮਾਹੌਲ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਅਮਰੀਕਾ ਦੇ ਐਟਲਾਂਟਾ ਖੇਤਰ ਵਿਚ 16 ਮਾਰਚ ਨੂੰ ਏਸ਼ੀਅਨ ਮਸਾਜ਼ ਕੇਂਦਰਾਂ ਉਪਰ ਹੋਏ ਹਮਲਿਆਂ ਤੋਂ ਬਾਅਦ ਦੋ ਹਫਤਿਆਂ ਦੇ ਅੰਦਰ ਗੋਲੀਬਾਰੀ ਦੀਆਂ ਘੱਟੋ ਘੱਟ 20 ਘਟਨਾਵਾਂ ਵਾਪਰੀਆਂ ਹਨ। ਇਹ ਘਟਨਾਵਾਂ ਕੈਲੀਫੋਰਨੀਆ ਤੋਂ ਲੈ ਕੇ ਵਾਸ਼ਿੰਗਟਨ ਡੀ ਸੀ ਤੱਕ ਵਾਪਰੀਆਂ ਹਨ। ਵਿਸ਼ਲੇਸ਼ਣਕਾਰਾਂ ਅਨੁਸਾਰ ਜਦੋਂ ਵੀ ਅਮਰੀਕਾ ਵਿਚ ਹਾਲਾਤ ਆਮ ਵਾਂਗ ਹੋਣ ਲੱਗਦੇ ਹਨ ਤਾਂ ਸਮਝੋ ਗੋਲੀਬਾਰੀ ਦੀ ਕੋਈ ਘਟਨਾ ਵਾਪਰਨ ਵਾਲੀ ਹੈ। ਐਟਲਾਂਟਾ ਵਿਚ ਸਮੂਹਿਕ ਹੱਤਿਆਵਾਂ ਤੋਂ ਬਾਅਦ ਇਕ ਹਫਤੇ ਦੇ ਅੰਦਰ ਬੋਲਡਰ ਤੇ ਕੋਲੋਰਾਡੋ ਦੇ ਗਰੌਸਰੀ ਸਟੋਰਾਂ ਵਿਚ ਗੋਲੀਬਾਰੀ ਦੀਆਂ 7 ਘਟਨਾਵਾਂ ਵਾਪਰੀਆਂ ਹਨ। ਇਸ ਤੋਂ ਅਗਲੇ ਹਫਤੇ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਦੀ ਗਿਣਤੀ ਵਧ ਕੇ ਦੁੱਗਣੀ ਹੋ ਗਈ। ਔਰੇਂਜ, ਕੈਲੀਫੋਰਨੀਆ ਵਿਚ 31 ਮਾਰਚ ਨੂੰ ਹੋਈ ਗੋਲੀਬਾਰੀ ਵਿਚ




ਇਕ ਬੱਚੇ ਸਮੇਤ 4 ਵਿਅਕਤੀ ਮਾਰੇ ਗਏ। ਇਸੇ ਹੀ ਦਿਨ ਵਾਸ਼ਿੰਗਟਨ ਡੀ ਸੀ ਵਿਚ ਇਕ ਝਗੜੇ ਉਪਰੰਤ ਚੱਲੀਆਂ ਗੋਲੀਆਂ ਨਾਲ 2 ਵਿਅਕਤੀ ਮਾਰੇ ਗਏ ਤੇ 3 ਹੋਰ ਜ਼ਖਮੀ ਹੋ ਗਏ। ਇਸ ਤੋਂ ਪਹਿਲਾਂ 28 ਮਾਰਚ ਨੂੰ ਕਲੀਵਲੈਂਡ ਨਾਇਟ ਕਲੱਬ ਵਿਚ 7 ਲੋਕਾਂ ਨੂੰ ਗੋਲੀਆਂ ਮਾਰਨ ਦੀ ਘਟਨਾ ਵਾਪਰੀ ਸੀ। 28 ਮਾਰਚ ਨੂੰ ਹੀ ਸ਼ਿਕਾਗੋ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਜ਼ਖਮੀ ਹੋਏ 4 ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ ਹਸਤਪਤਾਲ ਲਿਜਾਇਆ ਗਿਆ ਸੀ। 27 ਮਾਰਚ ਨੂੰ ਸ਼ਿਕਾਗੋ ਦੇ ਦੱਖਣੀ ਆਸਟਿਨ ਵਿਚ 4 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਬਾਈਡਨ ਪ੍ਰਸ਼ਾਸਨ ਵੱਲੋਂ ਗੋਲੀਬਾਰੀ ਦੀਆਂ ਘਟਨਾਵਾਂ ਰੋਕਣ ਲਈ ਵਿਸ਼ਵਾਸ਼ ਦਿਵਾਉਣ ਦੇ ਬਾਵਜੂਦ ਅਜੇ ਤੱਕ ਅਮਲ ਵਿਚ ਕੋਈ ਵੀ ਕਾਰਗਰ ਕਦਮ ਨਹੀਂ ਚੁੱਕਿਆ ਗਿਆ। ਪਤਾ ਨਹੀਂ ਕਦੋਂ ਕਿਥੇ ਗੋਲੀ ਚੱਲ ਜਾਵੇ, ਇਹ ਡਰ ਹਰ ਵੇਲੇ ਬਣਿਆ ਰਹਿੰਦਾ ਹੈ। ਬਾਈਡਨ ਪ੍ਰਸ਼ਾਸਨ ਹਥਿਆਰਾਂ ਦੀ ਖਰੀਦ ਸਬੰਧੀ ਨਿਯਮਾਂ ਵਿਚ ਸਖਤੀ ਵਰਤਣਾ ਚਹੁੰਦਾ ਹੈ ਤੇ ਹਥਿਆਰ ਵੇਚਣ ਤੋਂ ਪਹਿਲਾਂ ਸਬੰਧਤ ਵਿਅਕਤੀ ਦੇ ਪਿਛੋਕੜ ਬਾਰੇ ਚੰਗੀ ਤਰਾਂ ਛਾਣਬੀਣ ਕਰਨ ਦੀ ਗੱਲ ਕਹਿ ਰਿਹਾ ਹੈ। ਗੋਲੀਬਾਰੀ ਦੀਆਂ ਘਟਨਾਵਾਂ ਤੋਂ ਖਾਸ ਕਰਕੇ ਏਸ਼ੀਅਨ ਲੋਕ ਭੈ-ਭੀਤ ਹਨ ਕਿਉਂਕਿ ਬੀਤੇ ਵਿਚ ਉਨਾਂ ਨੂੰ ਵਿਸ਼ੇਸ਼ ਰੂਪ ਵਿਚ ਨਿਸ਼ਾਨਾ ਬਣਾਇਆ ਗਿਆ ਹੈ।

## ਪ੍ਰਵਾਸੀ ਭਾਰਤੀ ਨਾਗਰਿਕਾਂ ਨੂੰ ਹੁਣ ਯਾਤਰਾ ਦੌਰਾਨ ਨਾਲ ਨਹੀਂ ਰੱਖਣਾ ਪਏਗਾ ਪੁਰਾਣਾ ਪਾਸਪੋਰਟ

**ਵਾਸ਼ਿੰਗਟਨ/ਏ.ਟੀ.ਨਿਊਜ਼:** ਭਾਰਤ ਦੇ ਵਿਦੇਸ਼ੀ ਨਾਗਰਿਕ (ਓ.ਸੀ.ਆਈ.) ਦਾ ਕਾਰਡ ਰੱਖਣ ਵਾਲੇ ਭਾਰਤੀ ਮੂਲ ਜਾਂ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਹੁਣ ਭਾਰਤ ਜਾਣ ਲਈ ਆਪਣੇ ਪੁਰਾਣੇ ਪਾਸਪੋਰਟ ਨਾਲ ਰੱਖਣ ਦੀ ਜ਼ਰੂਰਤ ਨਹੀਂ ਹੈ। ਭਾਰਤੀ ਦੂਤਾਵਾਸ ਨੇ ਕੇਂਦਰ ਸਰਕਾਰ ਵੱਲੋਂ ਇਸ ਸਬੰਧ ਵਿਚ ਜਾਰੀ ਸੂਚਨਾ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਓ.ਸੀ.ਆਈ. ਕਾਰਡ ਨਾਲ ਪੁਰਾਣੇ ਪਾਸਪੋਰਟ ਰੱਖਣ ਦੀ ਜ਼ਰੂਰਤ ਸਮਾਪਤ ਕਰ ਦਿੱਤੀ ਗਈ ਹੈ। ਇਸ ਘੋਸ਼ਣਾ ਨੇ ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਦੀ ਇਕ ਵੱਡੀ ਚਿੰਤਾ ਨੂੰ ਦੂਰ ਕਰ ਦਿੱਤਾ ਹੈ। ਦੂਤਾਵਾਸ ਨੇ ਕਿਹਾ, 'ਹੁਣ ਤੋਂ ਪੁਰਾਣੀ ਪਾਸਪੋਰਟ ਸੰਖਿਆ ਵਾਲੇ ਮੌਜੂਦਾ ਓ.ਸੀ.ਆਈ. ਕਾਰਡ ਦੇ ਸਹਾਰੇ ਯਾਤਰਾ ਕਰਨ ਵਾਲੇ ਓ.ਸੀ.ਆਈ. ਕਾਰਡ ਧਾਰਕ ਨੂੰ ਪੁਰਾਣਾ ਪਾਸਪੋਰਟ ਨਾਲ ਰੱਖਣ ਦੀ ਜ਼ਰੂਰਤ ਨਹੀਂ ਹੈ ਪਰ ਨਵਾਂ (ਮੌਜੂਦਾ) ਪਾਸਪੋਰਟ ਨਾਲ ਰੱਖਣਾ ਜ਼ਰੂਰੀ ਹੋਵੇਗਾ।' ਦੂਤਾਵਾਸ ਨੇ ਦੱਸਿਆ ਕਿ ਭਾਰਤ ਸਰਕਾਰ ਨੇ 20 ਸਾਲ ਤੋਂ ਘੱਟ ਅਤੇ 50 ਸਾਲ ਤੋਂ ਜ਼ਿਆਦਾ ਦੀ ਉਮਰ ਵਾਲੇ ਕਾਰਡਧਾਰਕਾਂ ਲਈ ਓ.ਸੀ.ਆਈ. ਕਾਰਡ ਦੁਬਾਰਾ ਜਾਰੀ ਕਰਨ ਦੀ ਮਿਆਦ ਹੋਰ ਵਧਾ ਕੇ 21 ਦਸੰਬਰ 2021 ਕਰਨ ਦਾ ਫ਼ੈਸਲਾ ਕੀਤਾ ਹੈ।ਸਾਲ 2005 ਤੋਂ ਲਾਗੂ ਓ.ਸੀ.ਆਈ. ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ 20 ਸਾਲ ਤੋਂ ਘੱਟ ਅਤੇ 50 ਸਾਲ ਤੋਂ ਜ਼ਿਆਦਾ ਉਮਰ ਦੇ ਕਾਰਡਧਾਰਕਾਂ ਨੂੰ ਹਰ ਵਾਰ ਨਵਾਂ ਪਾਸਪੋਰਟ ਬਨਵਾਉਣ 'ਤੇ ਆਪਣਾ ਕਾਰਡ ਦੁਬਾਰਾ ਜਾਰੀ ਕਰਾਉਣਾ ਹੁੰਦਾ ਹੈ। ਭਾਰਤ ਸਰਕਾਰ ਨੇ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਇਸ ਮਿਆਦ ਕਈ ਵਾਰ ਵਧਾਈ ਹੈ ਪਰ ਓ.ਸੀ.ਆਈ. ਕਾਰਡਧਾਰਕਾਂ ਲਈ ਯਾਤਰਾ ਦੌਰਾਨ ਪੁਰਾਣੇ ਪਾਸਪੋਰਟ ਨੂੰ ਨਾਲ ਰੱਖਣ ਦੀ ਜ਼ਰੂਰਤ ਵਿਚ ਛੋਟ ਪਹਿਲੀ ਵਾਰ ਦਿੱਤੀ ਗਈ ਹੈ।

## ਕੋਰੋਨਾ ਖ਼ਿਲਾਫ਼ 19 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਜੰਗ

### ਬਾਈਡਨ ਨੇ ਕੀਤਾ ਵੱਡਾ ਐਲਾਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਘੋਸ਼ਣਾ ਕੀਤੀ ਹੈ ਕਿ ਅਮਰੀਕਾ ਵਿਚ 19 ਅਪ੍ਰੈਲ ਤੋਂ 90 ਫ਼ੀਸਦੀ ਬਾਲਗ ਕੋਵਿਡ-19 ਟੀਕਾਕਰਨ ਲਈ ਯੋਗ ਹੋਣਗੇ ਅਤੇ ਬਾਕੀ 10 ਫ਼ੀਸਦੀ 1 ਮਈ ਤੱਕ ਇਸ ਦੇ ਯੋਗ ਹੋਣਗੇ। ਜ਼ਿਕਰਯੋਗ ਹੈ ਕਿ ਬਾਈਡਨ ਪ੍ਰਸ਼ਾਸਨ ਵਿਚ ਟੀਕਾਕਰਨ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਪ੍ਰਸ਼ਾਸਨ ਵਿਚ ਟੀਕੇ ਦੀਆਂ 10 ਕਰੋੜ ਖ਼ੁਰਾਕਾਂ 60 ਦਿਨ ਤੋਂ ਵੀ ਘੱਟ ਸਮੇਂ ਵਿਚ ਦਿੱਤੀਆਂ ਗਈਆਂ ਅਤੇ ਹੁਣ ਉਹ ਸਿਰਫ 40 ਦਿਨ ਵਿਚ ਹੋਰ 10 ਕਰੋੜ ਖ਼ੁਰਾਕਾਂ ਦੇਣ ਦੀ ਰਾਹ 'ਤੇ ਹੈ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਤਿੰਨ ਹਫ਼ਤੇ ਬਾਅਦ 19 ਅਪ੍ਰੈਲ ਤੱਕ ਅਮਰੀਕਾ ਵਿਚ 90 ਫ਼ੀਸਦੀ ਬਾਲਗ ਟੀਕਾਕਰਨ ਲਈ ਯੋਗ ਹੋਣਗੇ ਕਿਉਂਕਿ ਸਾਡੇ ਕੋਲ ਟੀਕੇ ਹਨ।' ਉਨਾਂ ਨੇ ਕਿਹਾ , 'ਜ਼ਿਆਦਾਤਰ ਬਾਲਗਾਂ ਨੂੰ 1 ਮਈ ਤੱਕ ਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਤੁਸੀਂ 19 ਅਪ੍ਰੈਲ ਤੋਂ ਹੀ ਟੀਕਾਕਰਨ ਲਈ ਯੋਗ ਹੋਵੋਗੇ। ਆਖਰੀ ਪੜਾਅ ਵਿਚ ਬਚੇ 10 ਫ਼ੀਸਦੀ ਬਾਲਗ ਵੀ 1 ਮਈ ਤੱਕ ਟੀਕਾਕਰਨ ਦੇ ਯੋਗ ਹੋਣਗੇ।' ਬਾਈਡਨ ਨੇ ਕਿਹਾ, 'ਸਾਡੀਆਂ ਕੋਸ਼ਿਸ਼ਾਂ ਕਾਰਨ ਅਮਰੀਕੀਆਂ ਨੂੰ 19 ਅਪ੍ਰੈਲ ਤੋਂ ਆਪਣੇ ਘਰ ਦੇ ਪੰਜ ਮੀਲ ਦੇ ਦਾਇਰੇ ਵਿਚ ਹੀ ਟੀਕਾਕਰਨ ਦੀ ਸਹੂਲਤ ਮਿਲੇਗੀ।

## ਫਾਈਜ਼ਰ ਦਾ ਟੀਕਾ ਘੱਟੋ ਘੱਟ 6 ਮਹੀਨੇ ਤੱਕ ਕੋਵਿਡ ਵਾਇਰਸ ਤੋਂ ਕਰਦਾ ਹੈ ਬਚਾਅ

**ਸੈਕਰਾਮੈਂਟੋ (ਹਸਨ ਲੜੋਆ ਬੰਗਾ):** ਫਾਈਜ਼ਰ-ਬਾਇਓਟੈਕ ਕੰਪਨੀ ਨੇ ਆਪਣੀ ਇਕ ਤਾਜ਼ਾ ਖੋਜ ਵਿਚ ਕਿਹਾ ਹੈ ਕਿ ਉਸ ਦਾ ਟੀਕਾ ਕੋਵਿਡ-19 ਵਿਰੁੱਧ 90% ਪ੍ਰਭਾਵਸ਼ਾਲੀ ਹੈ ਤੇ ਇਹ ਘੱਟੋ ਘੱਟ 6 ਮਹੀਨੇ ਕੋਰੋਨਾ ਤੋਂ ਬਚਾਅ ਕਰਨ ਦੇ ਸਮਰੱਥ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਦਾ ਇਹ ਸਿੱਟਾ 46000 ਵਿਅਕਤੀਆਂ ਉਪਰ ਕੀਤੀ ਗਈ ਕਲੀਨੀਕਲ ਪਰਖ ਉਪਰੰਤ ਸਾਹਮਣੇ ਆਇਆ ਹੈ। ਕੰਪਨੀ ਵੱਲੋਂ ਜਾਰੀ ਪ੍ਰੈਸ ਰਲੀਜ਼ ਵਿਚ ਕਿਹਾ ਗਿਆ ਹੈ ਕਿ ਨਵੀਆਂ ਲੱਭਤਾਂ ਅਨੁਸਾਰ 12000 ਵਾਲੰਟੀਅਰਾਂ ਜਿਨਾਂ ਦੇ ਦੂਸਰਾ ਟੀਕਾ ਲਾਏ ਨੂੰ ੬ ਮਹੀਨੇ ਹੋ ਗਏ ਹਨ, ਦੀ ਸੁਰੱਖਿਆ ਨੂੰ ਲੈ ਕੇ ਕਿਸੇ ਕਿਸਮ ਦੀ ਗੰਭੀਰ ਸਮੱਸਿਆ ਸਾਹਮਣੇ ਨਹੀਂ ਆਈ। ਹਾਲਾਂਕਿ ਕਈਆਂ ਵਿਚ ਥੋਹੜੇ ਸਮੇਂ ਲਈ ਥਕਾਨ ਜਾਂ ਦਰਦ ਵਰਗੇ ਲੱਛਣ ਜਰੂਰ ਵੇਖਣ ਨੂੰ ਮਿਲੇ। ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਦਾ ਟੀਕਾ ਦੱਖਣੀ ਅਫਰੀਕੀ ਵਾਇਰਸ ਜਿਸ ਨੂੰ ਬੀ.1.351 ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਰੁੱਧ ਵੀ ਕਾਰਗਰ ਹੈ।

## ਪੰਜਾਬੀ ਗੱਭਰੂ ਨੇ ਨਿਊਜ਼ੀਲੈਂਡ ਦੀ ਪੁਲਿਸ 'ਚ ਭਰਤੀ ਹੋ ਕੇ ਇਲਾਕੇ ਦਾ ਨਾਂ ਕੀਤਾ ਰੌਸ਼ਨ

**ਬਰਨਾਲਾ/ਏ.ਟੀ.ਨਿਊਜ਼** ਬਰਨਾਲਾ ਦੇ ਨੌਜਵਾਨ ਜਸਵਿੰਦਰ ਸਿੰਘ ਧਾਲੀਵਾਲ ਨੇ ਵੀ ਵਿਦੇਸ਼ ਵਿਚ ਪੜਾਈ ਕਰਕੇ ਉਥੋਂ ਦੀ ਪੁਲਿਸ ਵਿਚ ਭਰਤੀ ਹੋ ਕੇ ਸੂਬੇ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸਬੰਧੀ ਨੌਜਵਾਨ ਜਸਵਿੰਦਰ ਸਿੰਘ ਧਾਲੀਵਾਲ ਦੇ ਪਿਤਾ ਪਰਮਾਤਮਾ ਸਿੰਘ, ਭਰਾ ਰਜਿੰਦਰ ਸਿੰਘ ਤੇ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਜਸਵਿੰਦਰ ਸਿੰਘ ਨੇ ਆਪਣੀ 10ਵੀਂ ਕਲਾਸ ਤੱਕ ਦੀ ਪੜਾਈ ਸਰਬਹਿੱਤਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਤੋਂ ਕੀਤੀ ਤੇ 12ਵੀਂ ਦੀ ਪੜਾਈ ਐੱਸਡੀ ਕਾਲਜ ਤੋਂ ਕੀਤੀ। ਆਈਲੈਟਸ ਕਰਨ ਤੋਂ ਬਾਅਦ ਜਸਵਿੰਦਰ ਸਿੰਘ ਨਿਊਜੀਲੈਂਡ ਚਲਾ ਰਿਹਾ ਜਿੱਥੇ ਉਸ ਨੇ 6 ਸਾਲ ਤੱਕ ਆਪਣੀ ਪੜਾਈ ਜਾਰੀ ਰੱਖੀ।

ਉਨਾਂ ਦੱਸਿਆ ਕਿ ਜਸਵਿੰਦਰ ਸਿੰਘ ਦੀ ਮਿਹਨਤ ਸਦਕਾ ਉਸ ਨੂੰ ਨਿਊਜੀਲੈਂਡ ਵਿਖੇ ਪੁਲਿਸ ਵਿਚ ਨੌਕਰੀ ਮਿਲ ਗਈ। ਜ਼ਿਕਰਯੋਗ ਹੈ ਕਿ ਜਸਵਿੰਦਰ ਸਿੰਘ ਧਾਲੀਵਾਲ ਦੇ ਪਿਤਾ ਪਰਮਾਤਮਾ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ ਤੇ ਉਨਾਂ ਦੀ ਮਾਤਾ ਘਰੇਲੂ ਔਰਤ ਹੈ। ਜਿਨਾਂ ਨੇ ਆਪਣੀ ਮਿਹਨਤ ਨਾਲ ਆਪਣੇ ਲੜਕੇ ਨੂੰ ਪੜਾਈ ਕਰਵਾ ਵਿਦੇਸ਼ ਤੋਰਿਆ। ਜਿਸ ਸਕਦਾ ਅੱਜ ਜਸਵਿੰਦਰ ਸਿੰਘ ਧਾਲੀਵਾਲ ਨਿਊਜੀਲੈਂਡ ਪੁਲਿਸ ਵਿਚ ਭਰਤੀ ਹੋਇਆ।

## ਮਹਾਨ ਸ਼ਾਇਰ ਪ੍ਰੋ. ਕੁਲਵੰਤ ਸਿੰਘ ਗਰੇਵਾਲ ਨਹੀਂ ਰਹੇ

'ਤੇਰਾ ਅੰਬਰਾਂ 'ਤੇ ਨਾਂ ਲਿਖਿਆ' ਦੇ ਕਰਤਾ ਪੰਜਾਬੀ ਦੇ ਨਾਮਵਰ ਸ਼ਾਇਰ ਪ੍ਰੋਫੈਸਰ ਕੁਲਵੰਤ ਗਰੇਵਾਲ ਦਾ ਬੀਤੇ ਕੱਲ ਦਿਹਾਂਤ ਹੋ ਗਿਆ। ਪੰਜਾਬ ਦੇ ਦਰਿਆਵਾਂ ਅਤੇ ਹਵਾਵਾਂ ਦੀ ਗੱਲ ਕਰਨ ਵਾਲੇ ਪ੍ਰੋ. ਕੁਲਵੰਤ ਗਰੇਵਾਲ ਇੱਕ ਅਜਿਹੀ ਸ਼ਖ਼ਸੀਅਤ ਸਨ ਜਿਨਾਂ ਦੇ ਪ੍ਰਭਾਵ ਹੇਠ ਆ ਕੇ ਹਰ ਇਨਸਾਨ ਚਾਹੇ ਉਹ ਵਿਦਿਆਰਥੀ ਹੀ ਹੋਵੇ ਉਨਾਂ ਦੇ ਸ਼ਬਦਾਂ ਵਿੱਚ ਟੁੰਬਿਆ ਜਾਂਦਾ ਸੀ। 2021 ਸਾਲ ਪੰਜਾਬੀ ਕਲਾ ਅਤੇ ਸਾਹਿਤ ਵਾਸਤੇ ਬਹੁਤ ਮੰਦਭਾਗਾ ਰਿਹਾ ਅਤੇ ਪ੍ਰੋ. ਕੁਲਵੰਤ ਸਿੰਘ ਗਰੇਵਾਲ਼ ਦਾ ਵਿਛੋੜਾ ਇੱਕ ਨਵੀਂ ਪੀੜ ਦੇ ਗਿਆ ਹੈ। ਪੰਜਾਬੀ ਭਾਸ਼ਾ ਦੇ ਸਿਰਮੌਰ ਸ਼ਾਇਰ ਸ. ਕੁਲਵੰਤ ਸਿੰਘ ਗਰੇਵਾਲ ਦੇ ਤੁਰ ਜਾਣ ਨਾਲ ਪੰਜਾਬੀ ਜਗਤ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

**ਪਾਣੀ ਓਏ ਝਨਾਬ ਦਿਆ**
**ਤੈਨੂੰ ਅਸੀਂ ਤਰਸਾਂਗੇ,**
**ਰਾਖਿਆ ਓਏ ਪੰਜਾਬ ਦਿਆ।**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸੰਯੁਕਤ ਰਾਸ਼ਟਰ ਸੰਘ ਵੱਲੋਂ ਮਨੁੱਖੀ ਬਰਾਬਰਤਾ ਬਾਰੇ ਬਣੀ ਨਵੀਂ ਵੀਡੀਉ ਵਿਚ ਗੁਰਬਾਣੀ ਦੇ ਸ਼ਬਦ ਨੂੰ ਕੀਤਾ ਸ਼ਾਮਲ

ਸਵਿਟਜ਼ਰਲੈਂਡ-ਜਨੇਵਾ (ਬਲਵਿੰਦਰਪਾਲ ਸਿੰਘ ਖਾਲਸਾ) ਸੰਸਾਰ ਦੀ ਸਭ ਤੋਂ ਵੱਡੀ ਪ੍ਰਤੀਨਿਧ ਸੰਸਥਾ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਸੰਗਠਨ ਦੇ ਫੇਥ ਫਾਰ ਰਾਈਟਸ ਹਾਈ ਕਮਿਸ਼ਨ ਨੇ ਆਪਣੇ ਚੌਥੇ ਸਲਾਨਾ ਸਮਾਗਮ ਦੌਰਾਨ ਮਨੁੱਖੀ ਬਰਾਬਰੀ/ਔਰਤ-ਮਰਦ ਸਮਾਨਤਾ ਉਤੇ ਬਣਾਈ ਤੇ ਜਾਰੀ ਕੀਤੀ ਗਈ ਵੀਡੀਉ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਸ ਸ਼ਬਦ ਨੂੰ ਸ਼ਾਮਲ ਕੀਤਾ ਹੈ : 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣਿ ਵਿਆਹੁ....ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਗੁਰਬਾਣੀ ਦੇ ਇਲਾਹੀ ਸ਼ਬਦ ਨੂੰ ਸ਼ਾਮਲ ਕਰਨ ਵਿਚ ਸੰਯੁਕਤ ਰਾਸ਼ਟਰ ਸੰਘ ਦੀ ਮਨੁੱਖੀ ਅਧਿਕਾਰ ਸੰਸਥਾ ਦੇ ਮੈਂਬਰ ਤੇ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਤੇ ਵੱਡੇ ਵਿਦਵਾਨ ਡਾਕਟਰ ਇਕਤਦਾਰ ਚੀਮਾ ਨੇ ਸ਼ਾਮਲ ਵੀ ਕਰਵਾਇਆ ਤੇ ਵੀਡੀਉ ਵਿਚ ਆਪ ਗਾਇਆ। ਇਹ ਵੀਡੀਉ 30 ਮਾਰਚ, 2021 ਨੂੰ ਜਨੇਵਾ ਦੇ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰਾਂ ਦੇ ਸੰਸਾਰ ਦਫਤਰ ਵਿਚ ਜਾਰੀ ਕੀਤੀ ਗਈ। ਇਸ ਸੰਸਾਰ ਕਾਨਫਰੰਸ ਵਿਚ ਯੂ.ਐਨ.ਹਾਈ ਕਮਿਸ਼ਨ ਆਨ ਹਿਊਮਨ ਰਾਈਟਸ ਵਿਚ ਮਿਸ਼ੈਲ ਬੈਚੀਲੈਟ ਨੂੰ ਸੁਣਿਆ ਗਿਆ, ਜੋ ਯੂ.ਐਨ. ਹਾਈ ਕਮਿਸ਼ਨ ਫਾਰ ਹਿਊਮਨ ਰਾਈਟਸ ਹਨ। ਬੀਬੀ ਮਿਸ਼ੈਲ ਬੈਚੀਲੈਟ (Michelle Bachelet) ਚਿੱਲੀ ਦੇਸ਼ ਦੇ ਦੋ ਵਾਰ ਰਾਸ਼ਟਰਪਤੀ ਰਹਿ ਚੁੱਕੇ ਹਨ ਮਿਸ਼ੈਲ ਬੈਚੀਲੈਟ **United Nations Entity for Gender Equality and the Empowerment of Women** ਦੇ ਵੀ ਡਾਇਰੈਕਟਰ ਚੁਣੇ ਗਏ ਸਨ।

ਇਸ ਕਾਨਫਰੰਸ ਵਿਚ ਸੰਸਾਰ ਭਰ ਦੀਆਂ ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ, ਸੁਸ਼ੀਲ ਤੇ ਕਾਰੋਬਾਰੀ ਲੋਕ ਸ਼ਾਮਲ ਹੋਏ। ਕਾਨਫਰੰਸ ਵਿਚ ਬੋਲਦਿਆਂ ਡਾ. ਚੀਮਾ ਨੇ ਕਿਹਾ ਕਿ ਸਿੱਖਾਂ ਕੌਮ ਦੇ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਨੂੰ ਸੇਧ ਦੇਣ ਵਾਲਾ ਮਹਾਨ ਸੰਦੇਸ਼ ਹੈ। ਸਿੱਖ ਧਰਮ ਦੇ ਮੋਢੀ ਤੇ ਸੰਸਾਰ ਵਿਚ ਸਿੱਖ ਧਰਮ ਦਾ ਪ੍ਰਕਾਸ਼ ਕਰਨ ਵਾਲੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਸਮੇਂ ਔਰਤਾਂ ਨੂੰ ਕਿਸੇ ਕਿਸਮ ਦਾ ਅਧਿਕਾਰ ਨਹੀਂ ਸੀ। ਔਰਤ ਬ੍ਰਾਹਮਣਵਾਦੀ ਜਾਤ ਪਾਤ ਪ੍ਰਣਾਲੀ ਦੇ ਅਣਮਨੁੱਖੀ ਪ੍ਰਬੰਧ ਵਿਚ ਬੁਰੀ ਤਰਾਂ ਪਿਸ ਰਹੀ ਸੀ, ਜਿਸ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਆਵਾਜ ਚੁੱਕੀ ਤੇ ਸਿੱਖ ਧਰਮ ਵਿਚ ਔਰਤ ਨੂੰ ਮਰਦ ਦੇ ਬਰਾਬਰ ਜਗਾ, ਰੁਤਬਾ ਤੇ ਇੱਜ਼ਤ ਦਿੱਤੀ। ਡਾ. ਚੀਮਾ ਨੇ ਆਪਣੀ ਗੱਲ



ਜਾਰੀ ਰਖਦਿਆਂ ਕਿਹਾ ਕਿ ਉਨਾਂ ਨੂੰ ਮਾਣ ਹੈ ਕਿ ਉਹ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਚਾਰਟਰ UN **faith for rights declaration** ਵਿੱਚ ਗੁਰਬਾਣੀ ਦੇ ਤਿੰਨ ਸ਼ਬਦ ਸ਼ਾਮਲ ਕਰਵਾ ਸਕੇ, ਕਿਉਂਕਿ ਉਨਾਂ ਇਲਾਹੀ ਸ਼ਬਦਾਂ ਵਿਚ ਮਨੁੱਖਤਾ ਦੀ ਬਰਾਬਰੀ, ਮੁਹਬੱਤ,ਤੇ ਇਨਸਾਫ ਦੀ ਗੱਲ ਹੈ। ਉਨਾਂ ਕਿਹਾ ਕਿ ਇਕ ਮੁਸਲਮਾਨ ਹੁੰਦੇ ਹੋਏ ਉਨਾਂ ਨੂੰ ਆਪਣੇ ਸਿੱਖ ਭਰਾਵਾਂ ਉਤੇ ਮਾਣ ਹੈ ਕਿ 2019 ਵਿਚ 34 ਮੁਸਲਮਾਨ ਨੌਜਵਾਨ ਵਿਦਿਆਰਥਣਾਂ ਨੂੰ ਭਾਰਤ ਦੇ ਮਹਾਰਾਸ਼ਟਰ ਰਾਜ ਤੋਂ ਕਸ਼ਮੀਰ ਉਨਾਂ ਦੇ ਘਰ ਸੁਰਖਿਅਤ ਪਹੁੰਚਾਉਣ ਵਿਚ ਕਾਮਯਾਬ ਹੋਏ ਸਨ ਜੋ ਹਿੰਦੂ ਮੁਸਲਿਮ ਫਸਾਦਾਂ ਵਿਚ ਘਿਰ ਗਈਆਂ ਸਨ ਤੇ ਉਨਾਂ ਨੂੰ ਬਲਾਤਕਾਰ ਦੀਆਂ ਧਮਕੀਆਂ ਮਿਲ ਰਹੀਆਂ ਸਨ। ਇਸ ਤੋਂ ਇਲਾਵਾ ਸਿੱਖਾਂ ਨੇ ਪੂਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਦੌਰਾਨ ਰੋਟੀ ਪਾਣੀ ਨੂੰ ਤਰਸ ਰਹੇ ਲੋਕਾਂ ਵਾਸਤੇ ਲੰਗਰ ਲਾ ਕੇ ਤੇ ਸਿਹਤ ਸੇਵਾਵਾਂ ਕਰਕੇ ਮਨੁੱਖਤਾ ਦੀ ਸੇਵਾ ਕੀਤੀ ਹੈ। ਸੰਯੁਕਤ ਰਾਸ਼ਟਰ ਸੰਘ ਦੁਆਰਾ ਤਿਆਰ ਕੀਤੀ ਵੀਡੀਉ ਨੂੰ ਇਸ ਲਿੰਕ 'ਤੇ ਵੇਖਿਆ-ਸੁਣਿਆ ਜਾ ਸਕਦਾ ਹੈ : **https://www.youtube.com/watch?v=W0Up29Lnoct=3s**

# ਦੀਪ ਸਿੱਧੂ ਦੇ ਜਨਮ ਦਿਨ 'ਤੇ ਨੌਜਵਾਨਾਂ ਵੱਲੋਂ ਲਗਾਏ ਗਏ ਖ਼ੂਨ ਦਾਨ ਕੈਂਪ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦੀਪ ਸਿੱਧੂ ਦੇ ਜਨਮ ਦਿਨ ਉੱਤੇ 90 ਜਗ੍ਹਾ ਖ਼ੂਨ ਦਾਨ ਕੈਂਪ ਲਗਾਏ ਗਏ ਜਿਸ ਵਿਚ ਮੁਕਤਸਰ, ਨਵਾਂਸ਼ਹਿਰ, ਮੋਗਾ, ਮੁਹਾਲੀ, ਅੰਮ੍ਰਿਤਸਰ, ਜ਼ੀਰਕਪੁਰ ਤੋਂ ਇਲਾਵਾ ਹੋਰ ਅਨੇਕਾਂ ਜਗ੍ਹਾ ਉੱਤੇ ਖ਼ੂਨਦਾਨ ਕੈਂਪ ਨੌਜੁਆਨਾਂ ਵੱਲੋਂ ਲਗਾਏ ਗਏ। ਖ਼ਬਰ ਛਪਣ ਤਕ ਮਿਲੀ ਜਾਣਕਾਰੀ ਦੇ ਅਨੁਸਾਰ ਨਵਾਂਸ਼ਹਿਰ ਦੇ ਪਿੰਡ ਬਘੌਰਾ ਵਿੱਚ 200 ਯੂਨਿਟ ਤੋਂ ਉਪਰ ਖ਼ੂਨ ਆ ਗਿਆ ਸੀ, ਪਰ ਅਜੇ ਵੀ ਨੌਜਵਾਨਾਂ ਦੀਆਂ ਲੰਬੀਆਂ ਕਤਾਰਾਂ ਖ਼ੂਨਦਾਨ ਦੇ ਲਈ ਲੱਗੀਆਂ ਹੋਈਆਂ ਹਨ ।ਨੌਜਵਾਨਾਂ ਨਾਲ ਕੀਤੀ ਗੱਲਬਾਤ ਰਾਹੀਂ ਪਤਾ ਚੱਲਿਆ ਹੈ ਕਿ ਉਨ੍ਹਾਂ ਵਿੱਚ ਇਸ ਗੱਲ ਦਾ ਬਹੁਤ ਹੀ ਜਿਆਦਾ ਰੋਸ ਹੈ ਕੀ ਦੀਪ ਸਿੱਧੂ ਦੀ ਜ਼ਮਾਨਤ ਹੋ ਜਾਣੀ ਚਾਹੀਦੀ ਸੀ ।ਪਰ ਦੇਸ਼ ਵਿੱਚ ਸਿਆਸਤ ਹੋਣ ਦੇ ਕਾਰਨ ਅਜਿਹਾ ਨਾ ਹੋ ਸਕਿਆ ।ਦੀਪ ਸਿੱਧੂ ਲਈ ਨੌਜਵਾਨ ਸ਼ਕਤੀ ਦਾ ਇਕੱਠ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਉਹ ਦਾ ਦੀਪ ਸਿੱਧੂ ਨਾਲ ਅੱਜ ਵੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਏ ਹਨ

ਦੱਸਣਯੋਗ ਹੈ ਕਿ ਦੀਪ ਸਿੱਧੂ ਦਾ ਜਨਮ 2 ਅਪ੍ਰੈਲ 1984 ਨੂੰ ਸ੍ਰੀ ਮੁਕਤਸਰ ਸਾਹਿਬ ਜਿਲ੍ਹੇ ਵਿੱਚ ਹੋਇਆ। ਸ਼ੁਰੂਆਤੀ ਪੜ੍ਹਾਈ ਪੰਜਾਬ ਵਿੱਚ ਹੋਈ। ਉਸ ਤੋਂ ਬਾਅਦ ਉਹਨਾਂ ਨੇ ਲਾਅ ਦੀ ਡਿਗਰੀ ਹਾਸਲ ਕੀਤੀ। ਕੁਝ ਸਮੇਂ ਲਈ ਉਹ 'ਕਿੰਗਫ਼ਿਸ਼ਰ ਮਾਡਲ ਹੰਟ' ਤੇ 'ਗਰੇਸਿਮ ਮਿਸਟਰ ਇੰਡੀਆ ਕਾਂਪੀਟਿਸ਼ਨ













ਜਿੱਤਿਆ ਅਤੇ ਮਾਡਲਿੰਗ ਲਾਈਨ ਵਿੱਚ ਚਲਾ ਗਿਆ। ਹਾਲਾਂਕਿ ਮਾਡਲਿੰਗ ਵਿੱਚ ਸਿੱਧੂ ਨੂੰ ਕਾਮਯਾਬੀ ਨਹੀ ਮਿਲੀ ਤੇ ਵਾਪਸ ਲਾਅ ਫ਼ਿਲਡ ਵਿੱਚ ਹੀ ਆ ਗਿਆ। ਇਸ ਦੌਰਾਨ ਬ੍ਰਿਟਿਸ਼ ਫ਼ਰਮ 'ਹੈਮੰਡਜ਼' ਦੇ ਨਾਲ ਕੰਮ ਕਰਦੇ ਹੋਏ 'ਡਿਜ਼ਨੀ','ਸੋਨੀ ਪਿਕਚਰਜ਼' ਅਤੇ 'ਬਾਲਾਜੀ ਟੈਲੀਫ਼ਿਲਮਜ਼' ਵਿੱਚ ਲੀਗਲ ਹੈੱਡ ਦੇ ਤੌਰ ਤੇ ਕੰਮ ਕੀਤਾ। ਇਸ ਦੇ ਨਾਲ ਹੀ ਐਕਟਿੰਗ ਦੀ ਸ਼ੁਰੂਆਤ ਪੰਜਾਬੀ ਫ਼ਿਲਮਾਂ ਦੇ ਵਿੱਚ ਕੀਤੀ।

# ਸਿਆਟਲ ਵਿਚ ਭਾਈ ਸੁਬੇਗ ਸਿੰਘ ਤੇ ਉਨਾਂ ਦੇ ਸਪੁੱਤਰ ਸ਼ਾਹਬਾਜ ਸਿੰਘ ਜੀ ਦਾ ਸ਼ਹੀਦੀ ਦਿਵਸ ਮਨਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੈਂਟ ਵਿਚ ਭਾਈ ਸੁਬੇਗ ਸਿੰਘ ਤੇ ਉਨਾਂ ਦੇ ਸਪੁੱਤਰ ਭਾਈ ਸਹਿਬਾਜ ਸਿੰਘ ਅਤੇ ਕਾਬਲ ਵਿਚ ਗੁਰਦੁਆਰੇ ਹਮਲੇ ਦੌਰਾਨ 25 ਸਿੰਘ ਸ਼ਹੀਦ ਕਰ ਦਿੱਤੇ ਗਏ ਸਨ, ਸ਼ਹੀਦੀ ਦਿਵਸ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਕਥਾਵਾਚਕ ਭਾਈ ਅਮਨ ਸਿੰਘ ਨੇ ਕਥਾ ਰਾਹੀਂ ਦੱਸਿਆ ਉਸ ਸਮੇਂ ਦੀ ਜ਼ਾਲਮ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਸਿੱਖੀ ਛੱਡ ਕੇ ਮੁਸਲਮਾਨ ਧਰਮ ਕਬੂਲ ਕਰਨ ਲਈ ਭਾਈ ਸੁਬੇਗ ਸਿੰਘ ਤੇ ਉਨਾਂ ਦੇ ਸਪੁੱਤਰ ਭਾਈ ਸਹਿਬਾਜ ਸਿੰਘ (18) ਨੂੰ ਤਸੀਹੇ ਦੇ ਕੇ ਧਰਮ ਪਰਿਵਰਤਨ ਲਈ ਮਜਬੂਰ ਕੀਤਾ, ਪ੍ਰੰਤੂ ਗੁਰੂ ਦੇ ਸਿੱਖਾਂ ਨੇ ਸਿੱਖ ਸਿਦਕ ਨਾ ਜਾਵੇ, ਸਿਰ ਜਾਵੇ ਤਾਂ ਜਾਵੇ, ਭਾਈ ਸੁਬੇਗ ਸਿੰਘ ਤੇ ਉਨਾਂ ਦੇ 18 ਸਾਲਾ ਪੁੱਤਰ ਸਹਿਬਾਜ ਸਿੰਘ ਨੂੰ ਤਸੀਹੇ ਦੇ ਕੇ 1745 ਵਿਚ ਸ਼ਹੀਦ ਕਰ ਦਿੱਤਾ ਸੀ, ਪ੍ਰੰਤੂ ਗੁਰੂ ਦੀ ਬਖਸ਼ੀ ਸਿੰਖੀ ਬਰਕਰਾਰ ਰੱਖੀ। ਕਾਬਲ ਦੇ ਗੁਰਦੁਆਰੇ ਵਿਚ ਨਕਸਲਵਾੜੀਆਂ ਨੇ ਨਸਲੀ ਹਮਲਾ ਕਰਕੇ 25 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ ਜਿਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਭਾਈ ਦਲਜੀਤ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਲੰਗਰ ਅਤੇ ਸ੍ਰੀ ਅਖੰਡ ਪਾਠ ਦੀ ਸੇਵਾ ਲਈ ਮਾਤਾ ਨਿਰਮਲ ਕੌਰ ਦੇ ਸਪੁੱਤਰ ਭਾਈ ਜਸਬੀਰ ਸਿੰਘ ਨੂੰ ਗੁਰੂਘਰ ਵਲੋਂ ਸਿਰਪਾਓ ਦੇ ਕੇ ਨਿਵਾਜਿਆ ਗਿਆ।

ਫੋਟੋ : ਗੁਰਦੁਆਰਾ ਸਾਹਿਬ ਦੇ ਹੈਡਗ੍ਰੰਥੀ ਭਾਈ ਦਲਜੀਤ ਸਿੰਘ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹੋਏ।

ਭਾਈ ਅਮਨ ਸਿੰਘ ਗੁਰੂਘਰ ਵਲੋਂ ਪਠਾ ਤੇ ਲੰਗਰਾਂ ਦੀ ਸੇਵਾ ਕਰਨ ਵਾਲੇ ਮਾਤਾ ਨਿਰਮਲ ਕੌਰ ਦੇ ਸਪੁੱਤਰ ਜਸਬੀਰ ਸਿੰਘ ਨੂੰ ਸਿਰਪਾਓ ਦੇ ਕੇ ਨਿਵਾਜਦੇ ਹੋਏ।

# ਬਰਫੀਲੇ ਤੂਫਾਨ ਦੌਰਾਨ ਵਾਪਰੀ ਦੁਰਘਟਨਾ ਵਿਚ ਪੰਜਾਬੀ ਟਰੱਕ ਡਰਾਈਵਰ ਦੀ ਮੌਤ

**ਨਿਊਯਾਰਕ (ਰਾਜ ਗੋਗਨਾ):** ਕੈਨੇਡਾ ਦੇ ਸੂਬੇ ਸਸਕੈਚਵਨ ਵਿੱਚ ਆਏ ਬਰਫੀਲੇ ਤੂਫਾਨ ਵਿਚ ਵਿਨੀਪੈਗ (ਕੈਨੇਡਾ) ਨਾਲ ਸਬੰਧਤ ਇਕ ਪੰਜਾਬੀ ਨੌਜਵਾਨ ਡਰਾਇਵਰ ਕ੍ਰਿਪਾਲ ਸਿੰਘ ਗਿੱਲ ਚੈਪਲਿਨ ਲਾਗੇ ਹਾਈਵੇ 'ਤੇ ਹੋਏ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਨਾਲ ਸਬੰਧਤ ਸੀ, ਨੌਜਵਾਨ ਬ੍ਰਿਟਿਸ਼ ਕੋਲੰਬੀਆ ਵੱਲ ਜਾ



ਉਹ 2017 ਵਿਚ ਕੈਨੇਡਾ ਆਇਆ ਸੀ । ਇਹ ਰਿਹਾ ਸੀ ਜਦੋਂ ਇਹ ਹਾਦਸਾ ਵਾਪਰਿਆ।

# ਖੇਤੀ ਕਾਨੂੰਨ ਸਬੰਧੀ ਤਿੰਨ ਮੈਂਬਰੀ ਕਮੇਟੀ ਨੇ ਸੁਪਰੀਮ ਕੋਰਟ ਨੂੰ ਸੌਂਪੀ ਰਿਪੋਰਟ

**✪ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨੇ ਕੀਤੀਆਂ ਕੁੱਲ 23 ਮੀਟਿੰਗਾਂ**
**✪ ਪੰਜਾਬ ਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਸੇ ਵੀ ਮੀਟਿੰਗ 'ਚ ਨਹੀਂ ਕੀਤੀ ਸ਼ਮੂਲੀਅਤ**
**✪ ਅਦਾਲਤ 'ਚ ਸੁਣਵਾਈ ਉਪਰੰਤ ਜਾਰੀ ਹੋਣਗੇ ਰਿਪੋਰਟ ਦੇ ਵੇਰਵੇ**



**ਚੰਡੀਗੜ੍ਹ /ਏ.ਟੀ.ਨਿਊਜ਼:** ਸੁਪਰੀਮ ਕੋਰਟ ਵੱਲੋਂ ਤਿੰਨ ਖੇਤੀ ਕਾਨੂੰਨਾਂ ਸਬੰਧੀ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਆਪਣੀ ਰਿਪੋਰਟ ਸੀਲਬੰਦ ਲਿਫਾਫੇ ਵਿਚ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ। ਸੂਤਰਾਂ ਅਨੁਸਾਰ ਕਰੀਬ ਹਫਤਾ ਕੁ ਪਹਿਲਾਂ ਇਹ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਗਈ ਹੈ ਜਿਸ ਦੀ ਕਮੇਟੀ ਨੇ ਅਧਿਕਾਰਤ ਤੌਰ 'ਤੇ ਪੁਸ਼ਟੀ ਕਰ ਦਿੱਤੀ ਹੈ।

ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਕਮੇਟੀ ਦੇ ਮੈਂਬਰ ਅਨਿਲ ਧਨਵਤ ਨੇ ਦੱਸਿਆ ਕਿ ਕਮੇਟੀ ਨੇ ਨਿਸ਼ਚਿਤ ਸਮੇਂ ਅੰਦਰ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਹੈ ਜੋ ਪੂਰੀ ਤਰਾਂ ਗੁਪਤ ਹੈ। ਉਨਾਂ ਰਿਪੋਰਟ ਦੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਉਨਾਂ ਕਿਹਾ ਕਿ ਹੁਣ ਸੁਪਰੀਮ ਕੋਰਟ 'ਚ ਅਗਲੀ ਸੁਣਵਾਈ ਮਗਰੋਂ ਇਹ ਰਿਪੋਰਟ ਜਨਤਕ ਹੋ ਜਾਵੇਗੀ।

ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ 12 ਜਨਵਰੀ ਨੂੰ ਗਠਿਤ ਕੀਤੀ ਤਿੰਨ ਮੈਂਬਰੀ ਕਮੇਟੀ ਵਿਚ ਪ੍ਰਮੋਦ ਕੁਮਾਰ ਜੋਸ਼ੀ, ਅਸ਼ੋਕ ਗੁਲਾਟੀ ਅਤੇ ਅਨਿਲ ਧਨਵਤ ਦੇ ਨਾਂ ਸ਼ਾਮਲ ਹਨ। ਕਮੇਟੀ ਵਿਚ ਸਾਬਕਾ ਸੰਸਦ ਮੈਂਬਰ ਭੁਪਿੰਦਰ ਸਿੰਘ ਮਾਨ ਨੂੰ ਵੀ ਮੈਂਬਰ ਬਣਾਇਆ ਗਿਆ ਸੀ ਪਰ ਮਗਰੋਂ ਉਹ ਕਮੇਟੀ ਨਾਲੋਂ ਵੱਖ ਹੋ ਗਏ ਸੀ। ਇਸ ਤਿੰਨ ਮੈਂਬਰੀ ਕਮੇਟੀ ਦੀ ਵੈਬਸਾਈਟ ਅਨੁਸਾਰ ਕਮੇਟੀ ਨੇ ਕੁੱਲ 23 ਮੀਟਿੰਗਾਂ ਕੀਤੀਆਂ ਹਨ। ਪਹਿਲੀ ਮੀਟਿੰਗ 15 ਜਨਵਰੀ ਨੂੰ ਤੇ ਆਖਰੀ ਮੀਟਿੰਗ 17 ਮਾਰਚ ਨੂੰ ਕੀਤੀ ਗਈ। ਅਹਿਮ ਤੱਥ ਇਹ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਕੋਈ ਵੀ ਕਿਸਾਨ ਜਥੇਬੰਦੀ ਇਸ ਤਿੰਨ ਮੈਂਬਰੀ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਨਹੀਂ ਹੋਈ। ਇਸ ਕਮੇਟੀ ਵੱਲੋਂ 11 ਫਰਵਰੀ ਨੂੰ 18 ਸੂਬਾ ਸਰਕਾਰਾਂ ਨਾਲ ਵੀ ਮੀਟਿੰਗ ਕੀਤੀ ਜਿਸ 'ਚ ਪੰਜਾਬ ਸਰਕਾਰ ਨੇ ਵੀ ਪੱਖ ਰੱਖਿਆ ਸੀ।

ਇਸ ਕਮੇਟੀ ਨੇ ਜੋ 29 ਜਨਵਰੀ ਨੂੰ ਜੋ ਮੀਟਿੰਗ ਕੀਤੀ ਸੀ, ਉਸ 'ਚ 11 ਸੂਬਿਆਂ ਦੀਆਂ 17 ਕਿਸਾਨ ਯੂਨੀਅਨਾਂ ਸ਼ਾਮਲ ਹੋਈਆਂ ਦੱਸੀਆਂ ਗਈਆਂ ਹਨ ਜਦਕਿ ਪੰਜਾਬ, ਹਰਿਆਣਾ ਤੇ ਰਾਜਸਥਾਨ ਇਸ 'ਚ ਸ਼ਾਮਿਲ ਨਹੀਂ ਹੋਇਆ ਹੈ। ਤਿੰਨ ਮੈਂਬਰੀ ਕਮੇਟੀ ਨੇ 12 ਫਰਵਰੀ ਨੂੰ ਵੀ ਕਿਸਾਨ ਗਰੁੱਪਾਂ ਨਾਲ ਮੀਟਿੰਗ ਕੀਤੀ ਗਈ ਸੀ, ਜਿਸ 'ਚ ਪੰਜਾਬ ਤੇ ਹਰਿਆਣਾ ਦੀ ਕੋਈ ਕਿਸਾਨ ਧਿਰ ਸ਼ਾਮਲ ਨਹੀਂ ਹੋਈ। ਕਮੇਟੀ ਨੇ 23 ਫਰਵਰੀ ਨੂੰ ਜੋ ਮੀਟਿੰਗ ਕੀਤੀ, ਉਸ ਵਿੱਚ ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਸ਼ਾਮਲ ਹੋਈ। ਕਿਸਾਨ ਅੰਦੋਲਨ ਵਿਚ ਸ਼ਾਮਿਲ ਕੋਈ ਵੀ ਕਿਸਾਨ ਧਿਰ ਇਸ ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਨਹੀਂ ਹੋਈ ਹੈ। ਕਮੇਟੀ ਨੇ ਆਪਣੀਆਂ 9 ਅੰਦਰੂਨੀ ਮੀਟਿੰਗਾਂ ਅਤੇ ਖੇਤੀ ਕਾਨੂੰਨਾਂ ਨਾਲ ਜੁੜੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਹਨ।

## ਮਾਮਲਾ ਪੰਜਾਬ ਵਿਚ ਬੋਤਲਬੰਦ ਗੰਦੇ ਪਾਣੀ ਦਾ ਸਰਕਾਰ ਸਪਲਾਈ ਦੇ ਦਾਅਵਿਆਂ ਦੀ ਜਾਂਚ ਕਰੇਗੀ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿਚ ਗੰਦੇ ਤੇ ਮਿਲਾਵਟੀ ਪਾਣੀ ਨੂੰ ਬੋਤਲਬੰਦ ਕਰ ਮਿਨਰਲ ਵਾਟਰ ਦੇ ਤੌਰ ਉੱਤੇ ਵੇਚਿਆ ਜਾ ਰਿਹਾ ਹੈ। ਇਹ ਦੋਸ਼ ਲਾਉਂਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿਚ ਪੰਜਾਬ ਸਰਕਾਰ ਦਾ ਜਵਾਬ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਇਸ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਅੰਮ੍ਰਿਤਸਰ ਵਸਨੀਕ ਸੰਜੀਵ ਭਾਸਕਰ ਨੇ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਚ ਗੰਦੇ ਅਤੇ ਮਿਲਾਵਟੀ ਪਾਣੀ ਦੀ ਬੋਤਲਬੰਦ ਸਪਲਾਈ ਦਾ ਮੁੱਦਾ ਚੁੱਕਿਆ ਸੀ। ਉਸ ਨੇ ਕਿਹਾ ਸੀ ਕਿ ਅੰਮ੍ਰਿਤਸਰ ਦੀਆਂ ਫ਼ੈਕਟਰੀਆਂ ਵਿਚ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਕੰਮ ਕੀਤਾ ਜਾ ਰਿਹਾ ਹੈ। ਇੱਥੇ ਜੋ ਪਾਣੀ ਮਿਨਰਲ ਵਾਟਰ ਦੇ ਨਾਂਅ 'ਤੇ ਪੈਕ ਕੀਤਾ ਜਾਂਦਾ ਹੈ ਉਹ ਗੰਦਾ ਤੇ ਮਿਲਾਵਟੀ ਹੁੰਦਾ ਹੈ। ਇਸ ਪਾਣੀ ਦੀ ਸਪਲਾਈ ਅੰਮ੍ਰਿਤਸਰ, ਬਟਾਲਾ, ਤਰਨਤਾਰਨ ਅਤੇ ਹੁਸ਼ਿਆਰਪੁਰ ਵਿਚ ਹੋ ਰਹੀ ਹੈ। ਇਸ ਬਾਰੇ ਮੰਗ ਪੱਤਰ ਸੌਂਪਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ ਹੈ। ਇਸ 'ਤੇ ਪੰਜਾਬ ਸਰਕਾਰ ਵਲੋਂ ਦੱਸਿਆ ਗਿਆ ਕਿ ਮੰਗ ਪੱਤਰ ਨੂੰ ਆਧਾਰ ਬਣਾ ਕੇ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ। ਲਗਾਤਾਰ ਇਨਾਂ ਫ਼ੈਕਟਰੀਆਂ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਇਸ ਮਾਮਲੇ ਦੀ ਜਾਂਚ ਵੀ ਕੀਤੀ ਜਾਵੇਗੀ। ਸਰਕਾਰ ਨੇ ਇਹ ਵੀ ਕਿਹਾ ਕਿ ਜੇਕਰ ਪਟੀਸ਼ਨਰ ਜਾਂਚ ਵਿਚ ਸ਼ਾਮਿਲ ਹੋ ਕੇ ਜਾਂਚ ਦਲ ਦੀ ਮਦਦ ਕਰਨਾ ਚਾਹੇ ਤਾਂ ਵੀ ਪੰਜਾਬ ਸਰਕਾਰ ਨੂੰ ਇਸ ਤੋਂ ਕੋਈ ਇਤਰਾਜ਼ ਨਹੀਂ ਹੈ।

## ਉਮਰਾਨੰਗਲ ਸਮੇਤ ਕਈ ਉੱਚ ਪੁਲਿਸ ਅਫਸਰ ਨਸ਼ਾ ਤੱਸਕਰੀ ਵਿਚ ਸ਼ਾਮਲ

ਦਸੰਬਰ 2020 ਵਿੱਚ ਖੰਨਾ ਜ਼ਿਲੇ ਦੇ ਡਰੱਗ ਸਰਗਣਾ ਸਰਪੰਚ ਗੁਰਦੀਪ ਸਿੰਘ ਰਾਣੋ ਨੂੰ ਕਈ ਕਿੱਲੋ ਹੈਰੋਇਨ, ਗੈਰ-ਕਾਨੂੰਨੀ ਹਥਿਆਰਾਂ ਸਮੇਤ ਅਣ-ਐਲਾਨੀ ਜਾਇਦਾਦ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਮਾਮਲੇ ਵਿੱਚ ਹੁਣ ਇੱਕ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਚਾਰ ਹਾਈ ਰੈਂਕ ਅਫਸਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਇਨਾਂ ਮੁਅੱਤਲ ਹੋਏ ਅਧਿਕਾਰੀਆਂ ਵਿੱਚੋਂ ਸਭ ਤੋਂ ਵੱਡਾ ਨਾਮ ਹੈ, ਜਿਨਾਂ ਨੂੰ ਕੁੱਝ ਸਮਾਂ ਪਹਿਲਾਂ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਵੀ ਗ੍ਰਿਫਤਾਰ ਕੀਤਾ ਗਿਆ ਸੀ, ਪਰ ਫਿਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

ਉਸ ਤੋਂ ਇਲਾਵਾ ਐੱਸਪੀ ਵਰਿੰਦਰਜੀਤ ਸਿੰਘ ਥਿੰਦ, ਫਰੀਦਕੋਟ ਦੇ ਐਸਪੀ (ਡੀ) ਸੇਵਾ ਸਿੰਘ ਮੱਲੀ, ਪਰਮਿੰਦਰ ਸਿੰਘ ਬਾਠ ਡੀਐੱਸਪੀ ਤੇ ਕਰਨਸ਼ੇਰ ਸਿੰਘ ਡੀਐੱਸਪੀ ਫਤਿਹਗੜ੍ਹ ਸਾਹਿਬ ਨੂੰ ਇਸੇ ਡਰੱਗ ਤਸਕਰੀ ਮਸਲੇ ਵਿੱਚ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਪੱਧਰ ਦੇ ਅਧਿਕਾਰੀਆਂ ਵਿਰੁੱਧ, ਨਸ਼ੇ ਦੇ ਮਸਲੇ ਵਿੱਚ ਇਹ ਪੰਜਾਬ ਸਰਕਾਰ ਦੀ ਹੁਣ ਤੱਕ ਦੀ ਪਹਿਲੀ ਕਾਰਵਾਈ ਹੈ।




# ਹੁਣ ਹਰਿਮੰਦਰ ਸਾਹਿਬ ਤੋਂ ਨਹੀਂ ਮਿਲੇਗਾ ਪਤਾਸਿਆਂ ਦਾ ਪ੍ਰਸ਼ਾਦ

**ਅੰਮ੍ਰਿਤਸਰ/ਏ.ਟੀ.ਨਿਊਜ਼:** ਹਰਿਮੰਦਰ ਸਾਹਿਬ ਵਿਖੇ ਜਿੱਥੇ ਦੇਸ਼-ਵਿਦੇਸ਼ਾਂ ਦੀਆਂ ਸੰਗਤਾਂ ਦੀ ਆਸਥਾ ਜੁੜੀ ਹੋਈ ਹੈ ਉਥੇ ਹੀ ਗੁਰੂ ਘਰ ਦੇ ਮਿਲਣ ਵਾਲੇ ਪ੍ਰਸ਼ਾਦ ਦੇ ਨਾਲ ਵੀ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪਰ ਹੁਣ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਲਏ ਫ਼ੈਸਲੇ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਤਾਸਿਆਂ ਦਾ ਪ੍ਰਸ਼ਾਦ ਜੋ ਕਿ ਸੰਗਤ ਨੂੰ ਅਰਦਾਸ ਕਰਵਾਉਣ ਜਾਂ ਗੁਰੂ ਸਾਹਿਬ ਨੂੰ ਰੁਮਾਲਾ ਸਾਹਿਬ ਭੇਟ ਕਰਨ ਤੇ ਦਿੱਤਾ ਜਾਂਦਾ ਸੀ ਬੰਦ ਕਰ ਦਿੱਤਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਮ ਦਿਨਾਂ ਵਿਚ ਇਕ ਕੁਇੰਟਲ ਦੇ ਕਰੀਬ ਪਤਾਸਿਆਂ ਦਾ ਪ੍ਰਸ਼ਾਦ ਸੰਗਤਾਂ ਨੂੰ ਵਰਤਾਇਆ ਜਾਂਦਾ ਸੀ, ਜਦਕਿ ਦਿਨ ਦਿਹਾੜੇ ਦੇ ਦਿਨਾਂ ਵਿੱਚ ਡੇਢ ਕੁਇੰਟਲ ਤੋਂ ਵੀ ਵੱਧ ਪ੍ਰਸ਼ਾਦ ਸੰਗਤਾਂ ਨੂੰ ਅਰਦਾਸ ਕਰਵਾਉਣ ਸਮੇਂ ਦਿੱਤਾ ਜਾਂਦਾ ਸੀ। ਇੱਥੇ ਦੱਸਣਯੋਗ ਹੈ ਕਿ ਬੀਬੀ ਜਗੀਰ ਕੌਰ ਜਦੋਂ 2004 ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਬਣੇ ਸਨ, ਉਦੋਂ ਵੀ ਉਨਾਂ ਨੇ ਹਰਿਮੰਦਰ ਸਾਹਿਬ ਦੇ ਅੰਦਰੋਂ ਪਤਾਸਿਆਂ ਦਾ ਪ੍ਰਸ਼ਾਦ ਅਤੇ ਸਿਰੋਪਾਓ ਦੇਣ ਦੀ ਮਨਾਹੀ ਕੀਤੀ ਸੀ, ਜਿਸ ਨੂੰ ਪਰਿਕਰਮਾ ਵਿਚ ਸਥਿਤ ਇਕ ਕਮਰੇ ਵਿਚ ਕਾਊਂਟਰ ਲਗਾ ਕੇ ਸਿਰੋਪਾਓ ਤੇ ਪ੍ਰਸ਼ਾਦ ਪੰਜ ਸੌ ਰੁਪਏ ਵਿੱਚ ਦੇਣ ਲਈ ਕਿਹਾ ਸੀ, ਜਿਸ ਨੂੰ ਬਾਅਦ ਵਿੱਚ ਮੁੜ ਹਰਿਮੰਦਰ ਸਾਹਿਬ ਵਿਖੇ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਬਾਅਦ ਪਿਛਲੇ ਸਮੇਂ ਵਿਚ ਸਿਰਪਾਓ ਸੰਗਤ ਨੂੰ ਹਰਿਮੰਦਰ ਸਾਹਿਬ ਤੋਂ ਦੇਣਾ ਬੰਦ ਕਰ ਦਿੱਤਾ, ਜਿਸ ਦਾ ਕਾਊਂਟਰ ਪਰਿਕਰਮਾ ਵਿਚ ਪਿੰਨੀ ਪ੍ਰਸ਼ਾਦ ਦੇ ਨਾਲ ਲਗਾਇਆ ਗਿਆ ਹੈ, ਜਿਸ ਨੂੰ 151 ਰੁਪਏ ਭੇਟਾ ਲੈ ਕੇ ਦਿੱਤਾ ਜਾਂਦਾ ਹੈ।



ਬੀਬੀ ਜਗੀਰ ਕੌਰ ਨੇ ਕਿਹਾ ਕਿ ਗੁਰੂਘਰਾਂ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਦੀ ਮਰਿਯਾਦਾ ਹੈ ਅਤੇ ਕੜਾਹ ਪ੍ਰਸ਼ਾਦ ਸੰਗਤਾਂ ਨੂੰ ਵਰਤਾਇਆ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਇੱਥੇ ਹਰ ਆਉਣ ਵਾਲੀ ਸੰਗਤ ਨੂੰ ਕੜਾਹ ਪ੍ਰਸ਼ਾਦ ਦਿੱਤਾ ਜਾਂਦਾ ਹੈ। ਪਤਾਸਿਆਂ ਦਾ ਪ੍ਰਸ਼ਾਦ ਮਨਮਤ ਅਤੇ ਇਹ ਕਿਸੇ ਕਿਸੇ ਨੂੰ ਹੀ ਦਿੱਤਾ ਜਾਂਦਾ ਹੈ। ਉਨਾਂ ਕਿਹਾ ਕਿ ਜਦੋਂ ਸੰਗਤ ਨੂੰ ਪਤਾਸਿਆਂ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ ਅਤੇ ਕੁਝ ਸੰਗਤਾਂ ਨੂੰ ਮੰਗ ਕਰਨ 'ਤੇ ਵੀ ਉੱਥੋਂ ਦੇ ਮੌਜੂਦਾ ਅਰਦਾਸੀਏ ਸਿੰਘ ਜਾਂ ਡਿਊਟੀ ਤੇ ਹੋਰ ਸੇਵਾਦਾਰਾਂ ਵੱਲੋਂ ਮਨਾ ਕੀਤਾ ਜਾਂਦਾ ਹੈ ਤਾਂ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜਦੀ ਸੀ। ਉਨਾਂ ਕਿਹਾ ਕਿ ਪ੍ਰਸ਼ਾਦ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਹਰੇਕ ਸੰਗਤ ਨੂੰ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਸਮੇਂ ਵਰਤਾਇਆ ਜਾਂਦਾ ਹੈ।

### ਮਾਮਲਾ ਗੈਰ-ਅੰਮ੍ਰਿਤਧਾਰੀ ਮੈਂਬਰ

# ਜਥੇਦਾਰਾਂ ਨੇ ਚੀਫ ਖਾਲਸਾ ਦੀਵਾਨ ਕੋਲੋਂ ਮੰਗਿਆ ਰਿਕਾਰਡ

**ਅੰਮ੍ਰਿਤਸਰ /ਏ.ਟੀ.ਨਿਊਜ਼:** ਅਕਾਲ ਤਖਤ 'ਤੇ ਪੰਜ ਤਖਤਾਂ ਦੇ ਜਥੇਦਾਰਾਂ ਦੀ ਹੋਈ ਇਕੱਤਰਤਾ ਵਿੱਚ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਵਿਚ ਗੈਰ-ਅੰਮ੍ਰਿਤਧਾਰੀ ਮੈਂਬਰ ਸ਼ਾਮਲ ਕਰਨ ਦਾ ਮਾਮਲਾ ਵਿਚਾਰਦਿਆਂ ਦੀਵਾਨ ਦੇ ਅਹੁਦੇਦਾਰਾਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਦੋ ਦਿਨਾਂ ਵਿਚ ਅੰਮ੍ਰਿਤਧਾਰੀ ਮੈਂਬਰਾਂ ਬਾਰੇ ਦਸਤਾਵੇਜ਼ ਪੇਸ਼ ਕਰਨ। ਇਸ ਦੌਰਾਨ ਕਰੋਨਾ ਬਾਰੇ ਸਰਕਾਰ ਵੱਲੋਂ ਅਪਣਾਏ ਜਾ ਰਹੇ ਦੋਹਰੇ ਮਾਪਦੰਡਾਂ ਦੀ ਨਿੰਦਾ ਕਰਦਿਆਂ ਨਾਂਦੇੜ ਵਿਖੇ ਗ੍ਰਿਫਤਾਰ ਕੀਤੇ ਸਿੱਖਾਂ ਨੂੰ ਰਿਹਾਅ ਕਰਨ ਤੇ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖਤ ਤੋਂ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼ਾਮਲ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਸਮੇਤ ਛੇ ਅਹੁਦੇਦਾਰਾਂ ਨੂੰ ਸੱਦਿਆ ਸੀ, ਜਿਨਾਂ ਕੋਲੋਂ ਅੰਮ੍ਰਿਤਧਾਰੀ ਮੈਂਬਰਾਂ ਬਾਰੇ ਰਿਕਾਰਡ ਦੀ ਮੰਗ ਕੀਤੀ ਹੈ। ਉਨਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਦੋ ਦਿਨਾਂ ਵਿਚ ਦੀਵਾਨ ਦਾ 'ਓ' ਫਾਰਮ, ਜਿਸ ਵਿਚ ਮੈਂਬਰ ਵੱਲੋਂ ਅੰਮ੍ਰਿਤਧਾਰੀ ਹੋਣ ਦੀ ਸਵੈ ਘੋਸ਼ਣਾ ਕੀਤੀ ਜਾਂਦੀ ਹੈ, ਦੇ ਦਸਤਾਵੇਜ਼ ਜਮਾਂ ਕਰਾਏ ਜਾਣ। ਸ੍ਰੀ ਅਕਾਲ ਤਖਤ ਵਲੋਂ 30 ਜੂਨ 2020 ਨੂੰ ਨਵੇਂ ਮੈਂਬਰ ਨਾਮਜ਼ਦ ਕਰਨ 'ਤੇ ਲਾਈ ਗਈ ਰੋਕ ਦੇ ਬਾਵਜੂਦ ਦੀਵਾਨ ਵਿਚ ਨਵੇਂ ਮੈਂਬਰ ਨਾਮਜ਼ਦ ਕੀਤੇ ਜਾਣ ਬਾਰੇ ਸਪੱਸ਼ਟੀਕਰਨ ਦੇਣ ਲਈ ਆਖਿਆ ਗਿਆ ਹੈ। ਦੀਵਾਨ ਵਲੋਂ ਹਾਲ ਹੀ ਵਿਚ ਲਗਭਗ 50 ਨਵੇਂ ਮੈਂਬਰ ਨਾਮਜ਼ਦ ਕੀਤੇ ਗਏ ਹਨ। ਇਸ ਤੋਂ ਇਲਾਵਾ ਦੀਵਾਨ ਦੇ ਮੁੰਬਈ ਤੋਂ ਮੈਂਬਰ ਸਤਨਾਮ ਸਿੰਘ ਅਤੇ ਅਵਤਾਰ ਸਿੰਘ ਦੀ ਮੈਂਬਰਸ਼ਿਪ ਰੱਦ ਕੀਤੇ ਜਾਣ ਬਾਰੇ ਵੀ ਇਕ ਹਫਤੇ ਵਿਚ ਸਪੱਸ਼ਟੀਕਰਨ ਮੰਗਿਆ ਹੈ।

ਸਿੰਘ ਸਾਹਿਬਾਨ ਨੇ ਇਸ ਮਾਮਲੇ ਨੂੰ ਵਿਚਾਰਨ ਮਗਰੋਂ ਕਿਹਾ ਕਿ ਦੀਵਾਨ ਵਿਚ ਕਈ ਮੈਂਬਰ ਅਜੇ ਵੀ ਅੰਮ੍ਰਿਤਧਾਰੀ ਨਹੀਂ ਹਨ ਅਤੇ ਕਈਆਂ ਨੇ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਕੋਤਾਹੀ ਕੀਤੀ ਹੈ। ਕਈ ਮੈਂਬਰ ਕਕਾਰਾਂ ਤੋਂ ਰਹਿਤ ਹਨ। ਉਨਾਂ ਨੇ ਚੀਫ ਖਾਲਸਾ ਦੀਵਾਨ ਨੂੰ ਦੋ ਮਹੀਨੇ ਦਾ ਸਮਾਂ ਦਿੱਤਾ ਤੇ ਸਾਰੇ ਮੈਂਬਰਾਂ ਨੂੰ ਹਦਾਇਤ ਕੀਤੀ ਹੈ ਕਿ ਜਿਸ ਕਿਸੇ ਕੋਲੋਂ ਵੀ ਰਹਿਤ ਮਰਿਆਦਾ ਰੱਖਣ ਵਿਚ ਭੁੱਲ ਹੋਈ ਹੈ ਜਾਂ ਭੁੱਲ ਕਰ ਰਿਹਾ ਹੈ, ਉਹ ਅਗਲੇ ਦੋ ਮਹੀਨਿਆਂ ਵਿਚ ਪੰਜ ਤਖਤ ਸਾਹਿਬਾਨ ਵਿਚੋਂ ਕਿਸੇ ਵੀ ਤਖਤ 'ਤੇ ਪੰਜ ਪਿਆਰਿਆਂ ਵਿਚੋਂ ਪੇਸ਼ ਹੋ ਕੇ ਭੁੱਲ ਬਖਸ਼ਾਉਣ ਅਤੇ ਸੁਧਾਈ ਕਰਵਾਉਣ। ਜੇਕਰ ਕੋਈ ਮੈਂਬਰ ਇਸ ਨਾਲ ਸਹਿਮਤ ਨਹੀਂ ਹੈ ਤਾਂ ਉਹ ਦੀਵਾਨ ਦੀ ਮੈਂਬਰਸ਼ਿਪ ਤੋਂ ਆਪ ਹੀ ਅਸਤੀਫਾ ਦੇ ਦੇਵੇ। ਉਨਾਂ ਚੀਫ ਖਾਲਸਾ ਦੀਵਾਨ ਨੂੰ ਆਖਿਆ ਕਿ ਜੇਕਰ ਕੋਈ ਅਜਿਹਾ ਮੈਂਬਰ ਆਪ ਅਸਤੀਫਾ ਨਹੀਂ ਦਿੰਦਾ ਤਾਂ

ਬਾਕੀ ਸਫ਼ਾ 31 'ਤੇ

When tired of all treatments for any disease at any age TRY
**HOMEOPATHIC**
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

**Homeopathicvibes**
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

**CAPITAL SERVICES**
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
**ALL STATE INSURANCE**
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਅਬੋਹਰ ਤੋਂ ਭਾਜਪਾ ਦੇ ਵਿਧਾਇਕ ਨਾਰੰਗ ਦੀ ਕੁੱਟਮਾਰ

**✪ ਪੁਲਿਸ ਨੇ ਸੀਸੀਟੀਵੀ ਅਤੇ ਹੋਰ ਫੁਟੇਜ ਦੇ ਆਧਾਰ 'ਤੇ ਚਾਰ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ ✪ 20 ਤੋਂ 25 ਹੋਰ ਬੰਦਿਆਂ ਦੀ ਹੋਈ ਸ਼ਨਾਖਤ ✪ ਭਾਜਪਾ ਨੇ ਨਾਰੰਗ 'ਤੇ ਹਮਲੇ ਲਈ ਕਾਂਗਰਸ ਨੂੰ ਠਹਿਰਾਇਆ ਜ਼ਿੰਮੇਵਾਰ ✪ ਪੰਜਾਬ ਵਿੱਚ ਹਿੰਸਾ ਬਰਦਾਸ਼ਤ ਨਹੀਂ ਕਰਾਂਗੇ: ਕੈਪਟਨ ✪ ਰਾਜਪਾਲ ਵਲੋਂ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ✪ ਕਿਸਾਨ ਆਗੂ ਕੈਪਟਨ ਤੇ ਭਾਜਪਾ ਹੋਏ ਤੋਂ ਔਖੇ**

**ਮਲੋਟ/ਏ.ਟੀ.ਨਿਊਜ਼:** ਅਬੋਹਰ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ, ਜ਼ਿਲਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਪੰਜਾਬ 'ਚ ਕਾਂਗਰਸ ਸਰਕਾਰ ਦੇ ਚਾਰ ਸਾਲਾਂ ਦੇ ਰਾਜ ਦੀਆਂ ਨਾਲਾਇਕੀਆਂ ਤੇ ਕਮੀਆਂ ਦੱਸਣ ਲਈ ਭਾਜਪਾ ਵੱਲੋਂ ਰੱਖੀ ਇੱਕ ਪ੍ਰੈਸ ਕਾਨਫਰੰਸ 'ਚ ਪਹੁੰਚੇ ਸਨ ਤਾਂ ਇਸਦੀ ਭਿਣਕ ਲਗਦਿਆਂ ਹੀ ਕਿਸਾਨਾਂ ਨੇ ਭਾਜਪਾ ਦੇ ਦਫ਼ਤਰ ਨੂੰ ਘੇਰਾ ਪਾ ਕੇ ਦਫ਼ਤਰ ਅੱਗੇ ਧਰਨਾ ਲਗਾ ਦਿੱਤਾ ਤੇ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਇਸ ਦੌਰਾਨ ਜਦੋਂ ਵਿਧਾਇਕ ਅਰੁਣ ਨਾਰੰਗ ਆਪਣੀ ਕਾਰ ਤੋਂ ਹੇਠਾਂ ਉੱਤਰੇ ਤਾਂ ਕਿਸਾਨ ਆਗੂਆਂ ਨੇ ਉਨਾਂ ਨੂੰ ਘੇਰਾ ਪਾ ਲਿਆ ਤੇ ਥੱਪੜ ਮਾਰੇ ਤੇ ਕੱਪੜੇ ਪਾੜ ਕੇ ਅਲਫ ਨੰਗਾ ਕਰ ਦਿਤਾ। ਉਨਾਂ 'ਤੇ ਕਾਲਖ ਸੁੱਟੀ ਗਈ। ਵਿਧਾਇਕ ਤੇ ਉਸਦੇ ਸਾਥੀ ਨੇੜੇ ਮੌਜੂਦ ਇਕ ਦੁਕਾਨ ਵਿਚ ਵੜ ਗਏ। ਇਸ ਦੌਰਾਨ ਕਿਸਾਨਾਂ ਨੇ ਉਸ ਦੁਕਾਨ ਅੱਗੇ ਧਰਨਾ ਲਗਾ ਦਿੱਤਾ। ਇਸ ਮੌਕੇ ਕਈ ਪੁਲਿਸ ਕਰਮਚਾਰੀਆਂ ਦੀ ਵਰਦੀ 'ਤੇ ਵੀ ਕਾਲਖ ਦੇ ਦਾਗ ਦੇਖੇ ਗਏ। ਕਰੀਬ ਇੱਕ ਘੰਟੇ ਬਾਅਦ ਪੁਲਿਸ ਨੇ ਆਪਣੀ ਨਿਗਰਾਨੀ ਹੇਠ ਵਿਧਾਇਕ ਅਰੁਣ ਨਾਰੰਗ ਤੇ ਉਸਦੇ ਸਾਥੀਆਂ ਨੂੰ ਸੁਰੱਖਿਅਤ ਜਗਾ ਤੇ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨਾਂ ਦਾ ਹਜੂਮ ਉਨਾਂ ਵੱਲ ਟੁੱਟ ਕੇ ਪੈ ਗਿਆ।

ਸਪੀਕਰ ਰਾਣਾ ਕੇ.ਪੀ. ਸਿੰਘ ਨੇ ਵਿਧਾਇਕ ਅਰੁਣ ਨਾਰੰਗ 'ਤੇ ਹੋਏ ਹਮਲੇ ਬਾਰੇ ਡੀਜੀਪੀ ਤੋਂ ਰਿਪੋਰਟ ਮੰਗੀ ਹੈ। ਉਨਾਂ ਕਿਹਾ ਕਿ ਲੋਕਤੰਤਰ ਵਿਚ ਵਿਰੋਧ ਦਾ ਇਹ ਕੋਈ ਤਰੀਕਾ ਨਹੀਂ ਹੈ। ਅਮਨ ਕਾਨੂੰਨ ਦੀ ਸਥਿਤੀ ਆਪਣੇ ਹੱਥ ਵਿਚ ਲੈਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ। ਉਨਾਂ ਨੇ ਡੀਜੀਪੀ ਨੂੰ ਸਮਾਂਬੱਧ ਜਾਂਚ ਕਰ ਕੇ ਰਿਪੋਰਟ ਭੇਜਣ ਲਈ ਕਿਹਾ ਹੈ।

ਘਟਨਾ ਤੋਂ ਬਾਅਦ ਵਿਧਾਇਕ ਅਰੁਣ ਨਾਰੰਗ ਨੂੰ ਅਬੋਹਰ ਦੇ ਸਰਕਾਰੀ ਹਸਪਤਾਲ ਵਿਚ ਲਿਆਂਦਾ ਗਿਆ। ਜਿੱਥੇ ਐੱਸ.ਐਮ.ਓ. ਡਾ. ਗਗਨਦੀਪ ਸਿੰਘ ਦੀ ਅਗਵਾਈ ਵਿਚ ਤਿੰਨ ਮੈਂਬਰੀ ਬੋਰਡ ਵਲੋਂ ਉਨਾਂ ਦੀ ਸਿਹਤ ਦੀ ਜਾਂਚ ਕੀਤੀ ਗਈ ਤੇ ਐਮਐਲਆਰ ਕੱਟੀ ਗਈ । ਇਸ ਤੋਂ ਬਾਅਦ ਭਾਜਪਾ ਵਰਕਰ ਫਾਇਰ ਬ੍ਰਿਗੇਡ ਚੌਂਕ ਵਿਚ ਇਕੱਠੇ ਹੋਏ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦਾ ਪੁਤਲਾ ਫੂਕਿਆ। ਭਾਜਪਾ ਆਗੂਆਂ ਤੇ ਵਰਕਰਾਂ ਦੀ ਗਿਣਤੀ ਰੋਸ ਪ੍ਰਦਰਸ਼ਨ ਵੇਲੇ ਘੱਟ ਹੀ ਰਹੀ ਜਦੋਂਕਿ ਪੁਲਿਸ ਮੁਲਾਜ਼ਮ ਭਾਜਪਾ ਤੋਂ ਜ਼ਿਆਦਾ ਦਿਖਾਈ ਦੇ ਰਹੇ ਸਨ। ਇਸ ਦੌਰਾਨ ਭਾਜਪਾ ਆਗੂਆਂ ਦਾ ਕਿਸਾਨ ਸਮਰਥਕਾਂ ਤੇ ਪ੍ਰਦਰਸ਼ਨਕਾਰੀਆਂ ਨੇ ਵਿਰੋਧ ਵੀ ਪ੍ਰਗਟਾਇਆ ਸੀ ਤੇ ਭਾਜਪਾ ਆਗੂ ਤੇ ਕਿਸਾਨ ਆਹਮੋ-ਸਾਹਮਣੇ ਹੋ ਗਏ ਸਨ। ਪਰ ਪੁਲਿਸ ਦੀ ਹਾਜ਼ਰੀ ਤੇ ਵਿਚ-ਬਚਾਅ ਕਰਨ ਕਰ ਕੇ ਦੋਵਾਂ ਧਿਰਾਂ ਵਿਚ ਤਣਾਅ ਨੂੰ ਵਧਣ ਤੋਂ ਰੋਕਿਆ ਗਿਆ।

ਵਿਧਾਇਕ 'ਤੇ ਹਮਲੇ ਦੇ ਮਾਮਲੇ ਵਿਚ ਰਾਜਪਾਲ ਨੇ ਸੀਐੱਮ ਤੋਂ ਮੰਗੀ ਰਿਪੋਰਟ

ਭਾਜਪਾ ਦੇ ਵਿਧਾਇਕ ਤੇ ਪੰਜਾਬ ਦੇ ਮਲੋਟ ਵਿਚ ਹਮਲਾ ਕਰਕੇ ਨਿਵਸਤਰ ਕਰਨ ਦੀ ਘਟਨਾ ਦੀ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਨਿੰਦਾ ਕੀਤੀ ਹੈ। ਇਸ ਘਟਨਾ ਨੂੰ ਲੈ ਕੇ ਰਾਜਪਾਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਕੀਤੀ। ਸੂਬੇ ਦਾ ਗ੍ਰਹਿ ਵਿਭਾਗ ਦੇਖ ਰਹੇ ਮੁੱਖ ਮੰਤਰੀ ਤੋਂ ਰਾਜਪਾਲ ਨੇ ਇਸ ਮਾਮਲੇ ਵਿਚ ਸੂਬੇ ਸਰਕਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੀ ਰਿਪੋਰਟ ਵੀ ਮੰਗੀ ਹੈ।

ਇਸ ਸਬੰਧੀ ਸੂਬਾ ਭਾਜਪਾ ਦਾ ਇਕ ਵਫ਼ਦ ਬੀਤੇ ਐਤਵਾਰ ਨੂੰ ਰਾਜਪਾਲ ਨਾਲ ਮਿਲਿਆ ਸੀ ਜਿਸ ਨੇ ਸੂਬੇ ਦੀ ਕਾਂਗਰਸ ਸਰਕਾਰ ਨੂੰ ਬਰਖ਼ਾਸਤ ਕਰ ਕੇ ਸੂਬੇ ਵਿਚ ਕਾਨੂੰਨ ਵਿਵਸਥਾ ਨੂੰ ਬਹਾਲ ਕਰਨ ਦੀ ਮੰਗ ਕੀਤੀ।

ਵਫ਼ਦ ਦੀ ਅਗਵਾਈ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕੀਤੀ। ਅਸ਼ਵਨੀ ਸ਼ਰਮਾ ਦਾ ਕਹਿਣਾ ਹੈ ਕਿ ਕਾਂਗਰਸ ਦੇ ਇਸ਼ਾਰੇ 'ਤੇ ਭਾਜਪਾ ਆਗੂਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਇਸ ਘਟਨਾ ਨੂੰ ਲੈ ਕੇ ਫੌਰੀ ਅਸਤੀਫਾ ਦੇਣਾ ਚਾਹੀਦਾ ਹੈ। ਹੁਣ ਸਬਰ ਦਾ ਬੰਨ ਟੁੱਟ ਗਿਆ ਹੈ ਅਤੇ ਉਹ ਇਸ ਮਾਮਲੇ 'ਤੇ ਸੰਘਰਸ਼ ਛੇੜਨਗੇ।

**ਪੰਜਾਬ ਵਿਚ ਕਿਸਾਨਾਂ ਤੇ ਭਾਜਪਾ ਵਿਚ ਟਕਰਾਅ**

ਪੰਜਾਬ ਦੇ ਮਲੋਟ ਸ਼ਹਿਰ ਵਿਚ ਭਾਜਪਾ ਵਿਧਾਇਕ ਅਰੁਣ ਨਾਰੰਗ ਨਾਲ ਹੋਈ ਕੁੱਟਮਾਰ ਦੀ ਘਟਨਾ ਮਗਰੋਂ ਕਪੂਰਥਲਾ ਵਿਚ ਵੀ ਬੀਤੇ ਐਤਵਾਰ ਨੂੰ ਭਾਜਪਾ ਆਗੂ ਤੇ ਕਿਸਾਨ ਆਹਮੋ-ਸਾਹਮਣੇ ਹੋ ਗਏ। ਕਪੂਰਥਲਾ ਦੇ ਭਾਜਪਾ ਆਗੂ ਪੰਜਾਬ ਸਰਕਾਰ ਤੇ ਕੈਪਟਨ ਅਮਰਿੰਦਰ ਸਿੰਘ ਦਾ ਪੁਤਲਾ ਸਾੜਨ ਦੀ ਤਿਆਰੀ ਕਰ ਰਹੇ ਸਨ ਕਿ ਅਚਾਨਕ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨ ਸੰਗਠਨਾਂ ਦੇ ਵਰਕਰ ਤੇ ਹੋਰ ਪ੍ਰਦਰਸ਼ਨਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਭਾਜਪਾ ਆਗੂਆਂ ਦੇ ਰੋਸ ਦਾ ਵਿਰੋਧ ਕੀਤਾ ਤੇ ਕੈਪਟਨ ਦਾ ਪੁਤਲਾ ਵੀ ਖੋਹ ਲਿਆ। ਹਾਲਾਂਕਿ ਦੋਵੇਂ ਧਿਰਾਂ ਵਿਚ ਤਣਾਅ ਨੂੰ ਪੁਲਿਸ ਨੇ ਵਿਚਾਲੇ ਪੈ ਕੇ ਸ਼ਾਂਤ ਕਰ ਦਿੱਤਾ ਅਤੇ ਭਾਜਪਾ ਆਗੂ ਚਲੇ ਗਏ।

ਇਸੇ ਤਰਾਂ ਜਲੰਧਰ ਵਿਚ ਪੁਲਿਸ ਦੀ ਸਾਵਧਾਨੀ ਕਾਰਨ ਭਾਰਤੀ ਕਿਸਾਨ ਯੂਨੀਅਨ ਤੇ ਸਮੂਹ ਕਿਸਾਨ ਜਥੇਬੰਦੀਆਂ ਦਾ ਜਲੰਧਰ ਵਿਚ ਭਾਜਪਾ ਤੇ ਕਿਸਾਨਾਂ ਦਾ ਟਕਰਾਅ ਟਲ ਗਿਆ।

**ਸੁਖਬੀਰ ਵਲੋਂ ਨਿਖੇਧੀ**

ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਭਾਜਪਾ ਵਿਧਾਇਕ ਅਰੁਣ ਨਾਰੰਗ 'ਤੇ ਹੋਏ ਹਿੰਸਕ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਤੇ ਕਿਹਾ ਕਿ ਘਟਨਾ ਦੀ ਨਿਰਪੱਖ ਜਾਂਚ ਕਰਵਾਈ ਜਾਵੇ ।

**ਸੁਨੀਲ ਜਾਖੜ ਵਲੋਂ ਨਿੰਦਾ**

ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਭਾਜਪਾ ਦੇ ਵਿਧਾਇਕ ਅਰੁਣ ਨਾਰੰਗ 'ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਵਿਚ ਇਸ ਤਰਾਂ ਦਾ ਵਿਹਾਰ ਸਹਿਣਯੋਗ ਨਹੀਂ ਹੈ ।

**ਪਿੰਡਾਂ 'ਚੋਂ ਕਿਸਾਨਾਂ ਦੀ ਫੜੋ-ਫੜੀ**

ਵਿਧਾਇਕ ਅਰੁਣ ਨਾਰੰਗ ਦੇ ਮਾਮਲੇ ਵਿੱਚ ਮਲੋਟ ਪੁਲਿਸ ਨੇ ਸੀਸੀਟੀਵੀ ਅਤੇ ਹੋਰ ਫੁਟੇਜ ਦੇ ਆਧਾਰ 'ਤੇ ਚਾਰ ਵਿਅਕਤੀਆਂ ਨੂੰ ਫੜਿਆ ਹੈ ਜਦਕਿ 20 ਤੋਂ 25 ਹੋਰ ਬੰਦਿਆਂ ਦੀ ਸ਼ਨਾਖਤ ਕੀਤੀ ਹੈ ਜੋ ਇਸ ਘਟਨਾਕ੍ਰਮ ਵਿੱਚ ਸ਼ਾਮਲ ਸਨ। ਪਿੰਡ ਗੁਰੂਸਰ ਯੋਧਾ ਅਤੇ ਮਿੱਡਾ 'ਚੋਂ ਕੁਝ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਇਸ ਦੌਰਾਨ ਕਿਸਾਨ ਆਗੂਆਂ ਵੱਲੋਂ ਆਪਣੇ ਸੋਸ਼ਲ ਮੀਡੀਆ ਗਰੁੱਪਾਂ ਰਾਹੀਂ ਸਵੇਰੇ 9 ਵਜੇ ਬਠਿੰਡਾ ਚੌਕ ਵਿੱਚ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਸ ਮਾਮਲੇ 'ਚ ਸੱਤ ਕਿਸਾਨ ਆਗੂਆਂ ਸਮੇਤ 250-300 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਸਿਟੀ ਮਲੋਟ ਪੁਲਿਸ ਵੱਲੋਂ ਝੜਪ ਸਬੰਧੀ ਐੱਸਪੀਐੱਚ ਗੁਰਮੇਲ ਸਿੰਘ ਦੇ ਬਿਆਨਾਂ 'ਤੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਬਲਾਕ ਪ੍ਰਧਾਨ ਲਖਨਪਾਲ ਸ਼ਰਮਾ ਉਰਫ ਲੱਖਾ ਪਿੰਡ ਆਲਮ ਵਾਲਾ, ਸੁਖਦੇਵ ਸਿੰਘ ਬੂੜਾਗੁੱਜਰ, ਨਿਰਮਲ ਸਿੰਘ ਜੱਸੇਆਣਾ, ਨਾਨਕ ਸਿੰਘ ਫਕਰਸਰ, ਕੁਲਵਿੰਦਰ ਸਿੰਘ ਦਾਨੇਵਾਲਾ, ਰਾਜਵਿੰਦਰ ਸਿੰਘ ਜੰਡਵਾਲਾ, ਅਵਤਾਰ ਸਿੰਘ ਫ਼ਕਰਸਰ ਸਮੇਤ 250-300 ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਘਟਨਾਕ੍ਰਮ ਦੌਰਾਨ ਜ਼ਖ਼ਮੀ ਹੋਏ ਐੱਸਪੀਐੱਚ ਗੁਰਮੇਲ ਸਿੰਘ ਸਰਕਾਰੀ ਹਸਪਤਾਲ ਮਲੋਟ ਵਿੱਚ ਜੇਰੇ ਇਲਾਜ ਹਨ।

**ਕੈਪਟਨ ਸਖਤ**

ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਵੱਲੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਉੱਤੇ ਕੀਤੇ ਹਮਲੇ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਿਖੇਧੀ ਕਰਦਿਆਂ ਆਖਿਆ ਸੂਬੇ ਦੀ ਸ਼ਾਂਤੀ ਭੰਗ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਡੀਜੀਪੀ ਦਿਨਕਰ ਗੁਪਤਾ ਨੂੰ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਨੇ ਕਿਹਾ ਕਿ ਵਿਧਾਇਕ ਅਤੇ ਪੁਲਿਸ ਅਧਿਕਾਰੀਆਂ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਕੀਤੇ ਜਾਣਗੇ। ਉਨਾਂ ਕਿਹਾ ਕਿ ਸਥਾਨਕ ਭਾਜਪਾ ਨੇਤਾਵਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਕਿਸਾਨਾਂ ਅਤੇ ਕੇਂਦਰ ਦਰਮਿਆਨ ਬਣੀ ਤਣਾਅਪੂਰਨ ਸਥਿਤੀ ਦੇ ਹੱਲ ਲਈ ਪ੍ਰਧਾਨ ਮੰਤਰੀ ਦੇ ਤੁਰੰਤ ਦਖ਼ਲ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਕਿਸੇ ਵੀ ਤਰਾਂ ਦੀ ਦੇਰੀ ਅੰਦੋਲਨਕਾਰੀ ਕਿਸਾਨਾਂ ਵਿੱਚ ਹੋਰ ਬੇਚੈਨੀ ਪੈਦਾ ਕਰੇਗੀ। ਉਨਾਂ ਮੁੜ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਰਵੱਈਆ ਛੱਡ ਕੇ ਖੇਤੀ ਕਾਨੂੰਨ ਤੁਰੰਤ ਰੱਦ ਕਰਨੇ ਚਾਹੀਦੇ ਹਨ ਅਤੇ ਕਿਸਾਨਾਂ ਨਾਲ ਚਰਚਾ ਕਰਕੇ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਪੰਜਾਬ ਭਾਜਪਾ ਦੇ ਆਗੂਆਂ ਵੱਲੋਂ ਇਸ ਮੁੱਦੇ ਉੱਤੇ ਉਨਾਂ ਦੇ ਅਸਤੀਫੇ ਦੀ ਕੀਤੀ ਜਾ ਰਹੀ ਮੰਗ ਉਤੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਉਤੇ ਰਾਜਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰਨ ਦੀ ਬਜਾਏ ਉਨਾਂ ਨੂੰ ਕੇਂਦਰੀ ਲੀਡਰਸ਼ਿਪ ਉਤੇ ਵਿਵਾਦਤ ਖੇਤੀ ਕਾਨੂੰਨ ਵਾਪਸ ਲੈਣ ਲਈ ਦਬਾਅ ਪਾਉਣਾ ਚਾਹੀਦਾ ਹੈ।

**ਕਿਸਾਨ ਲੀਡਰਾਂ ਨੇ ਖੋਲੀ ਕੈਪਟਨ ਸਰਕਾਰ ਦੀ ਵੀ ਪੋਲ**

ਬੀਤੇ ਦਿਨੀਂ ਮਲੋਟ ਵਿਖੇ ਵਾਪਰੀ ਘਟਨਾ ਸਬੰਧੀ ਪ੍ਰਤੀਕਰਮ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਬੀਜੇਪੀ ਵਿਧਾਇਕ ਦੀ ਕੁੱਟਮਾਰ ਲਈ ਬੀਜੇਪੀ ਖ਼ੁਦ ਜਿੰਮੇਵਾਰ ਹੈ, ਕਿਉਂਕਿ ਜਦੋਂ ਬੀਜੇਪੀ ਨੂੰ ਪਤਾ ਹੈ ਕਿ ਖੇਤੀ ਕਾਨੂੰਨਾਂ ਕਾਰਨ ਉਸ ਦਾ ਪੰਜਾਬ ਭਰ ਵਿੱਚ ਵਿਰੋਧ ਚੱਲ ਰਿਹਾ ਹੈ ਤਾਂ ਇਸ ਪਾਰਟੀ ਦੇ ਲੀਡਰ ਜਾਣਬੁੱਝ ਕੇ ਕਿਸਾਨਾਂ ਨੂੰ ਭੜਕਾਉਣ ਲਈ ਪ੍ਰੋਗਰਾਮ ਉਲੀਕ ਰਹੇ ਹਨ ਤਾਂ ਕਿ ਕਿਸਾਨ ਹਿੰਸਕ ਹੋਣ, ਜਿਸ ਨਾਲ ਸੰਘਰਸ਼ ਨੂੰ ਖ਼ਤਮ ਕੀਤਾ ਜਾ ਸਕੇ। ਉਨਾਂ ਕਿਹਾ ਪਰ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਕਿਸਾਨ ਆਪਣਾ ਸੰਘਰਸ਼ ਸ਼ਾਂਤਮਈ ਤਰੀਕੇ ਨਾਲ ਕਰ ਰਹੇ ਹਨ। ਉਨਾਂ ਕਿਹਾ ਕਿ ਬੀਜੇਪੀ ਵਿਧਾਇਕ ਦੀ ਕੁੱਟਮਾਰ ਲਈ ਵਿਰੋਧ ਕਰਨ ਵਾਲੇ ਕਿਸਾਨਾਂ 'ਤੇ ਪਰਚੇ ਦਰਜ਼ ਕਰਨ ਨਾਲ ਪੰਜਾਬ ਦੀ ਕਾਂਗਰਸ ਸਰਕਾਰ ਦੀ ਪੋਲ ਵੀ ਖੁੱਲ ਰਹੀ ਹੈ। ਕਾਂਗਰਸੀ ਅਤੇ ਭਾਜਪਾਈ ਆਪਸ ਵਿੱਚ ਰਲੇ ਹੋਏ ਹਨ। ਉਨਾਂ ਕਿਹਾ ਕਿ ਇਹ ਪਰਚੇ ਕਿਸਾਨਾਂ 'ਤੇ ਦਰਜ ਕਰਨੇ ਬਹੁਤ ਗਲਤ ਹਨ, ਜਿਸ ਨੂੰ ਕੈਪਟਨ ਸਰਕਾਰ ਤੁਰੰਤ ਰੱਦ ਕਰੇ।

ਕੈਪਟਨ ਅਮਰਿੰਦਰ ਸਿੰਘ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਕੇ ਇਰਾਦੇ ਵਾਲਾ ਵਿਅਕਤੀ ਕਹਿਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਲਾਗੂ ਕਰਵਾਉਣ ਲਈ ਸਾਰੀਆਂ ਹੀ ਸਿਆਸੀ ਪਾਰਟੀਆਂ ਆਪਸ ਵਿੱਚ ਮਿਲੀਆਂ ਹੋਈਆਂ ਹਨ ਜਿਸ ਕਰਕੇ ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਮੰਤਰੀ ਲਈ ਅਜਿਹੇ ਬਿਆਨ ਦੇ ਕੇ ਖੇਤੀ ਕਾਨੂੰਨਾਂ ਤੇ ਗਲਤ ਫ਼ੈਸਲਿਆਂ ਲਈ ਕੇਂਦਰ ਸਰਕਾਰ ਨੂੰ ਹੱਲਾਸ਼ੇਰੀ ਦੇ ਰਹੇ ਹਨ।

**ਸਿਰਸਾ 'ਚ ਭਾਜਪਾ ਆਗੂ ਤੇ ਕਿਸਾਨ ਆਹਮੋ-ਸਾਹਮਣੇ**

ਭਾਜਪਾ ਦੇ ਵਿਧਾਇਕ ਅਰੁਣ ਨਾਰੰਗ ਨਾਲ ਬੀਤੇ ਦਿਨੀਂ ਕੁਝ ਵਿਅਕਤੀਆਂ ਵੱਲੋਂ ਕੀਤੇ ਗਏ ਦੁਰਵਿਹਾਰ ਦੇ ਵਿਰੋਧ ਵਿੱਚ ਭਾਜਪਾ ਕਾਰਕੁੰਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਪੁਤਲਾ ਫੂਕਣ ਲਈ ਸਿਰਸਾ ਪੁੱਜੇ ਤਾਂ ਕਿਸਾਨ ਵੀ ਉੱਥੇ ਆ ਗਏ ਤੇ ਸਥਿਤੀ ਤਣਾਅਪੂਰਨ ਬਣ ਗਈ। ਜਿੱਥੇ ਇੱਕ ਪਾਸੇ ਭਾਜਪਾ ਕਾਰਕੁਨ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸਨ, ਉੱਥੇ ਹੀ ਕਿਸਾਨਾਂ ਵੱਲੋਂ ਭਾਜਪਾ ਕਾਰਕੁੰਨਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ। ਮਗਰੋਂ ਪੁਲਿਸ ਦੇ ਪਹਿਰੇ ਹੇਠ ਭਾਜਪਾ ਕਾਰਕੁੰਨਾਂ ਨੇ ਕੈਪਟਨ ਅਮਰਿੰਦਰ ਸਿੰਘ ਦਾ ਪੁਤਲਾ ਫੂਕਿਆ। ਇਸ ਦੌਰਾਨ ਦੋਵਾਂ ਧਿਰਾਂ ਨੇ ਇੱਕ-ਦੂਜੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

**ਅੰਦੋਲਨ ਸ਼ਾਂਤਮਈ ਰੱਖਣ ਕਿਸਾਨ: ਚੜੂਨੀ**

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਸਾਨ ਆਗੂਆਂ ਨੂੰ ਅੰਦੋਲਨ ਸ਼ਾਂਤਮਈ ਰੱਖਣ ਦੀ ਅਪੀਲ ਕੀਤੀ ਹੈ। ਉਨਾਂ ਕਿਹਾ ਕਿ ਭਾਜਪਾ ਸੋਚੀ-ਸਮਝੀ ਸਾਜ਼ਿਸ਼ ਤਹਿਤ ਆਪਣੇ ਆਗੂਆਂ ਨੂੰ ਲੋਕਾਂ ਵਿੱਚ ਭੇਜ ਰਹੀ ਹੈ ਤਾਂ ਜੋ ਲੋਕਾਂ ਵਿੱਚ ਟਕਰਾਅ ਪੈਦਾ ਹੋਵੇ। ਸ੍ਰੀ ਚੜੂਨੀ ਨੇ ਕਿਹਾ ਕਿ ਕਿਸਾਨ ਭਾਜਪਾ ਦੀ ਸਾਜ਼ਿਸ਼ ਕਾਮਯਾਬ ਨਹੀਂ ਹੋਣ ਦੇਣਗੇ। ਉਨਾਂ ਕਿਹਾ ਕਿ ਜੇਕਰ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹਨ ਤਾਂ ਉਨਾਂ ਦੇ ਵਿਰੋਧ ਤੋਂ ਪਾਸਾ ਵੱਟਿਆ ਜਾਵੇ।

## ਵਿਧਾਇਕ ਅਰੁਣ ਨਾਰੰਗ ਕੇਸ ਵਿਚ 21 ਕਿਸਾਨ ਆਗੂਆਂ ਨੇ ਦਿੱਤੀ ਗ੍ਰਿਫ਼ਤਾਰੀ

**ਮਲੋਟ /ਏ.ਟੀ.ਨਿਊਜ਼:** ਤ੍ਰਿਕੋਣੀ ਚੌਂਕ ਕਾਫੀ ਦਿਨਾਂ ਤੋਂ ਚਰਚਾ ਵਿਚ ਹੈ ਕਿਉਂਕਿ ਕਿਸਾਨ ਜਥੇਬੰਦੀਆਂ ਇੱਥੇ ਲਗਾਤਾਰ ਧਰਨਾ ਪ੍ਰਦਰਸ਼ਨ ਕਰ ਰਹੀਆਂ ਹਨ। ਇਸ ਤਹਿਤ ਕਿਸਾਨਾਂ ਨੇ ਚੌਂਕ ਵਿਚ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਵਿਧਾਇਕ ਅਰੁਣ ਨਾਰੰਗ ਕੁੱਟਮਾਰ ਮਾਮਲੇ ਵਿਚ 20 ਕਿਸਾਨਾਂ ਨੇ ਪੁਲਿਸ ਨੂੰ ਗ੍ਰਿਫ਼ਤਾਰੀ ਦਿੱਤੀ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਜ਼ਿਲਾ ਪ੍ਰਧਾਨ ਸੁਖਦੇਵ ਸਿੰਘ ਨੇ ਦੱਸਿਆ ਕਿ ਵਿਧਾਇਕ ਨਾਲ ਕੁੱਟਮਾਰ ਮਾਮਲੇ 'ਚ ਪੁਲਿਸ ਨੇ 300 ਕਿਸਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ, ਜੋ ਕਿ ਸਰਾਸਰ ਗਲਤ ਹੈ। ਕਿਸਾਨਾਂ ਨੇ ਚਿਤਾਵਨੀ ਦਿੱਤੀ ਸੀ ਕਿ ਉਹ ਭਾਜਪਾ ਆਗੂਆਂ ਦਾ ਵਿਰੋਧ ਕਰਨਗੇ। ਇਸਦੇ ਬਾਵਜੂਦ ਭਾਜਪਾ ਆਗੂ ਨਹੀਂ ਟਲੇ ਅਤੇ ਕਿਸਾਨਾਂ ਨੂੰ ਉਕਸਾਉਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ। ਬੇਕਸੂਰ ਕਿਸਾਨਾਂ ਨੂੰ ਪੁਲਿਸ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਗ੍ਰਿਫ਼ਤਾਰ ਕਿਸਾਨਾਂ ਦੀ ਰਿਹਾਈ ਲਈ ਕਿਸਾਨ ਆਗੂ ਗ੍ਰਿਫ਼ਤਾਰੀਆਂ ਦੇਣ ਲਈ ਅੱਗੇ ਆ ਰਹੇ ਹਨ। ਉਨਾਂ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।

ਪੁਲਿਸ ਨੂੰ ਗ੍ਰਿਫ਼ਤਾਰੀਆਂ ਦੇਣ ਵਾਲੇ ਕਿਸਾਨ ਆਗੂਆਂ ਵਿਚ ਸੁਖਦੇਵ ਸਿੰਘ ਬੂੜਾ ਗੁੱਜਰ, ਨਿਰਮਲ ਸਿੰਘ ਜੱਸਿਆਣਾ, ਬਲਜੀਤ ਸਿੰਘ ਬੋਦੀਵਾਲਾ, ਗੁਰਦੀਪ ਸਿੰਘ, ਬਲਦੇਵ ਸਿੰਘ, ਲਖਵੀਰ ਸਿੰਘ, ਬਲਵੀਰ ਸਿੰਘ, ਗੁਰਾਦਿੱਤਾ ਸਿੰਘ, ਸਾਧੂ ਸਿੰਘ, ਜਸਕਰਨ ਸਿੰਘ (ਸਾਰੇ ਹਰੀਕੇ ਕਲਾਂ) ਨਾਨਕ ਸਿੰਘ ਫੱਕਰਸਰ, ਮਨਦੀਪ ਸਿੰਘ ਮਹਿਣਾ, ਅਵਤਾਰ ਸਿੰਘ ਮਿੱਠੜੀ, ਮਨਜਿੰਦਰ ਸਿੰਘ ਵੜਿੰਗ, ਦਰਸ਼ਨ ਸਿੰਘ ਵੜਿੰਗ, ਸੁਰਜਿੰਦਰ ਸਿੰਘ ਵੜਿੰਗ ਸ਼ਾਮਲ ਹਨ। ਬਾਰ ਐਸੋਸੀਏਸ਼ਨ ਦੇ ਸੀਨੀਅਰ ਵਕੀਲ ਹਰਪਾਲ ਸਿੰਘ ਸੰਧੂ ਤੇ ਪ੍ਰਧਾਨ ਮਲਕੀਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਉਹ ਗ੍ਰਿਫ਼ਤਾਰ ਕਿਸਾਨਾਂ ਦੇ ਕੇਸ ਮੁਫ਼ਤ ਲੜਣਗੇ।

## ਫੇਮਸ ਮਲੋਟ

ਕਿਉਂ ਨਾਲ ਰੌਲਿਆਂ ਦੇ ਨਾਪੇਂ ਤੂੰ ਮੇਰਾ ਇਹ ਸੋਹਣਾ ਸ਼ਹਿਰ ਕੁੜੇ
ਲੋਕ ਮਨਾਂ ਦੇ ਮਿੱਠੇ ਇੱਥੇ ਨਾ ਰੱਖਦੇ ਵਿੱਚ ਦਿਮਾਗੀ ਜਹਿਰ ਕੁੜੇ
ਨਿੱਝਰ ਜੋ ਅੱਜ ਪੜਚੋਲ ਕਰੂਗਾ ਬੱਸ ਉਹੀ ਦਿਲਾਂ ਚ ਰੱਟੀਏ ਨੀ
ਇਹ ਤੇਰੇ ਭੁਲੇਖੇ ਨੇ ਮੇਰਾ ਮਲੋਟ ਤਾਂ ਮੁੱਢ ਤੋਂ ਫੇਮਸ ਜੱਟੀਏ ਨੀ.....
ਪੰਜਾਬ ਦੀ ਰਾਜਨੀਤੀ ਦੇ ਬਾਬੇ ਬੋਹੜ ਦਾ ਇਹੀ ਆ ਸ਼ਹਿਰ ਕੁੜੇ
ਜੋ ਡਾਕੂਆਂ ਦਾ ਮੁੰਡਾ ਸੁਣੀਂ ਦਾ ਉਹਦੀ ਵੀ ਇਹੀ ਆ ਠਹਿਰ ਕੁੜੇ
ਅੱਜ ਵੀ ਨਾਮ ਬੋਲੇ ਪਹਿਲਵਾਨ ਗਾਜੇ ਦਾ ਤੋੜ ਲੱਭ ਨਾ ਸਕੀਏ ਨੀ
ਇਹ ਤੇਰੇ ਭੁਲੇਖੇ ਨੇ ਮੇਰਾ ਮਲੋਟ ਤਾਂ ਮੁੱਢ ਤੋਂ ਫੇਮਸ ਜੱਟੀਏ ਨੀ.....
ਪੀ ਬੀ ਤਰਵੰਜਾ ਤੋਂ ਸਿਮਰਨਜੋਤ ਮੱਕੜ ਵੀ ਕਰੇ ਬਿਲੋਂਗ ਕੁੜੇ
ਚੈਨਲ ਓਨ ਏਅਰ ਤੇ ਦੱਸੇ ਜਿਹੜਾ ਕੀ ਰਾਈਟ ਤੇ ਕੀ ਰੌਂਗ ਕੁੜੇ
ਜਿੱਥੇ ਸਮੇਤ ਦਲੀਲਾਂ ਦੇ ਮਾੜੇ ਅਨਸਰ ਨਾਲ ਰੀਝਾਂ ਦੇ ਛੱਟੀਏ ਨੀ
ਇਹ ਤੇਰੇ ਭੁਲੇਖੇ ਨੇ ਮੇਰਾ ਮਲੋਟ ਤਾਂ ਮੁੱਢ ਤੋਂ ਫੇਮਸ ਜੱਟੀਏ ਨੀ.....
ਇੱਥੇ ਬਜਾਰ ਕਾਰਾਂ ਦੀ ਮੰਡੀ ਦਾ ਜੀਹਦਾ ਬੋਲਬਾਲਾ ਚੁਫੇਰ ਕੁੜੇ
ਖੰਨੇ ਤੋਂ ਬਾਅਦ ਦਾਣਾ ਮੰਡੀ ਸਾਡੀ ਜਿੱਥੇ ਨਾ ਕੋਈ ਤੇਰ ਮੇਰ ਕੁੜੇ
ਗੁੱਗੂ ਗਿੱਲ ਦਾ ਹੈ ਨਾਮ ਬੜਾ ਉਹ ਵੀ ਆ ਇੱਥੋਂ ਹੀ ਜੱਟੀਏ ਨੀ
ਇਹ ਤੇਰੇ ਭੁਲੇਖੇ ਨੇ ਮੇਰਾ ਮਲੋਟ ਤਾਂ ਮੁੱਢ ਤੋਂ ਫੇਮਸ ਜੱਟੀਏ ਨੀ.....
ਵਿੱਚ ਲੋਹੇ ਬਜਾਰ ਦੇ ਖੜਕੇ ਦੇਖ ਕਿਵੇਂ ਪੈਂਦੇ ਆ ਖੜਕਾਟ ਕੁੜੇ
ਇੱਥੇ ਦੂਰੋਂ ਆਉਂਦੇ ਲੋਕ ਲੈਣ ਟਰੈਕਟਰ ਕਾਰਾਂ ਦੇ ਪਾਰਟ ਕੁੜੇ
ਤਲਵਿੰਦਰ ਕਹੇ ਤੇਰਾ ਸਾਊ ਜਿਹਾ ਨਾ ਬਦਨਾਮੀਆਂ ਖੱਟੀਏ ਨੀ
ਇਹ ਤੇਰੇ ਭੁਲੇਖੇ ਨੇ ਮੇਰਾ ਮਲੋਟ ਤਾਂ ਮੁੱਢ ਤੋਂ ਫੇਮਸ ਜੱਟੀਏ ਨੀ.....

**ਤਲਵਿੰਦਰ ਨਿੱਝਰ ਸਾਉਂਕੇ**

**94173-86547**

# ਅਮਰੀਕੀ ਮਾਡਲ ਨੇ ਨਿਗਲੇ ਛੋਟੇ ਕਿਸਾਨ



- ਗੁਰਮੀਤ ਸਿੰਘ ਪਲਾਹੀ
9815802070

ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਵੱਡੇ ਲਹਿਲਹਾਉਂਦੇ ਸਟਰਾਬੇਰੀ, ਬਦਾਮਾਂ ਦੇ ਫਾਰਮ ਹਾਊਸਾਂ ਦੇ ਹੇਠਾਂ ਹਜ਼ਾਰਾਂ ਛੋਟੇ ਕਿਸਾਨਾਂ ਦੇ ਖ਼ੂਹਾਂ, ਫਾਰਮ ਹਾਊਸਾਂ ਦੇ ਕਬਰਸਤਾਨ ਹਨ। ਇਹ ਛੋਟੇ ਕਿਸਾਨ ਕਿੱਧਰ ਗਏ ? ਇਨਾਂ ਦੇ ਖੇਤਾਂ ਦੀ ਮਾਲਕੀ ਕਿਵੇਂ ਖੋਹੀ ਗਈ ? ਇਹ ਅਮਰੀਕੀ ਇਤਿਹਾਸ ਦੇ ਪੰਨਿਆਂ 'ਚ ਦਰਜ ਹੈ। ਸੋਹਣੇ-ਸੋਹਣੇ, ਛੋਟੇ-ਛੋਟੇ ਫਾਰਮ ਹਾਊਸਾਂ 'ਚ ਹੱਸਦੇ-ਖੇਡਦੇ ਟੱਬਰਾਂ ਵਾਲੇ ਇਹ ਕਿਸਾਨ ਹੁਣ ਕਿਧਰੇ ਕਿਸੇ ਸ਼ਹਿਰ 'ਚ ਵਸਦੇ ਹੋਣਗੇ ਜਾਂ ਅਮਰੀਕਾ ਦੇ ਸ਼ਹਿਰਾਂ ਦੇ ਬਾਹਰਵਾਰ ਬਣੀਆਂ ਝੁੱਗੀਆਂ-ਝੌਂਪੜੀਆਂ 'ਚ ਆਪਣੇ ਜੀਵਨ ਦਾ ਨਿਰਬਾਹ ਕਰ ਰਹੇ ਹੋਣਗੇ।

ਕਿਉਂਕਿ ਉਨਾਂ ਦੇ ਖੇਤ, ਵੱਡੇ ਪੱਧਰ 'ਤੇ ਖੇਤੀ ਦਾ ਕਿੱਤਾ ਕਰਨ ਵਾਲੀਆਂ ਕਾਰਪੋਰੇਸ਼ਨਾਂ, ਖੇਤੀ ਉਦਯੋਗਾਂ ਦੇ ਮਾਲਕਾਂ ਨੇ ਵੱਡੀਆਂ-ਵੱਡੀਆਂ ਰਕਮਾਂ ਦੇ ਕੇ ਹਥਿਆ ਲਏ ਹਨ। ਅਮਰੀਕਾ ਵਿਚ ਇਸ ਵੇਲੇ 2,50,000 ਵੱਖੋ-ਵੱਖਰੀ ਕਿਸਮ ਦੇ ਫੈਕਟਰੀ ਫਾਰਮ (ਖੇਤੀ ਉਦਯੋਗ) ਹਨ। ਸੰਨ 1930 ਵਿਚ ਅਮਰੀਕਾ 'ਚ ਸੂਰਾਂ ਦਾ ਮਾਸ ਕੱਟਣ ਵਾਲੀਆਂ ਵੱਡੀਆਂ ਫੈਕਟਰੀਆਂ ਦੀ ਸ਼ੁਰੂਆਤ ਹੋਈ।

ਇਹ ਸੂਰ ਵੱਡੇ ਖੇਤਾਂ 'ਚ ਪਾਲਣੇ ਆਰੰਭੇ ਗਏ ਜਿਨਾਂ ਨੂੰ ਕਿ ਪਹਿਲਾਂ ਕਿਸਾਨ ਆਪਣੇ ਵਾੜਿਆਂ 'ਚ ਪਾਲਦੇ ਸਨ ਅਤੇ ਖੇਤੀ ਦੇ ਨਾਲ-ਨਾਲ ਉਨਾਂ ਦਾ ਸਹਾਇਕ ਧੰਦਾ ਸਨ ਅਤੇ ਚੰਗੀ ਕਮਾਈ ਦਾ ਸਾਧਨ ਸਨ। ਸੰਨ 1950 'ਚ ਵੱਡੇ ਪੋਲਟਰੀ ਫਾਰਮ ਬਣੇ ਅਤੇ 1970 ਦੇ ਸ਼ੁਰੂ 'ਚ ਅਮਰੀਕੀ ਸਰਕਾਰ ਦੇ ਸਕੱਤਰ ਨੇ ਵੱਡੇ ਪੱਧਰ 'ਤੇ ਖੇਤੀ ਦਾ ਮੰਤਰ ਦਿੱਤਾ 'ਵੱਡੇ ਬਣੋ ਜਾਂ ਛੱਡੋ' ਭਾਵ ਖੇਤੀ ਦੇ ਵੱਡੇ ਫਾਰਮ ਹਾਊਸ ਬਣਾਓ ਜਾਂ ਖੇਤੀ ਖੇਤਰ 'ਚੋਂ ਬਾਹਰ ਹੋਵੋ।

ਇੱਥੋਂ ਹੀ ਅਮਰੀਕਾ ਦੇ ਛੋਟੇ ਕਿਸਾਨਾਂ ਦੀ ਤਬਾਹੀ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਇਸ ਸਮੇਂ ਦੌਰਾਨ ਵੱਡੇ ਧਨ ਕੁਬੇਰ ਅਮਰੀਕਾ 'ਚ ਖੇਤੀ ਖੇਤਰ ਵੱਲ ਤੁਰੇ। ਉਨਾਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਲਾਲਚ ਦੇ ਕੇ ਖਰੀਦੀਆਂ, ਗਹਿਣੇ ਧਰੀਆਂ ਅਤੇ ਇਨਾਂ ਖੇਤਾਂ ਵਿਚ ਅਗਲੇ ਇਕ ਦਹਾਕੇ 'ਚ ਇੰਨੀ ਪੈਦਾਵਾਰ ਕੀਤੀ ਕਿ ਅੰਨ-ਦਾਣੇ ਦੇ ਖੇਤਰ 'ਚ ਅਮਰੀਕਾ ਨੱਕੋ-ਨੱਕੀ ਭਰ ਗਿਆ। ਇਹ ਉਹੋ ਸਮਾਂ ਹੀ ਸੀ ਜਦੋਂ ਫਿਰ ਅਮਰੀਕਾ 'ਚ ਪਰਿਵਾਰਕ ਫਾਰਮ ਹਾਊਸਾਂ ਦੇ ਮਾਲਕ ਕਰਜ਼ਾਈ ਹੋ ਗਏ, ਜ਼ਮੀਨਾਂ ਦੀਆਂ ਕੀਮਤਾਂ ਡਿੱਗੀਆਂ ਤੇ ਕਿਸਾਨ ਇਸ ਕਿੱਤੇ 'ਚੋਂ ਬਾਹਰ ਆਉਣੇ ਸ਼ੁਰੂ ਹੋ ਗਏ।

ਸੰਨ 1990 'ਚ ਅੱਧੇ ਕਿਸਾਨ ਖੇਤੀ ਕਿੱਤਾ ਛੱਡ ਗਏ ਅਤੇ ਹੁਣ ਹਾਲਤ ਇਹ ਹੈ ਕਿ 25 ਫ਼ੀਸਦੀ ਤੋਂ ਵੀ ਘੱਟ ਮੱਧ ਵਰਗੀ ਕਿਸਾਨ ਖੇਤੀ ਸੈਕਟਰ 'ਚ ਡਟੇ ਰਹਿ ਸਕੇ ਹਨ।

ਛੋਟੇ ਫਾਰਮ ਹਾਊਸਾਂ ਦੇ ਅਮਰੀਕੀ ਖੇਤੀ ਖੇਤਰ 'ਚੋਂ ਲਗਭਗ ਲੋਪ ਹੋਣ ਨਾਲ ਸਥਾਨਕ ਪੱਧਰ ਦੇ ਛੋਟੇ ਦੁਕਾਨਦਾਰ, ਕਾਰੋਬਾਰੀਏ, ਰੈਸਟੋਰੈਂਟ, ਡਾਕਟਰ ਅਤੇ ਸਰਵਿਸ ਮਕੈਨਿਕਾਂ ਦੇ ਕੰਮਾਂ-ਕਾਰਾਂ 'ਤੇ ਵੱਡਾ ਅਸਰ ਪਿਆ। ਉਨਾਂ ਦੀ ਆਮਦਨ ਘਟੀ ਅਤੇ ਬਹੁਤੇ ਲੋਕ ਦੁਕਾਨਾਂ ਆਦਿ ਬੰਦ ਕਰ ਕੇ ਹੋਰ ਕੰਮਾਂ ਦੀ ਭਾਲ 'ਚ ਸ਼ਹਿਰਾਂ ਵੱਲ ਤੁਰ ਗਏ। ਇੰਜ ਸਥਾਨਕ ਭਾਈਚਾਰਾ ਲਗਭਗ ਖੇਰੂੰ-ਖੇਰੂੰ ਹੋ ਗਿਆ ਜਿਸ ਦਾ ਲੋਕ ਮਨਾਂ 'ਤੇ 'ਭਿਅੰਕਰ' ਅਸਰ ਵੇਖਣ ਨੂੰ ਮਿਲਿਆ।



ਅਮਰੀਕਾ ਦੇ ਧਨ ਕੁਬੇਰ ਦੇ ਮਾਲਕ ਜ਼ਮੀਨ ਖ਼ਰੀਦਦੇ ਗਏ। ਉਨਾਂ ਕੋਲ ਟਰੈਕਟਰ ਸਨ, ਕੰਬਾਈਨਾਂ ਸਨ। ਉਹ ਘੱਟ ਮਨੁੱਖੀ ਸ਼ਕਤੀ ਦੀ ਵਰਤੋਂ ਕਰਦੇ ਸਨ। ਕੰਪਿਊਟਰਾਂ ਰਾਹੀਂ ਟਰੈਕਟਰ, ਕੰਬਾਈਨਾਂ ਚਲਾਉਂਦੇ ਸਨ ਅਤੇ ਹੁਣ ਵੀ ਇੰਜ ਹੀ ਖੇਤੀ ਕਰਦੇ ਜਾਂ ਕਰਾਉਂਦੇ ਹਨ। ਜ਼ਮੀਨ ਖ਼ਰੀਦਣ ਵੇਲੇ ਉਹ ਕਿਸਾਨ ਨੂੰ ਕਹਿੰਦੇ ਸਨ ਕਿ ਉਹ ਖੇਤਾਂ ਵਿਚ ਕੰਮ ਕਰ ਸਕਦਾ ਹੈ। ਉਹ ਉਸ ਨੂੰ ਨੌਕਰੀ ਦਿੰਦੇ ਸਨ ਪਰ ਉਸ ਦੇ ਕੰਮ ਦੇ ਘੰਟੇ ਆਪ ਤੈਅ ਕਰਦੇ ਸਨ। ਇੰਜ ਉਹ ਸਭ ਕੁਝ 'ਤੇ ਕੰਟਰੋਲ ਕਰਦੇ ਗਏ। ਇੰਜ ਵਸਦਾ-ਰਸਦਾ ਫਾਰਮ ਹਾਊਸ ਦਿਨਾਂ 'ਚ ਹੀ ਗਾਇਬ ਹੋ ਜਾਂਦਾ। ਧਨ ਕੁਬੇਰਾਂ ਦੀਆਂ ਇਹ ਕੰਪਨੀਆਂ ਇਹ ਪ੍ਰਚਾਰਦੀਆਂ ਹਨ ਕਿ ਉਹ ਲੋਕਾਂ ਲਈ ਖੇਤਾਂ 'ਚ ਜਾਂ ਆਪਣੇ ਕਾਰੋਬਾਰਾਂ ਵਿਚ ਨੌਕਰੀ ਪੈਦਾ ਕਰਦੀਆਂ ਹਨ ਪਰ ਉੱਥੇ 'ਕਿਸਾਨ ਪਰਿਵਾਰ' ਵਿੱਚੋਂ ਕਿੰਨੇ ਲੋਕ ਕੰਮ ਕਰਨਗੇ, ਜਿਹੜੇ ਕਿ ਰਲ-ਮਿਲ ਕੇ ਇਕ ਕਮਿਊਨਿਟੀ ਬਣਦੇ ਸਨ। ਕੰਮ ਇਕ ਕਰੇਗਾ ਤਾਂ ਬਾਕੀ ਕਿੱਥੇ ਰਹਿਣਗੇ ਅਤੇ ਕਿੱਥੇ ਜਾਣਗੇ ? ਇੰਜ ਅਮਰੀਕਾ ਦੇ ਵਸੇ ਹੋਏ ਪਿੰਡ ਖ਼ਤਮ ਹੋ ਗਏ ਹਨ ਅਤੇ ਅਮਰੀਕਾ ਦਾ ਪੇਂਡੂ ਸੱਭਿਆਚਾਰ ਖੇਤੀ ਉਦਯੋਗ ਦੀ ਭੇਟ ਚੜ ਰਿਹਾ ਹੈ।

ਪਿੰਡਾਂ 'ਚ ਗਰੀਬੀ ਅਤੇ ਗਰੀਬਾਂ ਦਾ ਵਾਧਾ ਹੋਇਆ ਹੈ। ਅਮਰੀਕਾ ਸਰਕਾਰ ਦੀਆਂ ਨੀਤੀਆਂ ਨਾਲ ਸਥਾਨਕ ਕਿਸਾਨਾਂ ਨੂੰ ਵੱਡਾ ਧੱਕਾ ਲੱਗਾ ਹੈ। ਅਮਰੀਕਾ ਸਰਕਾਰ ਨੇ ਵੱਡੇ ਧਨ ਕੁਬੇਰਾਂ ਅੱਗੇ ਹਥਿਆਰ ਸੁੱਟ ਕੇ ਕੌਮਾਂਤਰੀ ਕਾਰਪੋਰੇਸ਼ਨਾਂ ਹੱਥ ਉਦਯੋਗਾਂ, ਖੇਤੀ ਉਦਯੋਗ ਦੀ ਵਾਗਡੋਰ ਫੜਾ ਦਿੱਤੀ ਜਿਨਾਂ ਨੇ ਪਸ਼ੂਆਂ-ਪੰਛੀਆਂ ਦੇ ਮਾਸ ਦੇ ਕਾਰੋਬਾਰ ਤੋਂ ਲੈ ਕੇ ਘਰਾਂ 'ਚ ਵਰਤੀ ਜਾਣ ਵਾਲੀ ਹਰ ਚੀਜ਼ 'ਤੇ ਆਪਣਾ ਏਕਾਧਿਕਾਰ ਸਥਾਪਤ ਕਰ ਲਿਆ।

ਸ਼ਾਪਿੰਗ ਮਾਲਜ਼, ਮਾਰਟ ਖੋਲ ਦਿੱਤੇ। ਵੱਡੇ ਚਮਕਦਾਰ ਸ਼ੋਅਰੂਮ ਸਥਾਪਤ ਕਰ ਦਿੱਤੇ। ਅਰਥਾਤ ਮੰਡੀ 'ਤੇ ਪੂਰਾ ਕਬਜ਼ਾ ਕਰ ਲਿਆ ਜਿਸ ਨਾਲ ਪ੍ਰਚੂਨ ਦੁਕਾਨਾਦਾਰ, ਛੋਟਾ ਦਸਤਕਾਰ ਰੁਲ ਗਿਆ ਅਤੇ ਆਮ ਲੋਕ ਇਨਾਂ ਵੱਡੇ ਕਾਰੋਬਾਰੀਆਂ ਦੇ ਰਹਿਮੋ-ਕਰਮ 'ਤੇ ਰਹਿ ਗਏ। ਇਹ ਸਭ ਕੁਝ ਸਰਕਾਰੀ ਸਹਿਯੋਗ ਅਤੇ ਲੋਕਾਂ ਵੱਲੋਂ ਦਿੱਤੇ ਟੈਕਸ ਦੀ ਵਰਤੋਂ ਨਾਲ ਹੋਇਆ।

ਇੰਜ ਏਕਾਧਿਕਾਰ ਹੋਣ ਨਾਲ ਧਨ ਕੁਬੇਰਾਂ ਦਾ ਸਰਕਾਰ 'ਤੇ ਕੰਟਰੋਲ ਹੀ ਨਹੀਂ ਵਧਿਆ ਸਗੋਂ ਲੋਕਤੰਤਰੀ ਤਾਣੇ-ਬਾਣੇ ਲਈ ਜਿਹੜੇ ਸੰਵਿਧਾਨਕ ਨਿਯਮ, ਕਾਨੂੰਨ ਲੋਕ ਹਿਤ ਵਿਚ ਬਣੇ ਹੋਏ ਸਨ, ਉਹ ਵੀ ਉਨਾਂ ਵੱਲੋਂ ਪ੍ਰਭਾਵਿਤ ਹੋਣ ਲੱਗੇ। ਕੰਮ ਦੇ ਘੰਟੇ ਵਧੇ। ਨੌਕਰੀ ਦੀ ਸੁਰੱਖਿਆ ਘਟੀ ਅਤੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ 'ਚ ਵਾਧਾ ਲਗਾਤਾਰ ਵੇਖਣ ਨੂੰ ਮਿਲਿਆ।

ਛੋਟੀ ਖੇਤੀ, ਛੋਟੇ ਕਿਸਾਨ ਦੀ ਉਪਜ ਅਤੇ ਸਥਾਨਕ ਮੰਡੀ ਵਿਚ ਆਮ ਲੋਕਾਂ ਨੂੰ ਜਿਹੜੀਆਂ ਚੀਜ਼ਾਂ ਸਸਤੇ ਭਾਅ 'ਤੇ ਮਿਲਦੀਆਂ ਸਨ, ਉਨਾਂ 'ਚ ਕਮੀ ਦੇਖੀ ਜਾਣ ਲੱਗੀ ਹੈ। ਪਿਛਲੇ 40 ਸਾਲ ਵਿਚ ਅਮਰੀਕਾ ਵਿਚ ਖਾਣ ਵਾਲੀਆਂ ਚੀਜ਼ਾਂ 'ਤੇ 200 ਫ਼ੀਸਦੀ ਦਾ ਵਾਧਾ ਵੇਖਣ ਨੂੰ ਮਿਲਿਆ ਹੈ ਜਦਕਿ ਹੇਠਲੇ ਤਬਕੇ ਦੇ 90 ਫ਼ੀਸਦੀ ਲੋਕਾਂ ਦੀ ਆਮਦਨੀ ਸਿਰਫ਼ 25ਫ਼ੀਸਦੀ ਵਧੀ ਹੈ।

ਇਸ ਨਾਲ ਅਮਰੀਕਾ 'ਚ ਪੇਂਡੂ ਗਰੀਬੀ, ਬੱਚਿਆਂ 'ਚ ਭੁੱਖਮਰੀ ਅਤੇ ਮੁਫ਼ਤ ਭੋਜਨ ਘਰਾਂ (ਫੂਡ ਇਨਸਿਕੋਅਰ ਹੋਮ) ਦੀ ਗਿਣਤੀ ਵਧੀ ਹੈ। ਸ਼ਕਤੀਸ਼ਾਲੀ ਅਮਰੀਕਾ ਨੇ ਪਿਛਲੇ ਵਰਿਆਂ 'ਚ ਫ਼ਸਲਾਂ ਦੀ ਘੱਟੋ-ਘੱਟ ਕੀਮਤ (ਐੱਮਐੱਸਪੀ) ਅਤੇ ਹੋਰ ਕਿਸਾਨੀ ਬਰਾਬਰੀ ਸਕੀਮਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਖੇਤੀ ਖੇਤਰ 'ਚ 'ਠੇਕਾ ਖੇਤੀ' ਦੀ ਝੰਡੀ ਗੱਡ ਦਿੱਤੀ ਹੈ ਜਿਹੜੀ ਵੱਡੀਆਂ ਖੇਤੀ ਕਾਰਪੋਰੇਸ਼ਨਾਂ ਤੋਂ ਬਿਨਾਂ ਸਾਰੇ ਹੋਰ ਕਿਸਾਨਾਂ ਲਈ ਵੱਡਾ ਨੁਕਸਾਨ ਹੈ।

ਅਮਰੀਕਾ ਵਿਚ ਦਰਅਸਲ ਕਾਰਪੋਰੇਟ ਖੇਤੀ ਨੇ ਖੇਤਾਂ ਤੋਂ ਕਾਂਟੇ ਤੱਕ ਆਪਣਾ ਕੰਟਰੋਲ ਕੀਤਾ ਹੋਇਆ ਹੈ। ਖੇਤਾਂ ਦੀ ਥੋਕ ਉਪਜ 'ਤੇ ਉਹ ਕਾਬਜ਼ ਹੈ ਕਿਉਂਕਿ ਖੇਤੀ ਦਾ ਸਾਰਾ ਕਾਰੋਬਾਰ, ਮੰਗ ਤੇ ਪੂਰਤੀ ਦਾ ਕੰਟਰੋਲ, ਕਾਰਪੋਰੇਟਾਂ ਦੇ ਹੱਥ 'ਚ ਹੈ। ਇਸ ਲਈ ਉਹੀ ਹਰ ਚੀਜ਼ ਦੀ ਕੀਮਤ ਤੈਅ ਕਰਦੇ ਹਨ। ਛੋਟੇ ਕਾਰੋਬਾਰੀਏ ਅਤੇ ਖੇਤੀ ਕਰ ਰਹੇ ਕਿਸਾਨਾਂ ਨੂੰ ਮਾਰਕੀਟ 'ਚੋਂ ਕਿਵੇਂ ਭਜਾਉਣਾ ਹੈ, ਉਸ ਦਾ ਫ਼ੈਸਲਾ ਵੀ ਉਹੀ ਕਰਦੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਮਰੀਕਾ ਦੀ ਸਰਕਾਰ ਇਨਾਂ ਕਾਰਪੋਰੇਟ ਘਰਾਣਿਆਂ ਦੀ ਪਿਛਲੱਗ ਵਜੋਂ ਕੰਮ ਕਰਦੀ ਹੈ। ਫੂਡ ਸਟੈਂਡਰਡ ਦੇ ਨਾਂ 'ਤੇ ਅਮਰੀਕੀ ਘਰਾਣਿਆਂ ਵੱਲੋਂ ਜਿਸ ਢੰਗ ਨਾਲ ਦੇਸ਼ ਦੀ ਸਮੁੱਚੀ ਖੇਤੀ ਤੇ ਖੇਤ ਹਥਿਆਏ ਗਏ, ਉਸ ਤੋਂ ਉਤਸ਼ਾਹਤ ਹੋ ਕੇ ਅਮਰੀਕਾ ਦੇ ਬਰਤਾਨੀਆ 'ਚ ਰਾਜਦੂਤ ਵੂਡੀ ਜੌਹਨਸਨ ਨੇ ਬਰਤਾਨੀਆ 'ਚ ਵੀ ਅਮਰੀਕਾ ਵਾਲਾ ਖੇਤੀ ਪੈਟਰਨ ਅਪਨਾਉਣ ਲਈ ਸੁਝਾਅ ਦਿੱਤਾ।

ਇਸੇ ਕਿਸਮ ਦਾ ਸੁਝਾਅ ਵਰਲਡ ਟਰੇਡ ਆਰਗੇਨਾਈਜੇਸ਼ਨ (ਡਬਲਯੂਟੀਓ) ਅਤੇ ਵਰਲਡ ਬੈਂਕ (ਵਿਸ਼ਵ ਬੈਂਕ) ਵੱਲੋਂ ਦਿੱਤਾ ਜਾ ਰਿਹਾ ਹੈ।

ਇਹ ਇਕੱਲਾ ਸੁਝਾਅ ਹੀ ਨਹੀਂ ਦਿੱਤਾ ਜਾ ਰਿਹਾ ਸਗੋਂ ਵਿਸ਼ਵ ਸਰਕਾਰਾਂ ਨੂੰ ਸਹਾਇਤਾ ਸ਼ਰਤਾਂ ਅਧੀਨ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਖੇਤੀ ਦਾ ਇਹ ਮਾਡਲ ਆਪੋ-ਆਪਣੇ ਦੇਸ਼ ਵਿਚ ਲਾਗੂ ਕਰਨ। ਉਨਾਂ ਦੀ ਇਹ ਨੀਤੀ ਬੇਹੱਦ ਪੱਖਪਾਤੀ ਤੇ ਖ਼ਤਰਨਾਕ ਹੈ ਕਿਉਂਕਿ ਉਹ ਗਰੀਬ ਮੁਲਕਾਂ ਨੂੰ ਤਾਂ ਇਸ ਗੱਲੋਂ ਵਰਜ ਰਹੇ ਹਨ ਕਿ ਉਹ ਆਪਣੇ ਕਿਸਾਨਾਂ ਨੂੰ ਸਬਸਿਡੀਆਂ ਨਾ ਦੇਣ ਜਦਕਿ ਉਨਾਂ ਨੇ ਅਮੀਰ ਮੁਲਕਾਂ ਨੂੰ ਪੂਰੀ ਖੁੱਲ ਦਿੱਤੀ ਹੋਈ ਹੈ। ਭਾਰਤ ਨੇ ਵੀ ਇਸ ਅਹਿਦ (ਸਮਝੌਤੇ) 'ਤੇ ਸਹੀ ਪਾਈ ਹੋਈ ਹੈ। ਸਿੱਟੇ ਵਜੋਂ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਗਏ ਹਨ। ਜਿਸ ਢੰਗ ਨਾਲ ਅਮਰੀਕਾ ਦੀਆਂ ਵੱਡੀਆਂ ਖੇਤੀ ਗਿਰਝਾਂ ਨੇ ਛੋਟੇ ਕਿਸਾਨਾਂ ਨੂੰ ਖਾਧਾ, ਉਹ ਭਾਰਤੀ ਮੱਧ ਵਰਗੀ ਲੋਕਾਂ ਲਈ ਤਬਾਹੀ ਦੀ ਇਕ ਉਦਾਹਰਨ ਹੈ। ਇਹ ਅੱਖਾਂ ਖੋਲਣ ਦਾ ਵੇਲਾ ਹੈ।

---

# ਹਿਸਾਰ 'ਚ ਦੁਸ਼ਯੰਤ ਚੌਟਾਲਾ ਨੂੰ ਕਾਲੇ ਝੰਡੇ ਦਿਖਾ ਕੇ ਕਿਸਾਨਾਂ ਨੇ ਪ੍ਰਗਟਾਇਆ ਰੋਸ

## ਭਾਰੀ ਸੁਰੱਖਿਆ ਹੇਠ ਪਿਛਲੇ ਰਾਹ ਤੋਂ ਨਿਕਲੇ ਚੌਟਾਲਾ

**ਚੰਡੀਗੜ/ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨ ਅੰਦੋਲਨ ਦਾ ਸੇਕ ਹੁਣ ਭਾਜਪਾ ਅਤੇ ਉਸ ਦੀਆਂ ਭਾਈਵਾਲ ਪਾਰਟੀਆਂ ਤੱਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਹਰਿਆਣਾ ਦੇ ਉਪ ਮੁੱਖ ਮੰਤਰੀ ਅਤੇ ਜੇਜੇਪੀ ਦੇ ਆਗੂ ਦੁਸ਼ਯੰਤ ਚੌਟਾਲਾ ਜਦੋਂ ਹਿਸਾਰ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਨ ਲਈ ਹੈਲੀਕਾਪਟਰ ਰਾਹੀਂ ਪਹੁੰਚੇ ਤਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਉਨਾਂ ਦਾ ਵਿਰੋਧ ਕੀਤਾ ਅਤੇ ਕਾਲੇ ਝੰਡੇ ਦਿਖਾਏ। ਕਿਸਾਨਾਂ ਨੂੰ ਜਦੋਂ ਦੁਸ਼ਯੰਤ ਚੌਟਾਲਾ ਦੇ ਆਉਣ ਦੀ ਜਾਣਕਾਰੀ ਮਿਲੀ ਤਾਂ ਉਨਾਂ ਹਿਸਾਰ ਹਵਾਈ ਅੱਡੇ ਦਾ ਘਿਰਾਓ ਕਰ ਦਿੱਤਾ। ਕਿਸਾਨਾਂ ਨੇ ਸ੍ਰੀ ਚੌਟਾਲਾ ਨੂੰ ਵਾਪਸ ਜਾਣ ਸਬੰਧੀ ਨਾਅਰੇਬਾਜ਼ੀ ਵੀ ਕੀਤੀ। ਕਿਸਾਨਾਂ ਦੇ ਗੁੱਸੇ ਨੂੰ ਦੇਖਦਿਆਂ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਸਨ। ਉਨਾਂ ਨੂੰ ਬੈਰੀਕੇਡ ਅਤੇ ਜਲ ਤੋਪਾਂ ਰਾਹੀਂ ਅੱਗੇ ਵੱਧਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਗੁੱਸੇ 'ਚ ਆਏ ਕਿਸਾਨਾਂ ਨੇ ਬੈਰੀਕੇਡ ਉਖਾੜ ਸੁੱਟੇ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸ਼ਮਸ਼ੇਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਹਿਸਾਰ ਵਿੱਚ ਗੱਠਜੋੜ ਸਰਕਾਰ ਦੇ ਕਿਸੇ ਸਮਾਗਮ ਨੂੰ ਨਹੀਂ ਹੋਣ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਵੱਲੋਂ ਭਾਜਪਾ-ਜੇਜੇਪੀ ਆਗੂਆਂ ਦੇ ਰਾਜਨੀਤਕ ਅਤੇ ਸਮਾਜਿਕ ਸਮਾਗਮਾਂ ਦਾ ਬਾਈਕਾਟ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਇਹ ਆਗੂ ਜਾਣਬੁੱਝ ਕੇ ਲੋਕਾਂ ਵਿੱਚ ਜਾ ਰਹੇ ਹਨ। ਉਨਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨ ਲੈਂਦੀ, ਇਹ ਸੰਘਰਸ਼ ਜਾਰੀ ਰਹੇਗਾ।



ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਹਿਸਾਰ ਏਅਰਪੋਰਟ 'ਤੇ ਹੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਤਿੰਨ ਘੰਟੇ ਮੀਟਿੰਗ ਚੱਲਣ ਤੋਂ ਬਾਅਦ ਉਹ ਪਿਛਲੇ ਰਾਹ ਤੋਂ ਲੰਘ ਗਏ। ਉਨਾਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹਿਸਾਰ ਵਿੱਚ ਰਿਵਾੜੀ-ਬਠਿੰਡਾ ਰੇਲਵੇ ਲਾਈਨ 'ਤੇ ਬਣੇ ਥ੍ਰੀ-ਲੇਨ ਰੇਲਵੇ ਓਵਰਬ੍ਰਿਜ, ਅਨਾਜ ਮੰਡੀ ਨੇੜੇ ਬਣਨ ਵਾਲੇ ਓਵਰਬ੍ਰਿਜ ਅਤੇ ਹੋਰ ਕਈ ਕਾਰਜਾਂ ਦਾ ਉਦਘਾਟਨ ਕੀਤਾ।

---

# ਲੱਖਾ ਸਿਧਾਣਾ ਦੀ ਕਿਸਾਨ ਮੋਰਚੇ 'ਚ ਹੋਈ ਵਾਪਸੀ

## ਦੀਪ ਸਿੱਧੂ ਨਾਲ ਕੋਈ ਸਬੰਧ ਨਹੀਂ : ਗੁਰਨਾਮ ਸਿੰਘ ਚੜੂਨੀ



ਤਲਵੰਡੀ ਸਾਬੋ : ਸੰਯੁਕਤ ਕਿਸਾਨ ਮੋਰਚੇ ਦੇ ਮੋਹਰੀ ਆਗੂ ਗੁਰਨਾਮ ਸਿੰਘ ਚੜੂਨੀ ਨੇ ਇੱਥੇ ਕਿਹਾ ਕਿ ਦੀਪ ਸਿੱਧੂ ਨਾਲ ਭਵਿੱਖ 'ਚ ਵੀ ਕਦੇ ਸੰਯੁਕਤ ਕਿਸਾਨ ਮੋਰਚਾ ਮਿਲ ਕੇ ਨਹੀਂ ਚੱਲ ਸਕਦਾ। ਲੱਖਾ ਸਿਧਾਣਾ ਬਾਰੇ ਪੁੱਛੇ ਸਵਾਲ 'ਤੇ ਉਨਾਂ ਕਿਹਾ ਕਿ ਲੱਖੇ ਨੇ ਸਿਰਫ ਅਨੁਸ਼ਾਸਨ ਤੋੜਿਆ ਸੀ ਪਰ ਦੀਪ ਸਿੱਧੂ ਨੇ ਉਹ ਕੰਮ ਕੀਤਾ ਜਿਸ ਕਰਕੇ ਕਿਸਾਨ ਮੋਰਚੇ ਦਾ ਵੱਡਾ ਨੁਕਸਾਨ ਹੋਇਆ ਸੀ। ਉਨਾਂ ਅੱਗੇ ਕਿਹਾ ਕਿ ਮਈ ਦੇ ਪਹਿਲੇ ਪੰਦਰਵਾੜੇ 'ਚ ਕਿਸੇ ਦਿਨ ਸੰਸਦ ਦੇ ਘਿਰਾਓ ਦਾ ਪ੍ਰੋਗਰਾਮ ਬਣ ਸਕਦਾ ਹੈ। ਚੜੂਨੀ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵਿਸਾਖੀ ਦਿੱਲੀ ਮੋਰਚੇ 'ਤੇ ਹੀ ਮਨਾਵੇਗਾ, ਤਲਵੰਡੀ ਸਾਬੋ ਜੋੜ ਮੇਲੇ 'ਤੇ ਮੋਰਚੇ ਵੱਲੋਂ ਕੋਈ ਕਾਨਫਰੰਸ ਨਹੀਂ ਕੀਤੀ ਜਾਵੇਗੀ।

**ਲੱਖਾ ਸਿਧਾਣਾ ਦੀ ਕਿਸਾਨ ਮੋਰਚਾ 'ਚ ਵਾਪਸੀ**

ਦਿੱਲੀ ਦੀਆਂ ਹੱਦਾਂ 'ਤੇ ਕਿਸਾਨਾਂ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਤੇ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਲੱਖਾ ਸਿਧਾਣਾ ਤੇ ਸਾਥੀਆਂ ਨੂੰ ਕਿਸਾਨ ਅੰਦੋਲਨ ਵਿਚ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਲੱਖਾ ਸਿਧਾਣਾ ਤੇ ਸਾਥੀਆਂ ਨੂੰ ਮੋਰਚੇ ਨਾਲ ਜੋੜਨ ਲਈ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿਚੋਂ ਕਈ ਆਗੂ, ਗਾਇਕ ਤੇ ਚਿੰਤਕ ਬੀਤੇ ਕਈ ਦਿਨਾਂ ਤੋਂ ਪਰਦੇ ਪਿੱਛੇ ਸਰਗਰਮ ਸਨ। ਸੰਯੁਕਤ ਕਿਸਾਨ ਮੋਰਚੇ ਦੀ ਕਮੇਟੀ ਦੇ ਮੈਂਬਰ ਡਾ. ਦਰਸ਼ਨ ਪਾਲ ਨੇ ਕਿਹਾ ਕਿ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਤੇ ਮੋਰਚੇ ਵੱਲੋਂ ਸਿਧਾਣਾ ਨਾਲ ਜੁੜੇ ਨੌਜਵਾਨਾਂ ਨੂੰ ਨਾਲ ਲੈ ਕੇ ਅੱਗੇ ਵਧਿਆ ਜਾਵੇਗਾ।

ਉਨਾਂ ਕਿਹਾ ਕਿ ਉਸ ਦੇ ਸਾਥੀਆਂ ਵੱਲੋਂ ਪਿਛਲੇ ਸਮੇਂ ਦੀਆਂ ਕਮੀਆਂ ਦੂਰ ਕਰਕੇ ਮੋਰਚੇ ਦੀ ਅਗਵਾਈ ਹੇਠ ਚੱਲਣ ਦਾ ਭਰੋਸਾ ਦਿੱਤਾ ਗਿਆ ਹੈ ਤੇ ਕਈ ਗਾਇਕਾਂ, ਚਿੰਤਕਾਂ ਤੇ ਕਿਸਾਨ ਆਗੂਆਂ ਦਰਮਿਆਨ ਇਸ ਮੁੱਦੇ ਉਪਰ ਚਰਚਾ ਚੱਲ ਰਹੀ ਸੀ। ਕਿਸਾਨ ਆਗੂ ਨੇ ਜਥੇਬੰਦੀਆਂ, ਸਿੱਖ ਚਿੰਤਕਾਂ, ਖਿਡਾਰੀ ਵਰਗ, ਕਲਾਕਾਰ ਭਾਈਚਾਰੇ ਦਾ ਧੰਨਵਾਦ ਕੀਤਾ ਜਿਨਾਂ ਕਿਸਾਨੀ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਮੁੱਦੇ ਨੂੰ ਹੱਲ ਕੀਤਾ।

# ਪੰਜਾਬ ਦਾ ਰਾਜਨੀਤਿਕ ਦ੍ਰਿਸ਼ ਕੀ ਹੋਵੇਗਾ



ਰਣਜੀਤ ਸਿੰਘ ਕੁਕੀ

ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਪੰਜਾਬ ਵਿਚ ਅਸੈਂਬਲੀ ਚੋਣਾਂ ਹੋਣ ਜਾ ਰਹੀਆਂ ਹਨ।ਪੰਜਾਬ ਦੇ ਰਾਜਨੀਤਿਕ ਦ੍ਰਿਸ਼ ਵਿਚ ਤੀਜੀ ਪਾਰਟੀ (ਆਮ ਆਦਮੀ ਪਾਰਟੀ) ਦੇ ਕੁਝ ਕੁ ਅੰਸ਼ਾਂ ਅਤੇ ਹੰਭੀ ਹੋਈ ਭਾਜਪਾ ਦੀ ਅਲਪ ਹੋਂਦ ਨਾਲ ਦੋ ਪਾਰਟੀਆਂ ਦੀ ਹੀ ਪ੍ਰਭੂਸੱਤਾ ਰਹੀ ਹੈ। ਸੱਤਾਧਾਰੀ ਕਾਂਗਰਸ ਤੇ ਵਿਰੋਧੀ ਅਕਾਲੀ ਦਲ ਵਿਚ ਲੋਕਵਾਦ ਵਾਲਾ ਰਾਜਨੀਤਿਕ ਸੱਭਿਆਚਾਰ ਹੀ ਭਾਰੂ ਰਿਹਾ ਹੈ ਜਿਸ ਵਿਚ ਮੌਕਾਪ੍ਰਸਤੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ।ਉਨ੍ਹਾਂ ਦਾ ਵਿਚਾਰਧਾਰਕ ਨਜ਼ਰੀਆ ਬਹੁਤ ਕਮਜ਼ੋਰ ਅਤੇ ਵਾਰ-ਵਾਰ ਬਦਲਣ ਵਾਲਾ ਰਿਹਾ ਹੈ ਜਿਸ ਉੱਪਰ ਹਮੇਸ਼ਾ ਹੀ ਚਮਤਕਾਰੀ ਨੇਤਾਗਿਰੀ ਦਾ ਪਰਛਾਵਾਂ ਮੰਡਰਾਉਂਦਾ ਰਿਹਾ ਹੈ।ਇਹਨਾਂ 'ਚਮਤਕਾਰੀ' ਨੇਤਾਵਾਂ ਵਿਚ ਆਦਰਸ਼ਵਾਦੀ ਵਿਚਾਰਾਂ ਦੀ ਕਮੀ ਰਹੀ ਹੈ ਜਿਸ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਉੱਪਰ ਕੋਈ ਠੋਸ ਪ੍ਰਭਾਵ ਨਹੀਂ ਪਾਇਆ ਹੈ। ਲੋਕਵਾਦ ਤੋਂ ਪ੍ਰਭਾਵਿਤ ਆਦਰਸ਼ਵਾਦ ਹੀ ਇਸ ਰਾਜਨੀਤਿਕ ਲੀਡਰਸ਼ਿਪ ਦਾ ਮਾਪਦੰਡ ਬਣ ਗਿਆ ਹੈ ਜਿਸ ਨੇ ਖੜੋਤ ਦੇ ਨਾਲ-ਨਾਲ ਨਿਰਾਸ਼ਾ ਦੇ ਮਾਹੌਲ ਵਿਚ ਵਾਧਾ ਕੀਤਾ ਹੈ।ਇਸ ਲੀਡਰਸ਼ਿਪ ਦਾ ਦਾ ਇਕੋ-ਇਕ ਮਕਸਦ ਲੋਕ-ਭਲਾਈ ਦੇ ਮੁਫ਼ਤ ਉਪਹਾਰਾਂ ਦੇ ਨਾਂ ਤੇ ਰਾਜ ਦੇ ਖਜ਼ਾਨੇ ਨੂੰ ਲੁੱਟਣਾ ਹੈ ਜਿਸ ਦਾ ਕਿ ਪਹਿਲਾਂ ਹੀ ਦਮ ਘੁੱਟਣ ਦੀ ਹੱਦ ਤੱਕ ਸਾਹ ਬੰਦ ਹੋ ਚੁੱਕਿਆ ਹੈ।ਇਸ ਤਰਾਂ ਦੇ ਨਿਰਾਸ਼ਾ, ਮਾਯੂਸੀ ਅਤੇ ਲੀਡਰਸ਼ਿਪ ਵਿਚ ਰਾਜਨੀਤਿਕ ਅਸਥਿਰਤਾ ਦੇ ਮਾਹੌਲ ਵਿਚ ਪੰਜਾਬ 2022 ਦੀਆਂ ਅਸੈਂਬਲੀ ਚੋਣਾਂ ਦੀ ਤਿਆਰੀ ਕਰ ਰਿਹਾ ਹੈ।

2017 ਦੀਆਂ ਚੋਣਾਂ ਵਿਚ ਕੀਤੇ ਭਾਰੀ-ਭਰਕਮ ਵਾਅਦਿਆਂ ਦੇ ਬਾਵਜੂਦ ਸੱਤਾਧਾਰੀ ਕਾਂਗਰਸ ਦੀ ਆਰਥਿਕ ਵਿਵਸਥਾ ਨੂੰ ਫਿਰ ਤੋਂ ਉਰਜਾ ਨਾਲ ਭਰਨ, ਕਿਸਾਨਾਂ ਦੇ ਮੁੱਦਿਆਂ ਨੂੰ ਸਮੇਂ ਸਿਰ ਸੰਬੋਧਿਤ ਹੋਣ ਅਤੇ ਨੌਜਵਾਨਾਂ ਲਈ ਉਮੀਦ ਦਾ ਰਸਤਾ ਬਣਾਉਣ ਵਿਚ ਅਸਫਲ ਰਹੀ ਹੈ ਜਿਸ ਨੇ ਸੱਤਾ-ਵਿਰੋਧੀ ਲਹਿਰ ਨੂੰ ਮਜਬੂਤ ਕੀਤਾ ਹੈ। ਪਿਛਲੇ ਬਜਟ ਸਮੇਂ ਰਾਜ ਦਾ ਖਜ਼ਾਨਾ ਖਾਲੀ ਹੋਣ ਦੇ ਬਾਵਜੂਦ ਇਸ ਵਾਰ ਫਿਰ ਤੋਂ ਆਉਣ ਵਾਲੀਆਂ ਚੋਣਾਂ ਵਿਚ ਮਜਬੂਤ ਧਿਰ ਵਜੋਂ ਪੇਸ਼ ਕਰਨ ਲਈ ਲੋਕ-ਲੁਭਾਊ ਵਾਅਦਿਆਂ ਦੀ ਲੜੀ ਲਗਾ ਦਿੱਤੀ ਗਈ ਹੈ।ਰਾਸ਼ਟਰੀ ਪੱਧਰ ਤੇ ਕਾਂਗਰਸ ਪਾਰਟੀ ਦੀ ਹੋਂਦ ਲਗਭਗ ਨਾਂਹ ਦੇ ਬਰਾਬਰ ਹੋ ਚੁੱਕੀ ਹੈ।ਭਾਰਤ ਦੀ ਅਜ਼ਾਦੀ ਤੋਂ ਹੀ ਲੈ ਕੇ ਕਾਂਗਰਸ ਦਾ ਪੰਜਾਬ ਅਤੇ ਸਿੱਖ ਵਿਰੋਧੀ ਰਵੱਈਆ, ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਅਤੇ 1984 ਦਾ ਕਤਲੇਆਮ ਹੋਣ ਦੇ ਬਾਵਜੂਦ ਸਿੱਖਾਂ ਨੇ ਅਕਾਲੀ ਦਲ ਦੀ ਕਾਰਗੁਜ਼ਾਰੀ ਤੋਂ ਲਗਾਤਾਰ ਨਾਖੁਸ਼ ਹੋ ਕੇ ਕਾਂਗਰਸ ਨੂੰ ਵੀ ਮੌਕਾ ਦਿੱਤਾ ਹੈ। ਕਾਂਗਰਸ ਦੀਆਂ ਆਪਣੀਆਂ ਅੰਦਰੂਨੀ ਸਮਸਿਆਵਾਂ ਹਨ, ਪਰ ਕੁਲ ਮਿਲਾ ਕੇ ਭਾਰਤੀ ਰਾਜਨੀਤੀ ਦੇ ਸਰੂਪ ਵਾਂਗ ਇੱਥੇ ਹੀ ਇਕ ਵਿਅਕਤੀ ਦੀ ਪ੍ਰਧਾਨਤਾ ਵਾਲਾ ਆਦਰਸ਼ ਹੀ ਰਿਹਾ ਹੈ।

ਪੰਜਾਬ ਵਿਚ ਰਾਜਨੀਤਕ ਸਥਾਪਤੀ ਸਾਹਵੇਂ ਪ੍ਰਮੁੱਖ ਰਾਜਨੀਤਕ ਮੁੱਦੇ ਇਹ ਹਨ: ਮੌਜੂਦਾ ਸੰਘਰਸ਼ ਦੇ ਸੰਦਰਭ ਵਿਚ ਕਿਸਾਨਾਂ ਦਾ ਮੁੱਦਾ, ਨਕਰਾਤਮਿਕਤਾ ਦੀ ਹੱਦ ਤੱਕ ਆਰਥਿਕ ਮੰਦਵਾੜਾ, ਨੌਕਰੀਆਂ ਦੇਣ ਦੀ ਨਿਰਾਸ਼ਾਜਨਕ ਸਥਿਤੀ, ਚੰਗੇ ਪ੍ਰਸ਼ਾਸਨ ਦੀ ਘਾਟ ਅਤੇ ਇਸ ਵਿਚ ਭਰੋਸੇਯੋਗਤਾ ਦੀ ਕਮੀ, ਪੇਂਡੂ ਖੇਤਰ ਵਿਚ ਵਿਆਪਕ ਨਸ਼ਿਆਂ ਦੀ ਸਮੱਸਿਆ, ਚੰਡੀਗੜ ਦੇ ਸੰਦਰਭ ਵਿਚ ਅਣਸੁਲਝੇ ਮਸਲੇ, ਪਾਣੀਆਂ ਦਾ ਮੁੱਦਾ, ਪੰਜਾਬੀ ਬੋਲਣ ਵਾਲੇ ਇਲਾਕੇ ਅਤੇ ਸਤਲੁਜ-ਯਮੁਨਾ ਲਿੰਕ ਮੁੱਦਾ, ਸਿੱਖਾਂ ਦੀ ਪਛਾਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਅਣਸੁਲਝਿਆ ਮਸਲਾ।ਪੰਜਾਬ ਦੀ ਲੀਡਰਸ਼ਿਪ ਇਨ੍ਹਾਂ ਮਸਲਿਆਂ ਨੂੰ ਉਠਾਉਣ ਅਤੇ ਮੁਖ਼ਾਤਿਬ ਹੋਣ ਵਿਚ ਬਹੁਤ ਕਮਜ਼ੋਰ ਰਹੀ ਹੈ।ਇਥੋਂ ਤੱਕ ਕਿ ਰਾਜ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਨੂੰ ਲਗਾਤਾਰ ਖੋਰਾ ਵੀ ਪੰਜਾਬ ਦੀ ਲੀਡਰਸ਼ਿਪ ਨੂੰ ਜਗਾ ਨਹੀਂ ਪਾਇਆ ਹੈ।

ਕਾਂਗਰਸ ਦੀ ਮੁੱਖ ਵਿਰੋਧੀ ਪਾਰਟੀ ਅਕਾਲੀ ਦਲ ਪਿਛਲੀਆਂ ਚੋਣਾਂ ਵਿਚ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੂੰ ਲਾਪਰਵਾਹੀ ਨਾਲ ਨਜੱਠਿਣ ਕਰਕੇ, ਅਤੇ 1980ਵਿਆਂ ਵਿਚ ਸਿੱਖ ਨੌਜਵਾਨਾਂ ਨਾਲ ਹੋਈਆਂ ਵਧੀਕੀਆਂ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਪ੍ਰਤੀ ਪੱਖਪਾਤੀ ਰਵੱਈਆ ਅਪਣਾਉਣ ਕਰਕੇ ਅਤੇ ਹਿੰਦੂ ਵਿਚਾਰਧਾਰਾ ਵਾਲੀ ਭਾਜਪਾ ਨਾਲ ਨਜ਼ਦੀਕੀ ਸੰਬੰਧ ਰੱਖਣ ਕਰਕੇ ਆਪਣੀ ਹੋਂਦ ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਿਹਾ ਹੈ।ਇਸ ਨੇ ਸਿੱਖਾਂ ਵਿਚ ਬੇਭਰੋਸਗੀ ਤੇ ਗੁੱਸਾ ਪੈਦਾ ਕੀਤਾ ਹੈ।ਇਸ ਤੋਂ ਇਲਾਵਾ ਪਾਰਟੀ ਦੀਆਂ ਅੰਦਰੂਨੀ ਫੁੱਟਾਂ ਨੇ ਵੀ ਇਸ ਪ੍ਰਤੀ ਨਕਾਰਤਮਿਕ ਪ੍ਰਭਾਵ ਹੀ ਬਣਾਇਆ ਹੈ।ਦਿੱਲੀ ਅਧਾਰਿਤ ਲੀਡਰਸ਼ਿਪ ਵਾਲੀ ਆਪ ਪਾਰਟੀ ਮਜਬੂਤ ਅਸਥਿਰ ਲੀਡਰਸ਼ਿਪ, ਵਿਧਾਨ-ਸੰਬੰਧੀ ਦਿਸ਼ਾ ਦੀ ਘਾਟ, ਰਾਜ ਪੱਧਰ ਤੇ ਪ੍ਰਭਾਵਸ਼ਾਲੀ ਨੇਤਾ ਦੀ ਅਣਹੋਂਦ, ਹਿੰਦੂਵਾਦੀ ਝੁਕਾਅ ਅਤੇ ਪੰਜਾਬ ਨਾਲ ਸੰਬੰਧਿਤ ਮਸਲਿਆਂ ਤੋਂ ਦੂਰ ਜਾਣ ਕਰਕੇ ਆਪਣੀ ਚਮਕ ਗੁਆ ਚੁੱਕੀ ਹੈ।ਭਾਜਪਾ ਅਕਾਲੀ ਦਲ ਤੋਂ ਇਸ ਦੇ ਤੋੜ-ਵਿਛੋੜੇ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਆਪਣੀ ਜਗਾ ਬਣਾਉਣ ਲਈ ਸੰਘਰਸ਼ ਕਰ ਰਹੀ ਹੈ।ਅਕਾਲੀ ਦਲ ਨਾਲ 1967 ਤੋਂ ਹੀ ਇਸ ਦੇ ਗਠਜੋੜ ਦੇ ਬਾਵਜੂਦ ਇਸ ਦੀ ਹਿੰਦੂਵਾਦੀ ਵਿਚਾਰਧਾਰਾ, ਕਿਸਾਨ-ਵਿਰੋਧੀ ਰਵੱਈਏ, ਪੰਜਾਬ ਅਤੇ ਸਿੱਖਾਂ ਦੇ ਮੁੱਦਿਆਂ ਦਾ ਵਿਰੋਧ ਅਤੇ ਕੇਂਦਰੀਕਰਨ ਦੀ ਮਜਬੂਤ ਨੀਤੀ ਕਰਕੇ ਇਸ ਦਾ ਪੰਜਾਬ ਵਿਚ ਭਵਿੱਖ ਧੁੰਦਲਾ ਹੈ। ਇਸ ਤੋਂ ਇਲਾਵਾ ਰਾਜਨੀਤਕ ਪਾਰਟੀ ਦੇ ਤੌਰ 'ਤੇ ਇਸ ਵਿਚ ਪ੍ਰਭਾਵਸ਼ਾਲੀ ਨੇਤਾ ਦੀ ਘਾਟ ਹੈ।

ਪੰਜਾਬ ਵਿਚ ਦਲਿਤਾਂ ਅਤੇ ਹੋਰ ਹਾਸ਼ੀਆਗ੍ਰਤ ਸਮੂਹਾਂ ਦੀ ਚੰਗੀ-ਖਾਸੀ ਅਬਾਦੀ ਹੋਣ ਦੇ ਬਾਵਜੂਦ ਰਾਜਨੀਤਿਕ ਫਰੰਟ ਬਣਾਉਣ ਲਈ ਕੋਈ ਪ੍ਰਭਾਵਸ਼ੀਲ ਲੀਡਰਸ਼ਿਪ ਨਹੀਂ ਉੱਭਰ ਪਾਈ ਹੈ।ਸਗੋਂ ਉਹ ਲੋਕ-ਭਲਾਈ ਲੋਕਵਾਦ ਤੋਂ ਪ੍ਰੇਰਿਤ ਸਕੀਮਾਂ, ਜੋ ਉਨ੍ਹਾਂ ਦਾ ਕੋਈ ਭਲਾ ਨਹੀਂ ਕਰਦੀਆਂ, ਰਾਹੀ ਦੂਜੀਆਂ ਰਾਜਨੀਤਕ ਪਾਰਟੀਆਂ ਦੀਆਂ ਲੋੜਾਂ ਨੂੰ ਹੀ ਪੂਰਾ ਕਰਦੇ ਰਹੇ ਹਨ।ਸਿੱਖਾਂ ਦੇ ਮੁੱਦਿਆਂ ਨੂੰ ਉਠਾਉਣ ਵਾਲੀਆਂ ਪਾਰਟੀਆਂ ਜਾਂ ਸਮੂਹ, ਜਿਨਾਂ ਦੀ 1980ਵਿਆਂ ਅਤੇ 1990ਵਿਆਂ ਦੇ ਸ਼ੁਰੂ ਵਿਚ ਵਿਚ ਹੋਂਦ ਸੀ, ਵਿਚਾਰਾਂ ਦੀ ਟੱਕਰ, ਦੂਰ-ਅੰਦੇਸ਼ੀ ਨਜ਼ਰੀਏ ਦੀ ਘਾਟ, ਸਵੈ-ਅਭਿਮਾਨ ਤੇ ਸਿੱਖਾਂ ਦੇ ਮੁੱਦਿਆਂ ਦੇ ਮੁਦੱਈਆਂ ਦੇ ਸੰਕੀਰਨ ਲਾਲਚ ਕਰਕੇ ਸਮਾਂ ਵਿਹਾ ਕੇ ਅਧੀਨਗੀ ਵਾਲੀ ਸਥਿਤੀ ਵਿਚ ਚਲੇ ਗਏ।

ਪੰਜਾਬ ਦੀਆਂ ਸੰਸਥਾਗਤ ਰਾਜਨੀਤਿਕ ਪਾਰਟੀਆਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਮੌਜੂਦਾ ਕਿਸਾਨ ਸੰਘਰਸ਼ ਹੈ।ਕਿਸਾਨ ਸੰਘਰਸ਼ ਦੇ ਪਰਿਣਾਮ ਅਤੇ ਮੁੱਦਿਆਂ ਦਾ ਪੰਜਾਬ ਦੀ ਰਾਜਨੀਤੀ ਉੱਪਰ ਪ੍ਰਮੁੱਖ ਪ੍ਰਭਾਵ ਪਵੇਗਾ ਅਤੇ ਇਹ ਵੀ ਨਿਰਧਾਰਿਤ ਕਰੇਗਾ ਕਿ ਕਿਸਾਨੀ ਲੀਡਰਸ਼ਿਪ ਰਾਜਨੀਤਕ ਪੱਧਰ ਤੇ ਆਪਣੇ ਆਪ ਨੂੰ ਕਿਸ ਤਰਾਂ ਸੰਚਾਲਿਤ ਕਰਦੀ ਹੈ।ਹੁਣ ਤੱਕ ਕਿਸਾਨੀ ਲੀਡਰਸ਼ਿਪ ਦੀ ਰਾਜਨੀਤੀ ਵਿਚ ਬੰਗਾਲ ਤੱਕ ਪਹੁੰਚ ਹੋਣ ਦੇ ਬਾਵਜੂਦ ਉਨ੍ਹਾਂ ਨੇ ਇਸ ਰੁਝਾਨ ਨਹੀਂ ਦਿਖਾਇਆ ਹੈ ਕਿ ਉਹ ਪੰਜਾਬ ਦੀ ਰਾਜਨੀਤੀ ਅਤੇ ਆਉਣ ਵਾਲੀਆਂ ਚੋਣਾਂ ਵਿਚ ਆਪਣੇ ਆਪ ਨੂੰ ਕਿਸ ਤਰਾਂ ਪੇਸ਼ ਕਰਨਗੇ ? ਇਹ ਸਮਾਂ ਬਹੁਤ ਹੀ ਮਹੱਤਵਪੂਰਨ ਹੈ ਕਿ ਅਗਰ ਕਿਸਾਨੀ ਲੀਡਰਸ਼ਿਪ ਨੇ ਪੰਜਾਬ ਵਿਚ ਆਪਣੀ ਰਾਜਨੀਤਕ ਹੋਂਦ ਪੇਸ਼ ਕਰਨੀ ਹੈ ਤਾਂ ਉਹ ਆਪਣੀ ਦੂਰ-ਅੰਦੇਸ਼ੀ ਤੋਂ ਕੰਮ ਲੈਣ ਅਤੇ ਆਪਣੀ ਰਾਜਨੀਤਕ ਦਿਸ਼ਾ ਨੂੰ ਮੋਕਲਾ ਕਰਨ।ਕਿਸਾਨੀ ਅੰਦੋਲਨ ਦਾ ਕੀ ਪਰਿਣਾਮ ਨਿਕਲਦਾ ਹੈ, ਇਹ ਬਹੁਤ ਹੀ ਮਹੱਤਵਪੂਰਨ ਹੈ ਪਰ ਇਸ ਦੇ ਲਈ ਇਹ ਬਹੁਤ ਜਰੂਰੀ ਹੈ ਕਿ ਸੰਸਥਾਪਿਤ ਰਾਜਨੀਤਿਕ ਪਾਰਟੀਆਂ ਦੇ ਲੋਕਵਾਦ ਦੇ ਢਾਂਚੇ ਉੱਪਰ ਟੇਕ ਰੱਖਣ ਦੀ ਬਜਾਇ ਕਿਸਾਨੀ ਲੀਡਰਸ਼ਿਪ ਮਜਬੂਤ ਰਾਜਨੀਤਕ ਅਧਾਰ ਬਣਾਵੇ।

ਰਾਜਨੀਤਕ ਪਾਰਟੀਆਂ ਦਾ ਕਿਸਾਨੀ ਮੁੱਦਿਆਂ ਪ੍ਰਤੀ ਕੋਈ ਸਰੋਕਾਰ ਨਹੀਂ ਹੈ ਬਲਕਿ ਉਹ ਸ਼ਾਬਦਿਕ ਸਵੈ-ਭਾਸ਼ਣਾਂ ਰਾਹੀ ਖੇਤੀ ਕਾਨੂੰਨਾਂ ਨੂੰ ਵਾਪਿਸ ਕਰਾਉਣ ਲਈ ਬਣਾਉਟੀ ਗੱਲਾਂ-ਬਾਤਾਂ ਹੀ ਕਰ ਰਹੀਆਂ ਹਨ।ਪੰਜਾਬ ਵਿਚ ਖੇਤੀ ਸੰਕਟ ਦਾ ਹੱਲ ਕਰਨ ਲਈ ਦੀਰਘਕਾਲੀਨ ਹੱਲ ਦੀ ਜਰੂਰਤ ਹੈ ਜਿਸ ਦੇ ਲਈ ਬੁਨਿਆਦੀ ਢਾਂਚੇ ਵਿਚ ਹੀ ਸੁਧਾਰ ਲੈ ਕੇ ਆਉਣ ਦੀ ਲੋੜ ਹੈ।ਪਰ ਕਿਸੀ ਵੀ ਰਾਜਨੀਤਕ ਪਾਰਟੀ ਦੀ ਅਜਿਹਾ ਕਰਨ ਵਿਚ ਰੁਚੀ ਹੈ ਅਤੇ ਨਾ ਹੀ ਉਨ੍ਹਾਂ ਕੋਲ ਸਰਵਵਿਆਪੀ ਮਜਬੂਤੀ ਅਤੇ ਉਪਯੁਕਤ ਬਜਟ ਵੰਡ ਦੀ ਵੀ ਅਣਹੋਂਦ ਹੈ।ਇਸ ਤੋਂ ਇਲਾਵਾ ਪੰਜਾਬ ਦੀ ਰਾਜਨਿਤਕ ਸੱਤਾ ਨੇ ਪਾਣੀਆਂ ਦੇ ਮੁੱਦੇ, ਚੰਡੀਗੜ ਦਾ ਮਸਲਾ, ਅਤੇ ਉੱਚ-ਅਦਾਲਤ ਨੂੰ ਵੱਲ਼ ਕਰਨ ਦੇ ਮੁੱਦਿਆਂ ਨੂੰ ਪੂਰੀ ਤਰਾਂ ਤਿਆਗ ਹੀ ਦਿੱਤਾ ਹੈ।ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਨੂੰ ਵੀ ਚੋਣਾਂ ਦੇ ਆਲੇ-ਦੁਆਲੇ ਹੀ ਸੀਮਿਤ ਕਰ ਦਿੱਤਾ ਗਿਆ ਹੈ। ਇਸੇ ਤਰਾਂ ਹੀ ਪੰਜਾਬ ਵਿਚ ਰੋਜ਼ਗਾਰ ਦੇ ਮਸਲੇ, ਪੰਜਾਬੀ ਨੌਜਵਾਨਾਂ ਦੇ ਪੰਜਾਬ ਨੂੰ ਛੱਡ ਕੇ ਪੱਛਮੀ ਮੁਲਕਾਂ ਵੱਲ ਵਹੀਰਾਂ ਘੱਤਣ ਅਤੇ ਆਰਥਿਕ ਮੰਦਵਾੜੇ ਦੇ ਮੁੱਦਿਆਂ ਨਾਲ ਹੋਇਆ ਹੈ।ਇਸ ਦਾ ਪ੍ਰਭਾਵ ਆਉਣ ਵਾਲੇ ਸਾਲਾਂ ਵਿਚ ਅਬਾਦੀ ਦੇ ਅਸੰਤੁਲਨ ਦੇ ਰੂਪ ਵਿਚ ਪੰਜਾਬ ਵਿਚ ਬਹੁਤ ਹੀ ਪ੍ਰਤੱਖ ਰੂਪ ਵਿਚ ਨਜ਼ਰ ਆਵੇਗਾ।

ਇਕ ਅੰਗਰੇਜ਼ੀ ਵਿਦਵਾਨ ਲੁਬਰਮੈਨ ਦਾ ਕਥਨ ਹੈ, 'ਚੋਣਾਂ ਲੋਕਾਂ ਵਿਚ ਇਸ ਗੱਲ ਦਾ ਭਰਮ ਪੈਦਾ ਕਰਨ ਲਈ ਕਰਵਾਈਆਂ ਜਾਂਦੀਆਂ ਹਨ ਕਿ ਉਹ ਵੀ ਸਰਕਾਰ ਅਤੇ ਪ੍ਰਸ਼ਾਸਨ ਵਿਚ ਭਾਗੀਦਾਰੀ ਕਰ ਰਹੇ ਹਨ।' ਜਮਹੂਰੀ ਪ੍ਰਬੰਧ ਵਿਚ ਚੋਣਾਂ ਕਰਵਾਉਣੀਆਂ ਜਰੂਰੀ ਹਨ, ਪਰ ਮਹਿਜ਼ ਚੋਣਾਂ ਹੀ ਜਮਹੂਰੀਅਤ ਦੀ ਨਿਰੰਤਰਤਾ ਨੂੰ ਯਕੀਨੀ ਨਹੀਂ ਬਣਾਉਂਦੀਆਂ।ਕਿਉਂਕਿ ਜਮਹੂਰੀ ਪ੍ਰਬੰਧ ਨੂੰ ਬਣਾਈ ਰੱਖਣ ਲਈ ਹੋਰ ਢੰਗਾਂ ਦੀ ਵੀ ਲੋੜ ਹੈ ਅਤੇ ਅੰਤਿਮ ਫੈਸਲਾ ਇਸ ਗੱਲ ਉਪੱਰ ਨਿਰਭਰ ਕਰਦਾ ਹੈ ਕਿ ਕਿਸੇ ਵੀ ਚੁਣੀ ਹੋਈ ਸਰਕਾਰ ਨੇ ਚੁਣੇ ਜਾਣ ਅਤੇ ਦੁਬਾਰਾ ਚੋਣਾਂ ਸਾਹਮਣਾ ਕਰਨ ਦੇ ਅਰਸੇ ਦੌਰਾਨ ਕੀ ਕੀਤਾ ਹੈ ? ਪੰਜਾਬ ਦੀ ਰਾਜਨਿਤਕ ਲੀਡਰਸ਼ਿਪ ਅਤੇ ਚੋਣ ਪ੍ਰਬੰਧ ਅਜਿਹੇ ਮਾਪਦੰਡਾਂ ਤੋਂ ਪੂਰੀ ਤਰਾਂ ਸੱਖਣੇ ਹਨ।ਭਾਰਤੀ-ਹਿੰਦੂ ਜਮਹੂਰੀਅਤ ਦੀਆਂ ਪੈੜਾਂ ਉੱਪਰ ਚੱਲਦੇ ਹੋਏ ਹੀ ਪੰਜਾਬ ਦੀ ਰਾਜਨੀਤਕ ਜਮਾਤ ਵੀ ਧਾਰਮਿਕ ਅਤੇ ਜਾਤ ਦੇ ਪੱਤੇ ਹੀ ਖੇਡਦੀਆਂ ਰਹੀਆਂ ਹਨ। ਰਾਜਨੀਤਿਕ ਪ੍ਰਸ਼ਾਸਨ ਦਾ ਪ੍ਰਗਤੀਵਾਦੀ ਰੂਪ ਅਤੇ ਜਮਹੂਰੀਅਤ ਨੂੰ ਯਕੀਨੀ ਬਣਾਉਣਾ ਕਿਸੇ ਵੀ ਢੰਗ ਨਾਲ ਮਹਿਜ਼ ਚੋਣਾਂ ਜਿੱਤਣ ਉੱਪਰ ਹੀ ਨਿਰਭਰ ਕਰਦਾ ਹੈ।ਪੰਜਾਬ ਦੀ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਚੋਣਾਂ ਜਿੱਤਣ ਲਈ ਡਰ ਦੀ ਰਾਜਨੀਤੀ, ਨਿੱਜੀ ਲਾਲਚ ਅਤੇ ਨਿਰਵਾਚਨ ਖੇਤਰ ਦੀਆਂ ਸਵੈ-ਅਧਾਰਿਤ ਰੁਚੀਆਂ ਦਾ ਸਹਾਰਾ ਲੈਂਦੀਆਂ ਹਨ। ਲੋਕਾਂ ਲਈ ਅਸਲ ਵਿਚ ਮੌਕੇ ਪ੍ਰਦਾਨ ਕਰਨ ਦੀ ਬਜਾਏ ਲੋਕ-ਲੁਭਾਊ ਸਕੀਮਾਂ ਜਾਰੀ ਕਰਨ ਨੇ ਹੀ ਭਾਰਤੀ ਰਾਜਨੀਤੀ ਵਿਚ ਮਹੱਤਵਪੂਰਨ ਸਥਾਨ ਲੈ ਲਿਆ ਹੈ ਅਤੇ ਪੰਜਾਬ ਦਾ ਰਾਜਨੀਤਕ ਦ੍ਰਿਸ਼ ਵੀ ਇਸ ਤਰਾਂ ਦੇ ਲੋਭ ਵਿਚ ਹੀ ਫਸਿਆ ਹੋਇਆ ਹੈ।ਇਸ ਤਰਾਂ ਦੇ ਪ੍ਰਲੋਭਨ ਅਤੇ ਪ੍ਰਸ਼ਾਸਨ ਵਿਚ ਭਾਗੀਦਾਰੀ ਦੇ ਭਰਮ ਕਰਕੇ ਹੀ ਚੁਣੀਆਂ ਹੋਈਆਂ ਸਰਕਾਰਾਂ ਲੋਕਾਂ ਉੱਪਰ ਪੂਰਣ ਸੱਤਾ ਅਖ਼ਤਿਆਰ ਕਰ ਲੈਂਦੀਆਂ ਹਨ ਅਤੇ ਸੱਤਾ ਕਰਨ ਵਾਲੀ ਧਿਰ ਲੋਕਾਂ ਦੇ ਸਰੋਕਾਰਾਂ ਪ੍ਰਤੀ ਪੂਰੀ ਤਰਾਂ ਉਦਾਸੀਨ ਹੋ ਜਾਂਦੀ ਹੈ।ਸੱਤਾ ਦੇ ਇਸ ਭਾਰਤੀ ਢਾਂਚੇ ਦੀ ਹੀ ਪੰਜਾਬ ਦੀਆਂ ਰਾਜਨੀਤਿਕ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਅਕਾਲੀ ਦਲ, ਦੁਆਰਾ ਵਿਚ ਨਕਲ ਕੀਤੀ ਜਾਂਦੀ ਹੈ। ਭਾਰਤੀ ਜਮਹੂਰੀਅਤ ਅਤੇ ਪ੍ਰਸ਼ਾਸਨ ਦੇ ਡਿੱਗਦੇ ਪੱਧਰ ਨੇ ਰਾਜਨੀਤਿਕ ਪਾਰਟੀਆਂ ਉੱਪਰ ਕੋਈ ਅਸਰ ਨਹੀਂ ਪਾਇਆ ਹੈ ਕਿਉਂਕਿ ਪੰਜਾਬ ਦੇ ਰਾਜਨੀਤਿਕ ਦ੍ਰਿਸ਼ ਵਿਚ ਵੀ ਪੂਰਨ ਹਉਮੈ ਦੀ ਝਲਕ ਮਿਲਦੀ ਹੈ।

ਮਹਿਜ਼ ਚੋਣਾਂ ਜਿੱਤਣਾ ਹੀ ਭਾਰਤੀ ਜਮਹੂਰੀਅਤ ਦੀ ਜਰੂਰੀ ਸ਼ਰਤ ਬਣ ਗਈ ਹੈ ਜਿਸ ਨੂੰ ਕਿ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੇ ਵੀ ਅਪਣਾ ਲਿਆ ਹੈ।ਹਾਲਾਂਕਿ ਉਹ ਇਹ ਦਿਖਾਉਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਉਹ ਵਿਕਸਿਤ ਦੇਸ਼ਾਂ ਦੇ ਜਮਹੂਰੀ ਪ੍ਰਬੰਧ ਅਤੇ ਕਦਰਾਂ-ਕੀਮਤਾਂ ਦਾ ਹੀ ਅਨੁਸਰਣ ਕਰ ਰਹੀਆਂ ਹਨ। ਇਕ ਖਾਸ ਅਰਸੇ ਤੋਂ ਬਾਅਦ ਚੋਣਾਂ ਕਰਵਾਉਣ ਦਾ ਪ੍ਰਬੰਧ ਨੇ ਮਹਿਜ ਰਸਮੀ ਲੋਕਤੰਤਰ ਦਾ ਰੂਪ ਲੈ ਲਿਆ ਹੈ। ਹੇਠਲੀਆਂ ਸਤਰਾਂ ਵੋਟਰ ਦੇ ਦੁੱਖ ਨੂੰ ਪ੍ਰਸਤੁਤ ਕਰਦੀਆਂ ਹਨ:

'ਹੁਣ ਏਨਾ ਸ਼ੋਰ ਸ਼ਰਾਬਾ ਹੈ, ਕੁਝ ਵੀ ਸਮਝ ਨਹੀ ਆਉਂਦਾ
ਉਹ ਵੀ ਦਿਨ ਸੀ ਕਿ ਤਾਰਿਆਂ ਨਾਲ ਗੱਲਾਂ ਕੀਤੀਆਂ ਸਨ'

ਭਾਰਤੀ ਚੋਣ ਪ੍ਰੀਕਿਰਿਆ ਦੇ ਸੰਸਥਾਪਤ ਮਾਪਦੰਡਾਂ ਅਨੁਸਾਰ ਪੰਜਾਬ ਦੀਆਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਵੀ ਪੰਜਾਬ ਦੇ ਮਹੱਤਪੂਰਨ ਮੁੱਦੇ ਦੱਬੇ ਹੀ ਰਹਿ ਜਾਣਗੇ। ਸਗੋਂ ਹਮੇਸ਼ਾ ਦੀ ਤਰਾਂ ਹੀ ਲੋਕ-ਲੁਭਾਊ ਸਕੀਮਾਂ ਦਾ ਵਾਅਦਾ ਕਰਕੇ, ਵੋਟਰ ਦੇ ਨਿੱਜੀ ਹਿੱਤਾਂ ਦਾ ਲਾਭ ਉਠਾ ਕੇ ਅਤੇ ਨਸ਼ਿਆਂ ਨੂੰ ਖਤਮ ਕਰਨ ਦੇ ਖੋਖਲੇ ਦਾਅਵੇ ਕਰਕੇ ਰਾਜਨੀਤਿਕ ਪਾਰਟੀਆਂ ਦਾ ਇਕੋ-ਇਕ ਸਰੋਕਾਰ ਚੋਣਾਂ ਜਿੱਤਣਾ ਹੋਵੇਗਾ।ਕਿਸਾਨੀ ਲੀਡਰਸ਼ਿਪ ਅਜੇ ਵੀ ਵੋਟਰ ਦੀ ਸ਼ਕਤੀ ਦਾ ਅਹਿਸਾਸ ਨਾ ਕਰਦੇ ਹੋਏ ਕਿਸਾਨਾਂ ਦੀ ਲਾਮਬੰਦੀ ਨੂੰ ਹੀ ਪਹਿਲ ਦੇ ਰਹੀ ਹੈ।ਪੰਜਾਬ ਦੇ ਲੋਕ ਤੀਜੇ ਫਰੰਟ ਦੀ ਉਮੀਦ ਲਈ ਹੀ ਤਰਸਦੇ ਰਹਿਣਗੇ।ਇਕ ਸ਼ਾਇਰ ਦੇ ਸ਼ਬਦਾਂ ਵਿਚ, 'ਤੂੰ ਅਭੀ ਸੇ ਵਾਕਿਫੇ ਗਮ ਨਾ ਹੋ, ਅਭੀ ਤੇਰਾ ਐਦੇ ਸ਼ਾਬਾਬ ਹੈ।'

ਅੱਜ ਦੇ ਪੰਜਾਬ ਅਤੇ ਭਾਰਤ ਵਿਚ ਜਮਹੂਰੀਅਤ ਦਾ ਰਾਜਨੀਤਕ ਪ੍ਰਬੰਧ ਗੁਣਾਤਮਕ ਪੱਖਾਂ ਦੀ ਬਜਾਇ ਪਰਿਮਾਣ-ਸੰਬੰਧੀ ਪੱਖਾਂ ਉਪਰ ਨਿਰਭਰ ਕਰਦਾ ਹੈ। ਇਸ ਤਰਾਂ ਦੀ ਵਿਵਸਥਾ ਨੇ ਹੀ ਅਯੋਗ, ਸਵੈ-ਕੇਂਦਰਿਤ, ਸੰਕੀਰਨ, ਗੈਰ-ਜ਼ਿੰਮੇਦਾਰਾਨਾ ਪ੍ਰਬੰਧ ਨੂੰ ਬੜਾਵਾ ਦਿੱਤਾ ਹੈ ਜਿਸ ਵਿਚ ਯੋਗ ਪ੍ਰਸ਼ਾਸਨ ਵਾਲੀਆਂ ਲੋਕ-ਆਧਾਰਤ ਨੀਤੀਆਂ ਦੀ ਕੀਮਤ 'ਤੇ ਸ਼ਕਤੀਸ਼ਾਲੀ ਧਨਾਢਾਂ ਦੇ ਹਿੱਤਾਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ।

## ਬੁਲੰਦ ਇਰਾਦੇ

ਜ਼ਾਲਮ ਹਕੂਮਤੇ ਨਾਲ ਤੇਰੇ ਮੱਥਾ ਲਾਇਆ,
ਪੁੱਤ ਗੋਬਿੰਦ ਦੇ ਤੈਥੋਂ ਕਿੱਥੇ ਡਰਦੇ ਨੇ ।
ਲੋਕ ਵੇਖ ਵੇਖ ਪਾਉਂਦੇ ਮੂੰਹ 'ਚ ਉਂਗਲਾਂ,
ਅਣਖੀ ਇਹ ਕੰਮ ਸਦਾ ਅਵੱਲੜੇ ਕਰਦੇ ਨੇ।
ਵੇਖ ਬੁਲੰਦ ਹੌਸਲੇ ਇਨਾਂ ਬੱਗੇ ਸ਼ੇਰਾਂ ਦੇ,
ਤੇਰੇ ਹਰਾਇਆਂ ਨਾ ਸੌਖਿਆਂ ਇਹ ਹਰਦੇ ਨੇ ।
ਤੇਰੇ ਅੱਥਰੂ ਗੈਸਾਂ ਲਾਠੀਚਾਰਜਾਂ ਜ਼ੁਲਮਾਂ ਕੀ ਕਹਿਣਾ,
ਇਹ ਤਾਰੂ ਸਦਾ ਸੱਤ ਪੱਤਣਾਂ ਨੂੰ ਤਰਦੇ ਨੇ ।
ਤੇਰੇ ਨਿੱਤ ਦੇ ਹੱਲੇ ਤੇਰੀਆਂ ਚਾਲਾਂ ਕੋਝੀਆਂ,
ਇਹ ਨਾਜਾਇਜ਼ ਧੱਕਾ ਨਾ ਤੇਰਾ ਜਰਦੇ ਨੇ।
ਮਿੱਟੀ ਹੁੰਦੀ ਮਾਂ ਹਰ ਪੁੱਤ ਕਿਸਾਨ ਦੀ,
ਇਸੇ ਲਈ ਇਹ ਜਿਉਂਦੇ ਤੇ ਮਰਦੇ ਨੇ।
ਹਰ ਵਾਰ ਬਚਾਈ ਲੁੱਟਣੋਂ ਤੇਰੀ ਪੱਤ ਦਿੱਲੀਏ,
ਸ਼ੇਰਾਂ ਨੇ ਹਰ ਵਾਰ ਕੱਜੇ ਤੇਰੇ ਪਰਦੇ ਨੇ ।
ਕਰੀਂ ਕਦੇ ਇਤਿਹਾਸ ਚੇਤੇ ਛਿੜ ਜਾਣੀ ਕੰਬਣੀ,
ਬਣ ਬਿਜਲੀਆਂ ਚਮਕੇ ਅੰਗਿਆਰਾਂ ਵਾਂਗ ਵਰਦੇ ਨੇ ।
ਗੱਡ ਲੈ ਕਿੱਲਾਂ ਲਾ ਲੈ ਬੈਰੀਕੇਡ ਰੋਕਾਂ,
ਤੇਰੇ ਮਾਰਿਆਂ ਸਿੰਘ ਸੂਰਮੇ ਕਿੱਥੋਂ ਮਰਦੇ ਨੇ।
ਮਾਵਾਂ ਦੀਆਂ ਦੁਆਵਾਂ ਹਰ ਪਲ ਕਰਨ ਹਿਫ਼ਾਜ਼ਤ,
ਮੋਢੇ ਨਾਲ ਮੋਢਾ ਜੋੜ ਖੜੇ ਘਰਦੇ ਨੇ ।
ਮਾਰਨ ਇੱਕ ਦਹਾੜ ਉੱਚੀ ਛਿੜ ਜਾਂਦਾ ਕਾਂਬਾ,
ਬੁਲੰਦ ਇਰਾਦੇ ਛੇਤੀ ਕੀਤਿਆਂ ਨਾ ਹਰਦੇ ਨੇ।
ਬੈਠੇ ਨਾਲ ਸ਼ਾਂਤੀ ਕਦੇ ਪਹਿਲ ਨਾ ਕੀਤੀ,
ਤੂੰ ਕੀ ਸੋਚਿਆ ਤੈਥੋਂ ਇਹ ਡਰਦੇ ਨੇ।
ਕਰੇ ਨਿੱਤ ਕੋਈ ਜ਼ੁਲਮ ਚੁੱਕੇ ਬਾਹਲੀ ਅੱਤ,
ਫਿਰ ਉਹਦੀ ਧੌਣ 'ਤੇ ਸੂਰਮੇ ਗੋਡਾ ਧਰਦੇ ਨੇ ।
ਕਹੇ ਜੋਸਨ ਇਕ ਵਾਰੀ ਫਿਰ ਤੂੰ ਸੋਚੀਂ,
ਫੇਰ ਕਹੇਂਗੀ ਕੀਤੇ ਲੀਰ ਮੇਰੇ ਪਰਦੇ ਨੇ ।

ਨਿਰਮ ਜੋਸਨ
94642 40047

# ਪ੍ਰਧਾਨ ਮੰਤਰੀ ਮੋਦੀ ਖੇਤੀ ਕਾਨੂੰਨ ਰੱਦ ਕਰਨ ਦੇ ਮੂਡ ਵਿਚ ਨਹੀਂ

## ✪ ਕਿਸਾਨ ਆਧੁਨਿਕ ਬਦਲ ਅਪਨਾਉਣ : ਮੋਦੀ ✪ ਤਿੰਨੋਂ ਖੇਤੀ ਕਾਨੂੰਨ ਅਮਲ 'ਚ ਲਿਆਂਦੇ ਬਗੈਰ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋ ਸਕੇਗੀ : ਨੀਤੀ ਆਯੋਗ

ਨਵੀਂ ਦਿੱਲੀ: ਕਿਸਾਨ ਅੰਦੋਲਨ ਬੇਸ਼ੱਕ ਪੂਰੇ ਦੇਸ਼ ਵਿੱਚ ਫੈਲ ਗਿਆ ਹੈ ਪਰ ਮੋਦੀ ਸਰਕਾਰ ਖੇਤੀ ਕਾਨੂੰਨ ਰੱਦ ਕਰਨ ਦੇ ਮੂਡ ਵਿੱਚ ਨਹੀਂ ਹੈ। ਇਸ ਦੇ ਸੰਕੇਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨ ਕੀ ਬਾਤ ਵਿੱਚ ਕੀਤੇ ਦਾਅਵੇ ਤੋਂ ਮਿਲਦੇ ਹਨ। ਉਨਾਂ ਸਪੱਸ਼ਟ ਕਿਹਾ ਹੈ ਕਿ ਖੇਤੀ ਖੇਤਰ 'ਚ ਆਧੁਨਿਕੀਕਰਨ ਸਮੇਂ ਦੀ ਲੋੜ ਹੈ ਤੇ ਪਹਿਲਾਂ ਹੀ ਬਹੁਤ ਸਮਾਂ ਬਰਬਾਦ ਹੋ ਚੁੱਕਾ ਹੈ। ਉਨਾਂ ਕਿਹਾ ਹੈ ਕਿ ਖੇਤੀ ਖੇਤਰ 'ਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ ਲਈ ਇਹ ਮਹੱਤਵਪੂਰਨ ਹੈ ਕਿ ਖੇਤੀ ਦੇ ਰਵਾਇਤੀ ਢੰਗਾਂ ਦੇ ਨਾਲ ਨਵੇਂ ਬਦਲਾਂ ਤੇ ਕਾਢਾਂ ਨੂੰ ਅਪਣਾਇਆ ਜਾਵੇ। ਉਨਾਂ ਕਿਹਾ ਕਿ ਦੇਸ਼ ਸਫੈਦ ਕ੍ਰਾਂਤੀ ਦੌਰਾਨ ਇਹ ਦੇਖਿਆ ਹੈ ਤੇ ਮਧੂ ਮੱਖੀ ਪਾਲਣ ਵੀ ਅਜਿਹੇ ਹੀ ਬਦਲ



ਵਜੋਂ ਸਾਹਮਣੇ ਆ ਰਿਹਾ ਹੈ।

ਉਧਰ, ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਨੇ ਵੀ ਦਾਅਵਾ ਕੀਤਾ ਹੈ ਕਿ ਜੇਕਰ ਤਿੰਨੇ ਖੇਤੀ ਕਾਨੂੰਨ ਜਲਦੀ ਹੀ ਅਮਲ 'ਚ ਨਾ ਲਿਆਂਦੇ ਗਏ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਹਾਸਲ ਨਹੀਂ ਕੀਤਾ ਜਾ ਸਕੇਗਾ। ਉਨਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਸਰਕਾਰ ਦੀ ਇਨਾਂ ਕਾਨੂੰਨਾਂ 'ਤੇ ਧਾਰਾ-ਦਰ-ਧਾਰਾ ਦੇ ਆਧਾਰ 'ਤੇ ਵਿਚਾਰ ਚਰਚਾ ਦੀ ਪੇਸ਼ਕਸ਼ ਸਵੀਕਾਰ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਜੈਨੇਟੀਕਲ ਤੌਰ 'ਤੇ ਸੋਧੇ ਹੋਏ ਬੀਜਾਂ 'ਤੇ ਮੁਕੰਮਲ ਪਾਬੰਦੀ ਸਹੀ ਰਵੱਈਆ ਨਹੀਂ ਹੋਵੇਗਾ।

ਉਨਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਇੱਕ ਚੰਗਾ ਬਦਲ ਦਿੱਤਾ ਹੈ। ਇਹ ਇਨਾਂ ਕਾਨੂੰਨਾਂ ਨੂੰ ਡੇਢ ਸਾਲ ਤੱਕ ਰੋਕਣ ਦਾ ਹੈ। ਉਨਾਂ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਇਨਾਂ ਕਾਨੂੰਨਾਂ 'ਤੇ ਧਾਰਾ-ਦਰ-ਧਾਰਾ ਵਿਚਾਰ ਚਰਚਾ ਕਰਨ ਲਈ ਤਿਆਰ ਹੈ। ਕਿਸਾਨ ਆਗੂਆਂ ਨੂੰ ਇਸ ਪੇਸ਼ਕਸ਼ 'ਤੇ ਵਿਚਾਰ ਕਰਨਾ ਚਾਹੀਦਾ ਹੈ।' ਸੁਪਰੀਮ ਕੋਰਟ ਨੇ ਵੀ ਇਹ ਕਾਨੂੰਨ ਲਾਗੂ ਕਰਨ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਪਹਿਲਾਂ ਤੋਂ ਚੱਲ ਰਹੇ ਸੁਧਾਰ ਵੀ ਰੁੱਕ ਗਏ ਹਨ।'

ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਸੀ ਕਿ ਸਰਕਾਰ ਗੱਲਬਾਤ ਲਈ ਤਿਆਰ ਹੈ। ਉਨਾਂ ਕਿਹਾ ਸੀ ਕਿ ਜੇਕਰ ਕਿਸਾਨ ਚਾਹੁਣ ਤਾਂ ਮਾਮਲੇ ਦਾ ਹੱਲ ਨਿਕਲ ਸਕਦਾ ਹੈ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਕਾਨੂੰਨਾਂ ਵਿੱਚ ਸਿਰਫ ਸੋਧ ਕਰਨ ਲਈ ਤਿਆਰ ਹੈ ਪਰ ਰੱਦ ਨਹੀਂ ਕਰੇਗੀ। ਕਿਸਾਨਾਂ ਨੂੰ ਆਪਣੀ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ। ਉਨਾਂ ਨੂੰ ਉੱਥੇ ਬਦਲਾਅ ਦੀ ਮੰਗ ਕਰਨੀ ਚਾਹੀਦੀ ਹੈ ਜਿੱਥੇ ਉਨਾਂ ਨੂੰ ਲੱਗਦਾ ਹੈ ਕਿ ਇਹ ਉਨਾਂ ਦੇ ਹਿੱਤ ਦੇ ਖ਼ਿਲਾਫ਼ ਹੈ। ਅੰਦੋਲਨ ਕਰ ਰਹੇ ਕਿਸਾਨਾਂ ਨੂੰ ਆਪਣੀ ਗੱਲ ਖੁੱਲ੍ਹੇ ਦਿਲ ਨਾਲ ਸਾਹਮਣੇ ਰੱਖਣੀ ਚਾਹੀਦੀ ਹੈ ਨਹੀਂ ਤਾਂ ਉਨਾਂ ਦੀ ਚੁੱਪ ਉਨਾਂ ਦੇ ਖ਼ਿਲਾਫ਼ ਜਾਵੇਗੀ।

## ਕੈਪਟਨ ਪੀਐਮ ਮੋਦੀ ਨੂੰ ਕਰਨ ਲੱਗੇ ਪਸੰਦ

ਨਵੀਂ ਦਿੱਲੀ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਪੱਕੇ ਇਰਾਦਿਆਂ ਵਾਲੀ ਸ਼ਖ਼ਸੀਅਤ ਦੱਸਿਆ ਹੈ। ਕੈਪਟਨ ਨੇ ਕਿਹਾ ਕਿ ਮੈਂ ਮੋਦੀ ਜੀ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਤੋਂ ਅਸੀਂ ਦੋਵੇਂ ਮੁੱਖ ਮੰਤਰੀ ਸੀ। 2000 ਅਤੇ 2007 ਦੇ ਵਿਚਕਾਰ, ਜਦੋਂ ਮੈਂ ਪੰਜਾਬ ਦਾ ਮੁੱਖ ਮੰਤਰੀ ਸੀ, ਮੋਦੀ ਗੁਜਰਾਤ ਦੀ ਅਗਵਾਈ ਕਰ ਰਹੇ ਸੀ।

ਕੈਪਟਨ ਨੇ ਕਿਹਾ ਕਿ ਜ਼ਿੰਦਗੀ ਪ੍ਰਤੀ ਮੋਦੀ ਦਾ ਵੱਖਰਾ ਨਜ਼ਰੀਆ ਹੈ ਭਾਵੇਂ ਤੁਸੀਂ ਸਹਿਮਤ ਨਹੀਂ ਹੋ, ਪਰ ਮੋਦੀ ਪੱਕੇ ਇਰਾਦੇ ਵਾਲੇ ਆਦਮੀ ਹਨ। ਇੰਨਾ ਹੀ ਨਹੀਂ, ਪ੍ਰਧਾਨ ਮੰਤਰੀ ਮੋਦੀ ਬਾਰੇ ਗੱਲ ਕਰਦਿਆਂ ਕੈਪਟਨ ਨੇ ਕਿਹਾ, 'ਇੱਕ ਚੀਜ ਜੋ ਮੈਂ ਸਚਮੁੱਚ ਪੀਐਮ ਮੋਦੀ ਬਾਰੇ ਪਸੰਦ ਕਰਦਾ ਹਾਂ ਉਹ ਇਹ ਹੈ ਕਿ ਉਹ ਆਪਣੇ ਦਿਮਾਗ ਵਿੱਚ ਸਪੱਸ਼ਟ ਹਨ ਕਿ ਉਨਾਂ ਨੂੰ ਕੀ ਚਾਹੀਦਾ ਹੈ ਅਤੇ ਇਸ ਨਾਲ ਉਹ ਅੱਗੇ ਵਧਦੇ ਹਨ। ਇਸ ਵਿਚ ਕੋਈ ਭਟਕਣਾ ਨਹੀਂ ਹੈ। ਮੈਂ ਉਨਾਂ ਦੀਆਂ ਬਹੁਤ ਸਾਰੀਆਂ ਨੀਤੀਆਂ ਨਾਲ ਸਹਿਮਤ ਨਹੀਂ ਹਾਂ। ਮੈਂ ਉਨਾਂ ਦੀਆਂ ਖੇਤੀਬਾੜੀ ਨੀਤੀਆਂ ਨਾਲ ਸਹਿਮਤ ਨਹੀਂ ਹਾਂ। ਮੈਂ ਦੇਸ਼ ਨੂੰ ਹਿੰਦੂਤਵ ਰਾਸ਼ਟਰ ਬਣਾਉਣ ਦੀ ਨੀਤੀ ਤੋਂ ਸਹਿਮਤ ਨਹੀਂ ਹਾਂ।'

# ਮਲੋਟ ਕਾਂਡ ਦੇ ਮਸਲੇ ਉਪਰ ਬੇਗੁਨਾਹ ਬਜ਼ੁਰਗ ਕਿਸਾਨਾਂ ਨੂੰ ਚੁੱਕਣ ਲੱਗੀ ਪੁਲਿਸ

**ਮਲੋਟ /ਏ.ਟੀ.ਨਿਊਜ਼:** ਮਲੋਟ ਵਿੱਚ ਵਿਧਾਇਕ ਅਰੁਣ ਨਾਰੰਗ ਨਾਲ ਦੁਰਵਿਹਾਰ ਦੀ ਘਟਨਾ ਮਗਰੋਂ ਪਿੰਡਾਂ ਵਿੱਚੋਂ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਮਾਮਲੇ ਵਿੱਚ ਪੁਲਿਸ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਪਿੰਡ ਬੋਦੀਵਾਲਾ, ਮਿੱਡਾ ਤੇ ਗੁਰੂਸਰ ਯੋਧਾ 'ਚ ਕੀਤੀ ਪੜਤਾਲ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਇਨਾਂ ਪਿੰਡਾਂ ਦੇ ਅੱਧੀ ਦਰਜਨ ਦੇ ਕਰੀਬ ਪਰਿਵਾਰਾਂ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਉਨਾਂ ਦੇ ਪਰਿਵਾਰਕ ਮੈਂਬਰ ਘਟਨਾ ਸਥਾਨ 'ਤੇ ਨਹੀਂ ਸਨ, ਪਰ ਪੁਲਿਸ ਨੇ ਉਨਾਂ ਨੂੰ ਘਰੋਂ ਚੁੱਕ ਲਿਆ, ਜਿਨਾਂ ਵਿੱਚੋਂ ਕਈ ਬਜ਼ੁਰਗ, ਦਿਲ ਦੇ ਰੋਗ, ਸ਼ੂਗਰ ਤੇ ਹੋਰ ਬਿਮਾਰੀਆਂ ਤੋਂ ਪੀੜਤ ਸਨ।

ਪਿੰਡ ਬੋਦੀਵਾਲਾ ਖੜਕ ਸਿੰਘ ਦੀ 75 ਸਾਲਾ ਬਿਰਧ ਔਰਤ ਬਲਵੰਤ ਕੌਰ ਨੇ ਦੱਸਿਆ ਕਿ ਉਸ ਦਾ ਇਕਲੌਤਾ ਲੜਕਾ ਨੇਮਪਾਲ ਸਿੰਘ ਫੈਕਟਰੀ ਵਿੱਚ ਕੰਮ ਕਰਦਾ ਹੈ। ਸ਼ਾਮ ਵੇਲੇ ਪੁਲਿਸ ਮੁਲਾਜ਼ਮ ਆਏ ਤੇ ਕਹਿਣ ਲੱਗੇ ਕਿ ਨੇਮਪਾਲ ਤੋਂ ਦਸਤਖ਼ਤ ਕਰਾਉਣੇ ਹਨ। ਜਦੋਂ ਨੇਮਪਾਲ ਬਾਹਰ ਆਇਆ ਤਾਂ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਫੜ ਕੇ ਗੱਡੀ 'ਚ ਬਿਠਾ ਲਿਆ। ਇਸ ਔਰਤ ਨੇ ਕਿਹਾ ਕਿ ਜੇ ਪੁਲਿਸ ਕੋਈ ਤੱਥ ਪੇਸ਼ ਕਰੇ ਕਿ ਉਸ ਦਾ ਲੜਕਾ ਘਟਨਾ ਸਥਾਨ 'ਤੇ ਸੀ ਤਾਂ ਉਹ ਹਰ ਤਰਾਂ ਦਾ ਹਰਜਾਨਾ ਭਰਨ ਨੂੰ ਤਿਆਰ ਹਨ। ਇਸੇ ਤਰਾਂ ਲਾਭ ਸਿੰਘ ਨੇ ਦੱਸਿਆ ਕਿ ਉਸ ਦਾ 75 ਸਾਲਾ ਬਜ਼ੁਰਗ ਭਰਾ ਬਲਦੇਵ ਸਿੰਘ, ਜੋ ਸ਼ੂਗਰ ਤੇ ਦਿਲ ਦਾ ਮਰੀਜ਼ ਹੋਣ ਕਰਕੇ ਕਿਤੇ ਨਹੀਂ ਜਾਂਦਾ ਤੇ ਘਟਨਾ ਵਾਲੇ ਦਿਨ ਵੀ ਉਹ ਘਟਨਾ ਸਥਾਨ 'ਤੇ ਮੌਜੂਦ ਨਹੀਂ ਸੀ, ਪਰ ਪੁਲਿਸ ਨੇ ਉਸ ਨੂੰ ਘਰੋਂ ਚੁੱਕ ਲਿਆ। ਮਗਰੋਂ ਉਸ ਨੂੰ ਸ਼ੂਗਰ ਦੀ ਦਵਾਈ ਵੀ ਪੁੱਜਦੀ ਨਹੀਂ ਕਰਨ ਦਿੱਤੀ ਗਈ।

ਇਸੇ ਤਰਾਂ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਸੁਰਜੀਤ ਸਿੰਘ (72), ਜੋ ਸ਼ੂਗਰ ਤੇ ਦਿਲ ਦਾ ਮਰੀਜ਼ ਹੈ ਤੇ ਅੱਖਾਂ ਦਾ ਅਪਰੇਸ਼ਨ ਵੀ ਪਿਛਲੇ ਦਿਨੀਂ ਕਰਵਾਇਆ ਸੀ, ਨੂੰ ਵੀ ਪੁਲਿਸ ਨੇ ਘਰੋਂ ਚੁੱਕ ਲਿਆ, ਜਦਕਿ ਉਸ ਦਾ ਮਲੋਟ ਘਟਨਾ ਨਾਲ ਕੋਈ ਲਾਗਾ-ਦੇਗਾ ਨਹੀਂ। ਪੀੜਤ ਪਰਿਵਾਰਾਂ ਦਾ ਕਹਿਣਾ ਸੀ ਕਿ 5-7 ਸਾਲ ਪਹਿਲੀਆਂ ਕਿਸਾਨ ਜਥੇਬੰਦੀਆਂ ਦੀਆਂ ਸੂਚੀਆਂ ਦੇ ਆਧਾਰ 'ਤੇ ਪੁਲੀਸ ਕਿਸਾਨਾਂ ਨੂੰ ਚੁੱਕ-ਚੁੱਕ ਕੇ ਕੇਸ ਪਾਉਣ ਲੱਗ ਗਈ ਹੈ। ਉਨਾਂ ਜ਼ਿਲਾ ਪੁਲਿਸ ਕਪਤਾਨ ਤੋਂ ਮੰਗ ਕੀਤੀ ਕਿ ਮਲੋਟ ਕਾਂਡ ਦੀ ਪੜਤਾਲ ਕੀਤੀ ਜਾਵੇ ਤੇ ਉਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਛੱਡਿਆ ਜਾਵੇ।

# ਮੋਦੀ ਸਾਹਿਬ ! ਕਿਸਾਨਾਂ ਨਾਲ ਵੀ 'ਮਨ ਕੀ ਬਾਤ' ਕਰਲੋ

**ਸੰਜੀਵ ਸਿੰਘ ਸੈਣੀ, ਮੋਹਾਲੀ**

ਅੱਜ ਕਿਸਾਨੀ ਅੰਦੋਲਨ ਤੇ ਸਭ ਦੀਆਂ ਨਜ਼ਰਾਂ ਹਨ। ਹਰ ਵਰਗ ਕਿਸਾਨੀ ਅੰਦੋਲਨ ਦੀ ਹਮਾਇਤ ਕਰ ਰਿਹਾ ਹੈ। ਹੁਣ ਤੱਕ ਇਹ ਅੰਦੋਲਨ ਬਹੁਤੀ ਸ਼ਾਂਤਮਈ ਤੇ ਅਨੁਸ਼ਾਸਿਤ ਢੰਗ ਨਾਲ ਚਲਿਆ ਹੈ। ਕਿਸਾਨਾਂ ਦੇ ਸਿਦਕ, ਸਿਰੜ ਸਦਕਾ ਇਹ ਅੰਦੋਲਨ ਹੁਣ ਤੱਕ ਬਹੁਤ ਹੀ ਸ਼ਾਂਤਮਈ ਢੰਗ ਨਾਲ ਚੱਲ ਰਿਹਾ ਹੈ। ਪੰਜਾਬ ਦੇ ਲੋਕਾਂ ਦੀ ਦੇਖਾ ਦੇਖੀ ਵਿੱਚ ਹੋਰ ਸੂਬਿਆਂ ਦੇ ਲੋਕ ਵਿੱਚ ਚੇਤਨਾ ਜਾਗੀ। ਫਿਰ ਉਨਾਂ ਨੇ ਵੀ ਦਿੱਲੀ ਦੀਆਂ ਬਰੂਹਾਂ 'ਤੇ ਡੇਰੇ ਲਗਾ ਲਏ। ਅੱਜ ਕਿਸਾਨ ਖੇਤੀ ਸਬੰਧੀ ਬਣੇ ਕਾਨੂੰਨਾਂ ਬਾਰੇ ਜਾਗਰੂਕ ਹੋ ਚੁੱਕਿਆ ਹੈ ਕਿ ਇਹ ਖੇਤੀ ਬਿੱਲ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ। ਪੰਜਾਬ ਵਿੱਚ ਜਿੰਦਗੀ ਦਾ ਮਿਜਾਜ਼ ਬਦਲ ਗਿਆ ਹੈ। ਪਿੰਡਾਂ ਵਿੱਚ ਜੋ ਧੜੇਬੰਦੀਆਂ ਬਣੀਆਂ ਹੋਈਆਂ ਸਨ, ਇਸ ਕਿਸਾਨੀ ਅੰਦੋਲਨ ਨੇ ਸਭ ਨੂੰ ਇੱਕ ਕਰ ਦਿੱਤਾ ਹੈ। ਸਾਲਾਂ ਸਾਲਾਂ ਦੀ ਪਰਿਵਾਰ ਵਿੱਚ ਪਈ ਕੁੜੱਤਣ ਨੂੰ ਕਿਸਾਨੀ ਅੰਦੋਲਨ ਨੇ ਮਿਠਾਸ ਵਿੱਚ ਬਦਲ ਦਿੱਤਾ ਹੈ। ਅੱਜ ਹਰ ਪਿੰਡ ਦੇ ਬੱਚੇ-ਬੱਚੇ ਨੂੰ ਇਨਾਂ ਕਾਨੂੰਨਾਂ ਦੀ ਸਮਝ ਆ ਚੁੱਕੀ ਹੈ। ਆਪਣੇ ਹੱਕਾਂ ਦੀ ਰਾਖੀ ਲਈ ਫਿਰ ਕਿਸਾਨਾਂ ਨੇ ਦਿੱਲੀ ਵੱਲ ਵਹੀਰਾਂ ਘੱਤੀਆਂ। ਕੇਂਦਰ ਦੇ ਵਜ਼ੀਰਾਂ ਵੱਲੋਂ ਉਹੀ ਪੁਰਾਣੀ ਦਲੀਲਾਂ ਨੂੰ ਦੁਹਰਾਇਆ ਜਾ ਰਿਹਾ ਹੈ ਕਿ ਇਹ ਬਿੱਲ ਕਿਸਾਨ-ਪੱਖੀ ਹਨ। ਇਨਾਂ ਕਾਰਨ ਕਿਸਾਨਾਂ ਦਾ ਭਵਿੱਖ ਸੰਵਰੇਗਾ। ਵਿਚਾਰਨ ਵਾਲੀ ਗੱਲ ਹੈ ਕਿ ਜੇ ਇਨਾਂ ਬਿਲਾਂ ਨਾਲ ਕਿਸਾਨਾਂ ਦਾ ਭਵਿੱਖ ਸੰਵਰੇਗਾ ਤਾਂ ਅੱਜ ਦੇਸ਼ ਦਾ ਅੰਨ ਦਾਤਾ ਸੰਘਰਸ਼ ਦੀ ਰਾਹ ਕਿਉਂ ਪੈਂਦਾ ? ਸਰਕਾਰਾਂ ਨੂੰ ਇਤਿਹਾਸ ਵੱਲ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਜਦੋਂ 1960 ਵਿੱਚ ਦੇਸ਼ ਨੂੰ ਅਨਾਜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਤਾਂ ਸਾਨੂੰ ਵਿਦੇਸ਼ਾਂ ਦੇ ਮੂਹਰੇ ਹੱਥ ਫੈਲਾਉਣੇ ਪੈਂਦੇ ਸਨ। ਉਹ ਸਾਡੇ ਮੂਹਰੇ ਕਈ ਤਰਾਂ ਦੀਆਂ ਸ਼ਰਤਾਂ ਰੱਖ ਦਿੰਦੇ ਸਨ।ਫਿਰ ਸਾਡੇ ਪੰਜਾਬ ਹਰਿਆਣਾ ਦੇ ਕਿਸਾਨ ਵੀਰਾਂ ਨੇ ਆਪਣੀ ਮਿਹਨਤ ਸਦਕਾ ਵਧੀਆ ਖਾਦਾਂ, ਬੀਜਾਂ ਕਰਕੇ ਕਣਕ ਤੇ ਝੋਨੇ ਦੀ ਰਿਕਾਰਡ ਤੋੜ ਪੈਦਾਵਾਰ ਕੀਤੀ। ਜਿਸ ਕਾਰਨ ਭਾਰਤ ਆਤਮ ਨਿਰਭਰ ਬਣਿਆ। ਇਹ ਕਿਸਾਨਾਂ ਦੀ ਮਿਹਨਤ ਸਦਕਾ ਹੀ ਸੀ ਜਿਸ ਕਾਰਨ ਭਾਰਤ ਨੂੰ ਇਹ ਖਿਤਾਬ ਮਿਲਿਆ। ਉੱਧਰ ਰਾਜ ਸਭਾ ਵਿਚ ਪ੍ਰਧਾਨਮੰਤਰੀ ਵੱਲੋਂ ਕਿਸਾਨਾਂ ਲਈ ਵਰਤੇ ਸ਼ਬਦ ਅੰਦੋਲਨਜੀਵੀ ਨੇ ਕਿਸਾਨਾਂ ਦੇ ਦਿਲਾਂ ਨੂੰ ਠੇਸ ਪਹੁੰਚਾਈ। ਮੋਦੀ ਨੇ ਕਿਹਾ ਕਿ ਇਹ ਬਿੱਲ ਕਿਸਾਨਾਂ ਦੇ ਭਲੇ ਲਈ ਹਨ । ਇਨਾਂ ਵਿੱਚ ਕੋਈ ਖਾਮੀ ਨਹੀਂ ਹੈ। ਮੋਦੀ ਨੇ ਆਪਣੇ ਭਾਸ਼ਣ ਵਿਚ ਨਿੱਜੀ ਕੰਪਨੀਆਂ ਦੇ ਟਾਵਰਾਂ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਗੱਲ ਤਾਂ ਆਖੀ, ਪਰ ਜੋ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ ਤਕਰੀਬਨ 4 ਮਹੀਨੇ ਤੋਂ ਬੈਠੇ ਹਨ ਉਨਾਂ ਬਾਰੇ ਬਿਲਕੁਲ ਵੀ ਜ਼ਿਕਰ ਨਹੀਂ ਕੀਤਾ। 300 ਤੋਂ ਵੱਧ ਕਿਸਾਨਾਂ ਨੇ ਆਪਣੀ ਸ਼ਹਾਦਤ ਵੀ ਦਿੱਤੀ ਹੈ। ਮੋਦੀ ਨੇ ਇਕ ਵਾਰ ਵੀ ਕਿਸਾਨਾਂ ਦੀ ਸ਼ਹਾਦਤ ਨੂੰ ਯਾਦ ਨਹੀਂ ਕੀਤਾ। ਓਧਰ ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਭਰ ਵਿਚ ਕਿਸਾਨ ਮਹਾਂਪੰਚਾਇਤਾਂ ਕੀਤੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਨੂੰ ਅੜੀਅਲ ਵਤੀਰਾ ਛੱਡ ਕੇ ਖੇਤੀ ਕਾਨੂੰਨ ਰੱਦ ਕਰ ਦੇਣੇ ਚਾਹੀਦੇ ਹਨ।

Website Design & Development
➜ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➜ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

Worldwide Services, LLC
It's TAX Time!
Accepting New Clients!
Tax professionals offering reasonable rates:
PERSONAL INCOME TAX FILING starting @ $99
BUSINESS INCOME TAX FILING starting @ $249
❖ Income Tax Preparation (Individual & Business).
❖ Immigration Consultants (Registered & Bonded).
❖ COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

ਅੰਮ੍ਰਿਤਸਰ ਟਾਈਮਜ਼ AMRITSAR TIMES

02 ਅਪ੍ਰੈਲ 2021 ਤੋਂ 08 ਅਪ੍ਰੈਲ 2021

## ਕਿਸਾਨੀ ਸੰਘਰਸ਼: ਬੀਤੇ ਤੋਂ ਸਿੱਖ ਅੱਗੇ ਵਧੀਏ

ਬੀਤੇ ਕਈ ਮਹੀਨਿਆਂ ਤੋਂ ਕਿਸਾਨੀ ਸੰਘਰਸ਼ ਆਪਣੇ ਵੱਖ ਵੱਖ ਪੜਾਵਾਂ ਵਿੱਚੋਂ ਹੁੰਦਾ ਹੋਇਆ ਇਸ ਨਾਲ ਸਬੰਧਿਤ ਸਾਰੀਆਂ ਹੀ ਧਿਰਾਂ ਨੂੰ ਨਵੇਂ ਤਜ਼ਰਬਿਆਂ ਵਿੱਚੋਂ ਦੀ ਲੰਘਾਂ ਰਿਹਾ ਹੈ। ਪੁਰਾਣੇ ਤਜ਼ਰਬੇ ਕਿਸੇ ਦੇ ਕਿੰਨੇ ਵੀ ਸਾਲਾਂ ਦੇ ਹੋਣ ਜਰੂਰੀ ਨਹੀਂ ਹੁੰਦਾ ਕਿ ਉਹ ਆਉਣ ਵਾਲੇ ਜਾਂ ਚੱਲ ਰਹੇ ਵਕਤ ਦੇ ਮਸਲਿਆਂ ਵਿੱਚ ਹਰ ਕਦਮ ਉਹਨਾਂ ਤਜ਼ਰਬਿਆਂ ਦੇ ਸਿਰ ਉੱਤੇ ਹੀ ਸਹੀ ਲਵੇਗਾ। ਬੰਦੇ ਨੂੰ ਹਰ ਵਾਰ ਕੁਝ ਨਵਾਂ ਸਿੱਖਣ ਨੂੰ ਮਿਲਦਾ ਰਹਿੰਦਾ ਹੈ, ਚਾਹੇ ਉਸ ਕੋਲੋਂ ਕੁਝ ਚੰਗਾ ਹੋ ਗਿਆ ਹੋਵੇ ਤੇ ਚਾਹੇ ਮਾੜਾ। ਮਾੜੇ ਦੀ ਸੂਰਤ ਵਿੱਚ ਵੀ ਪਿਛਲੀਆਂ ਗਲਤੀਆਂ ਨੂੰ ਜੇਕਰ ਭਵਿੱਖ ਵਿੱਚ ਸੁਧਾਰ ਲਿਆ ਜਾਵੇ ਤਾਂ ਇਸ ਤੋਂ ਵੱਡੀ ਸਿੱਖ ਹੋਰ ਕੀ ਹੋਵੇਗੀ। ਘਰੋਂ ਕੋਈ ਵੀ ਨਿੱਠ ਕੇ ਗਲਤੀਆਂ ਕਰਨ ਲਈ ਨਹੀਂ ਤੁਰਦਾ ਹੁੰਦਾ, ਬਸ ਸਾਰਾ ਗੇੜ ਬੰਦੇ ਦੀ ਸਮਝ ਦਾ ਹੀ ਹੁੰਦੈ। ਗਲਤੀਆਂ ਤੋਂ ਸਿੱਖ ਕੇ ਹੀ ਸਾਡੀ ਸਮਝ ਨੇ ਹੋਰ ਨਿੱਖਰਦੇ ਜਾਣਾ ਹੁੰਦੈ, ਬਸ਼ਰਤੇ ਕਿ ਅਸੀਂ ਸਵੈ-ਪੜਚੋਲ ਇਮਾਨਦਾਰੀ ਨਾਲ ਕਰਦੇ ਹੋਈਏ। ਚੱਲਦੇ ਸੰਘਰਸ਼ ਵਿੱਚ ਬਹੁਤ ਵਾਰ ਉਚਾਣ-ਨਿਵਾਣ ਆਉਂਦੇ ਹਨ, ਗਲਤੀਆਂ ਵੀ ਹੋ ਜਾਇਆ ਕਰਦੀਆਂ ਹਨ, ਘਟਨਾਵਾਂ ਦੀ ਵੀ ਕੋਈ ਪੱਕੀ ਰਫਤਾਰ ਨਹੀਂ ਹੁੰਦੀ ਅਤੇ ਇਹ ਬਹੁਤਾ ਕਿਸੇ ਦੇ ਹੱਥ ਵੱਸ ਵੀ ਨਹੀਂ ਹੁੰਦੀਆਂ ਇਸ ਲਈ ਚੱਲ ਰਹੇ ਸੰਘਰਸ਼ ਦੌਰਾਨ ਘਟਨਾਵਾਂ ਜਾਂ ਬੰਦਿਆਂ ਉੱਤੇ ਊਰਜਾ ਲਾਉਣਾ ਸਹੀ ਨਹੀਂ ਹੁੰਦਾ, ਘੱਟੋ ਘੱਟ ਜਨਤਕ ਤੌਰ ਉੱਤੇ ਤਾਂ ਬਿਲਕੁਲ ਵੀ ਨਹੀਂ। ਚੱਲ ਰਹੇ ਸੰਘਰਸ਼ ਦੌਰਾਨ ਤਾਂ ਅਸੀਂ ਪਿਛਲੇ ਅਮਲਾਂ ਨੂੰ ਲੋੜ ਅਨੁਸਾਰ ਸੋਧ ਕੇ ਸੰਤੁਲਨ ਕਾਇਮ ਰੱਖਣਾ ਹੁੰਦਾ ਹੈ ਅਤੇ ਫਤਿਹ ਵੱਲ ਨੂੰ ਵਧਣ ਲਈ ਯਤਨਸ਼ੀਲ ਰਹਿਣਾ ਹੁੰਦਾ ਹੈ, ਇੱਥੇ ਨਾ ਅੱਖਾਂ ਮੀਚ ਕੇ ਚੱਲਿਆ ਜਾ ਸਕਦਾ ਹੈ ਨਾ ਬਹੁਤੇ ਹਿਸਾਬ ਕਿਤਾਬਾਂ ਨਾਲ, ਨਾ ਆਪਣੇ ਤਜ਼ਰਬਿਆਂ ਦੇ ਮਾਣ ਵਿੱਚ, ਨਾ ਹੀ ਆਪਣੇ ਕਿਸੇ ਤਿਆਗ ਦੇ ਮਾਣ ਵਿੱਚ ਅਤੇ ਨਾ ਹੀ ਆਪਣੇ ਸਹਿਯੋਗੀਆਂ ਨੂੰ ਅਣਡਿੱਠ ਕਰ ਕੇ।

ਮੌਜੂਦਾ ਕਿਸਾਨੀ ਸੰਘਰਸ਼ ਵਿੱਚ ਵੀ ਤਕਰੀਬਨ ਹਰ ਵਰਗ ਨੇ ਆਪਣੀ ਸਮਰੱਥਾ ਅਤੇ ਸਮਝ ਮੁਤਾਬਿਕ ਆਪਣਾ ਯੋਗਦਾਨ ਪਾਇਆ ਹੈ ਅਤੇ ਪਾ ਰਿਹਾ ਹੈ। ਸਮਝ ਦੇ ਗੇੜ ਕਰਕੇ ਹੀ ਸ਼ੁਰੂ ਤੋਂ ਬਹੁਤ ਕੁਝ ਅਜਿਹਾ ਬੋਲਿਆ ਲਿਖਿਆ ਜਾ ਰਿਹਾ ਸੀ ਜਿਹੜਾ ਕਿ ਸੰਕੋਚ ਲੈਣਾ ਚਾਹੀਦਾ ਸੀ। ਕਈ ਵਾਰ ਗੱਲ ਸਹੀ ਵੀ ਹੋਵੇ ਪਰ ਓਹਨੂੰ ਕਰਨ ਦਾ ਸਮਾਂ ਸਹੀ ਨਹੀਂ ਹੁੰਦਾ। ਬਿਜਲ ਸੱਥ ਉੱਤੇ ਇਸ ਤਰ੍ਹਾਂ ਦਾ ਬਹੁਤ ਕੁਝ ਚੱਲਦਾ ਰਿਹਾ ਜੋ ਹਾਲੀ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ। ਸੰਘਰਸ਼ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਯੋਗਦਾਨ ਪਾ ਰਹੇ ਹਰ ਇਕ ਇਨਸਾਨ ਦੀ ਭਾਵਨਾ ਉੱਤੇ ਕੋਈ ਵੀ ਕਿੰਤੂ ਪ੍ਰੰਤੂ ਨਹੀਂ ਹੈ, ਨਾ ਹੀ ਸ਼ਾਇਦ ਕਰਨਾ ਚਾਹੀਦਾ ਹੈ ਪਰ ਅਸਲ ਖੇਡਾ ਤਾਂ ਅਮਲ ਦਾ ਤਰੀਕਾ ਅਤੇ ਭਾਵਨਾ ਦਾ ਸੰਤੁਲਨ ਬਣਾ ਕੇ ਰੱਖਣਾ ਹੀ ਹੈ। ਇਹ ਸੰਤੁਲਨ ਕਈ ਵਾਰੀ ਕਈ ਪਾਸਿਆਂ ਤੋਂ ਵਿਗੜਿਆ ਹੈ ਜਿਸ ਕਰ ਕੇ ਖੱਪੇ ਵਧਦੇ ਗਏ। ਖੱਪੇ ਵਧਾਉਣ ਵਾਲੇ ਜਿਆਦਾ ਅਮਲ ਬਿਜਲ ਸੱਥ ਉੱਤੇ ਹੀ ਹੋਏ ਜਿਸ ਵਿੱਚ ਦਿੱਲੀ ਦੀਆਂ ਹੱਦਾਂ ਉੱਤੇ ਮੁਢਲੇ ਦਿਨਾਂ ਵਿੱਚ ਕਦੀ ਸੂਬਿਆਂ ਦੇ ਲੋਕਾਂ ਦੀ ਸ਼ਮੂਲੀਅਤ ਜਾਂ ਉਹਨਾਂ ਦੇ ਟਰੈਕਟਰ ਟਰਾਲੀਆਂ ਦੀ ਗਿਣਤੀ ਦੇ ਵੇਰਵੇ ਪਾਏ ਗਏ, ਕਦੀ ਕਾਮਰੇਡ ਬਨਾਮ ਸਿੱਖਾਂ ਦੀ ਗੱਲ ਕੀਤੀ ਗਈ ਜਾਂ ਸਾਰੀਆਂ ਹੀ ਕਿਸਾਨ ਯੂਨੀਅਨਾਂ ਨੂੰ ਕਾਮਰੇਡ ਕਿਹਾ ਗਿਆ ਆਦਿ। ਇਸੇ ਤਰ੍ਹਾਂ ਯੂਨੀਅਨਾਂ ਦੇ ਆਗੂਆਂ ਵੱਲੋਂ ਵੀ ਆਪਣੇ ਸਹਿਯੋਗੀਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖੇ ਬਿਨਾਂ ਕਾਫੀ ਬਿਆਨ ਅਜਿਹੇ ਆਏ ਜਿਸ ਨੇ ਖੱਪੇ ਵਧਾਉਣ ਦਾ ਕੰਮ ਕੀਤਾ। ਪਰ ਬਾਵਜੂਦ ਇਸ ਦੇ ਸੰਘਰਸ਼ ਲਗਾਤਾਰ ਉਚਾਣ ਵੱਲ ਨੂੰ ਜਾਂਦਾ ਰਿਹਾ ਜਿਸ ਕਰਕੇ ਦੂਸਰਾ ਪਾਸਾ ਲੋਕਾਂ ਨੂੰ ਸ਼ਾਇਦ ਭੁੱਲ ਹੀ ਗਿਆ ਕਿ ਨਿਵਾਣ ਵੀ ਆ ਸਕਦੀ ਹੈ। ਫਿਰ ਇਕਦਮ ਪਾਸਾ ਪਲਟਦਾ ਹੈ ਅਤੇ ਕਾਫੀ ਨਿਰਾਸ਼ਤਾ ਆਉਂਦੀ ਹੈ, ਜਿਸ ਵਿੱਚ ਸਰਕਾਰ ਦੇ ਦੁਆਲੇ ਹੋਣ ਨਾਲੋਂ ਮਾਨਸਿਕ ਪ੍ਰਭਾਵ ਕਾਰਨ ਆਪਣੇ ਬੰਦੇ ਇਕ ਦੂਸਰੇ ਦੁਆਲੇ ਹੀ ਹੋ ਗਏ। ਇਸ ਤਰ੍ਹਾਂ ਦਾ ਸੰਘਰਸ਼ ਕਿਸੇ ਨਿੱਜ ਉੱਤੇ ਕੇਂਦਰਿਤ ਨਹੀਂ ਹੋਣਾ ਜਾਂ ਕਰਨਾ ਚਾਹੀਦਾ, ਸਗੋਂ ਜੇਕਰ ਸੰਗਤ ਤੋਂ ਨਿੱਜ ਵੱਲ ਆਉਂਦਾ ਵੀ ਹੋਵੇ ਤਾਂ ਯਤਨ ਕਰਨਾ ਚਾਹੀਦਾ ਹੈ ਕਿ ਸੰਗਤ ਦਾ ਹੀ ਰਹੇ। ਲੋੜ ਸੀ ਇਹ ਸਾਰੇ ਖਿਲਾਰੇ ਨੂੰ ਠੀਕ ਕਰਨ ਦੀ ਤਾਂ ਗੁਰੂ ਪਾਤਸ਼ਾਹ ਦੀ ਮਿਹਰ ਸਦਕਾ ਕੁਝ ਸੁਹਿਰਦ ਮਨੁੱਖਾਂ ਦੇ ਹਿੱਸੇ ਇਹ ਕਾਰਜ ਆਇਆ ਜਿੰਨ੍ਹਾਂ ਨੇ ਇਹ ਖਿਲਾਰੇ ਨੂੰ ਇਕੱਠਾ ਕਰਨ ਦੇ ਉੱਦਮ ਸ਼ੁਰੂ ਕੀਤੇ। ਕੋਈ ਇਕ ਧਿਰ ਬਣਨ ਦੀ ਥਾਂ ਚੱਲ ਰਹੀ ਹਵਾ ਦੇ ਉਲਟ ਜਾ ਕੇ ਸਭ ਨੂੰ ਇਕੱਠੇ ਕਰਨ ਦੇ ਉੱਦਮ ਸਦਕਾ ਗੁਰੂ ਪਾਤਸ਼ਾਹ ਦੇ ਸਨਮੁੱਖ ਅਰਦਾਸਾਂ ਹੋਈਆਂ, ਸੰਗਤਾਂ ਦੀ ਸ਼ਮੂਲੀਅਤ ਦੁਬਾਰਾ ਕਰਵਾਉਣ ਦੇ ਉੱਦਮ ਹੋਏ ਅਤੇ ਹੋਈਆਂ ਅਰਦਾਸਾਂ ਸਦਕਾ ਮੁੜ ਪੱਤਝੜ ਤੋਂ ਬਹਾਰ ਵੱਲ ਨੂੰ ਮੋੜਾ ਪੈਣਾ ਸ਼ੁਰੂ ਹੋਇਆ ਹੈ।

ਬੰਦਿਆਂ ਦੇ ਬਿਆਨ ਬਦਲੇ ਹਨ, ਇਕ ਦੂਜੇ ਪ੍ਰਤੀ ਵਰਤੀ ਜਾਂਦੀ ਸ਼ਬਦਾਬਲੀ ਬਦਲੀ ਹੈ ਅਤੇ ਇਕੱਠੇ ਚੱਲਣ ਦੀਆਂ ਗੱਲਾਂ ਤੁਰੀਆਂ ਹਨ। ਭਾਵੇਂ ਇਹ 100 ਫ਼ੀਸਦੀ ਸੰਭਵ ਨਹੀਂ ਹੋਇਆ ਪਰ 100 ਫ਼ੀਸਦੀ ਹੀ ਹੋਵੇ, ਇਹ ਵੀ ਜਰੂਰੀ ਨਹੀਂ ਹੁੰਦਾ। ਵੱਡੀ ਗੱਲ ਹੈ ਕਿ ਅੱਜ ਮੁੜ ਇਕ ਹੋ ਕੇ ਚੱਲਣ ਦੀ ਗੱਲ ਹੋ ਰਹੀ ਹੈ ਜੋ ਕਿ ਇਕ ਚੰਗਾ ਸੁਨੇਹਾ ਹੈ। ਇਹ ਗੱਲ ਵੀ ਕਹੀ ਜਾ ਰਹੀ ਹੈ ਕਿ ਹੁਣ ਸਹਿਯੋਗੀ ਧਿਰਾਂ ਨਾਲ ਰਾਬਤਾ ਬਣਾ ਕੇ ਉਹਨਾਂ ਦੇ ਵਿਚਾਰ ਲੈਣ ਦਾ ਅਮਲ ਵੀ ਕੀਤਾ ਜਾਵੇਗਾ, ਜਿਹੜੀ ਕਿ ਇਕ ਵੱਡੀ ਕਮੀ ਸੀ, ਇਹ ਕਮੀ ਅਸੀਂ 23 ਦਸੰਬਰ ਦੀ ਸੰਪਾਦਕੀ ਵਿੱਚ ਵੀ ਉਭਾਰੀ ਸੀ। ਚਲੋ ਦੇਰ ਆਏ ਦਰੁੱਸਤ ਆਏ। ਜੇਕਰ ਸਹਿਯੋਗੀ ਧਿਰਾਂ ਦੇ ਵਿਚਾਰ ਲੈ ਕੇ ਅਗਲੇ ਅਮਲ ਹੋਣ ਤਾਂ ਜੋ ਖੱਪੇ ਗਾਹੇ ਬਗਾਹੇ ਪਏ ਹਨ ਉਹ ਯਕੀਨਨ ਘਟ ਸਕਦੇ ਹਨ।

ਜੋ ਵੀ ਇਮਾਨਦਾਰੀ ਨਾਲ ਆਪਣੀਆਂ ਪਿਛਲੀਆਂ ਗਲਤੀਆਂ ਤੋਂ ਸਿੱਖ ਕੇ ਅਗਲੇ ਅਮਲਾਂ ਵਿੱਚ ਸੋਧਾਂ ਕਰੇਗਾ, ਵਕਤ ਨੇ ਤਾਂ ਉਸਨੂੰ ਆਪਣੀ ਬੁੱਕਲ ਵਿੱਚ ਲੈਣਾ ਹੀ ਹੈ ਸਗੋਂ ਤਵਾਰੀਖ ਨੇ ਵੀ ਹਮੇਸ਼ਾਂ ਲਈ ਉੱਚੀ ਥਾਂ ਦੇ ਦੇਣੀ ਹੈ। ਜੋ ਆਪਣੀ ਹਉਮੈ ਛੱਡ ਅੱਗੇ ਨਹੀਂ ਤੁਰੇਗਾ, ਉਸਨੂੰ ਵੀ ਇਤਿਹਾਸ ਨੇ ਹਮੇਸ਼ਾਂ ਲਈ ਯਾਦ ਰੱਖਣਾ ਹੈ, ਬਸ ਯਾਦ ਕਿਵੇਂ ਰੱਖਣਾ ਹੈ ਫਰਕ ਇਹੀ ਹੋਵੇਗਾ।

# ਧਰਮ ਯੁੱਧ ਮੋਰਚੇ ਦੀ ਤਰਜ਼ ’ਤੇ ਕਿਸਾਨ ਮੋਰਚੇ ਨੂੰ ਖਦੇੜਨ ਦੀ ਤਿਆਰੀ

ਗੁਰਬਚਨ ਸਿੰਘ

ਘਟਨਾਵਾਂ ਬੜੀ ਤੇਜ਼ੀ ਨਾਲ ਵਾਪਰ ਰਹੀਆਂ ਹਨ। ਮੋਦੀ ਸਰਕਾਰ ਉਨਾਂ ਮੁਹਤਬਰ ਸਿੱਖ ਆਗੂਆਂ ਦੀ ਭਾਲ ਕਰ ਰਹੀ ਹੈ, ਜਿਨਾਂ ਨਾਲ ਗੱਲਬਾਤ ਕਰ ਕੇ ਜਾਂ ਗੱਲਬਾਤ ਦਾ ਨਾਟਕ ਕਰ ਕੇ ਸਿਖਾਂ ਨੂੰ ਇਹ ਜਚਾਇਆ ਜਾ ਸਕੇ ਕਿ ਮੋਦੀ ਸਰਕਾਰ ਸਿੱਖਾਂ ਪ੍ਰਤੀ ਬੜੀ ਸੰਵੇਦਨਸ਼ੀਲ ਹੈ ਅਤੇ ਉਨਾਂ ਦੇ ਸਾਰੇ ਧਾਰਮਿਕ ਮਸਲਿਆਂ ਦੇ ਹੱਲ ਲਈ ਬੜੀ ਉਤਸੁਕ ਹੈ। ਇਸ ਕੰਮ ਲਈ ਆਰ ਐਸ ਐਸ ਵੀ ਉਸਦਾ ਹੱਥ ਵਟਾ ਰਹੀ ਹੈ। ਖਬਰਾਂ ਹਨ ਕਿ ਪਿਛੇ ਜਿਹੇ ਆਰ ਐਸ ਐਸ ਦੇ ਕਿਸੇ ਵੱਡੇ ਆਗੂ ਨੇ ਦਿੱਲੀ ਵਿਚ ਕੁੱਝ ਸਿੱਖ ਚਿੰਤਕਾਂ ਨਾਲ ਗੱਲਬਾਤ ਕਰ ਕੇ ਬੜੀ ਗੰਭੀਰਤਾ ਨਾਲ ਉਨਾਂ ਕੋਲੋ ਸਿੱਖ ਮਸਲਿਆਂ ਬਾਰੇ ਜਾਣਨ ਦਾ ਯਤਨ ਕੀਤਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਇਨਾਂ ਸਿੱਖ ਚਿੰਤਕਾਂ ਨੂੰ ਪੂਰੀ ਤਰਾਂ ਇਹ ਜਚਾਉਣ ਦਾ ਯਤਨ ਕੀਤਾ ਗਿਆ ਹੈ ਕਿ ਆਰ ਐਸ ਐਸ ਸਿੱਖਾਂ ਪ੍ਰਤੀ ਬੜੀ ਸੁਹਿਰਦ ਹੈ ਅਤੇ ਉਹ ਕਦੀ ਵੀ ਸਿੱਖਾਂ ਨਾਲ ਟਕਰਾਅ ਨਹੀਂ ਚਾਹੁੰਦੀ।

ਦੂਜੇ ਪਾਸੇ ਕੇਂਦਰ ਸਰਕਾਰ ਨੇ ਬੜੀ ਕਾਹਲੀ ਵਿਚ ਕਾਨੂੰਨ ਪਾਸ ਕਰ ਕੇ ਦਿੱਲੀ ਸਰਕਾਰ ਦੀ ਸਾਰੀ ਤਾਕਤ ਗਵਰਨਰ ਦੇ ਹਵਾਲੇ ਕਰ ਦਿੱਤੀ ਹੈ, ਤਾਂ ਕਿ ਕਿਸਾਨ ਅੰਦੋਲਨ ਨੂੰ ਖਦੇੜਨ ਵੇਲੇ ਪਹਿਲਾਂ ਵਾਂਗ ਕਿਸੇ ਕਿਸਮ ਦੀ ਕੋਈ ਪ੍ਰਬੰਧਕੀ ਰੁਕਾਵਟ ਨਾ ਪਵੇ।

ਇਹ ਵੀ ਖਬਰਾਂ ਘੁਮਾਈਆਂ ਜਾ ਰਹੀਆਂ ਹਨ ਕਿ ਕਣਕ ਦੀ ਵਾਢੀ ਕਾਰਨ ਵੱਡੀ ਗਿਣਤੀ ਵਿਚ ਕਿਸਾਨ ਘਰੋ ਘਰੀ ਚਲੇ ਗਏ ਹਨ ਅਤੇ ਦਿੱਲੀ ਧਰਨਿਆਂ ਵਿਚ ਬੈਠੇ ਕਿਸਾਨਾਂ ਦੀ ਗਿਣਤੀ ਬਹੁਤ ਘੱਟ ਗਈ ਹੈ। 28 ਮਾਰਚ ਦੀ ਅੰਗਰੇਜੀ ਟ੍ਰਿਬਿਊਨ ਦੇ ਪਹਿਲੇ ਸਫੇ ਉਤੇ ਸਰਕਾਰੀ ਏਜੰਸੀਆਂ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਪਹਿਲਾਂ ਜਿਥੇ ਹਰੇਕ ਟਰਾਲੀ ਵਿਚ 10 ਤੋਂ 15 ਕਿਸਾਨ ਹੁੰਦੇ ਸਨ ਉਥੇ ਹੁਣ ਟਰਾਲੀਆਂ ਵਿਚ ਸਿਰਫ 2 ਤੋਂ 5 ਕਿਸਾਨ ਹੀ ਬੈਠੇ ਹਨ। 26 ਜਨਵਰੀ ਦੀਆਂ ਵਾਪਰੀਆਂ ਘਟਨਾਵਾਂ ਤੋਂ ਬਾਅਦ ਜਦੋਂ ਪਰਦੇਸੀ ਬੈਠੇ ਸਿੱਖਾਂ ਨੂੰ ਇਹ ਜਾਪਿਆ ਕਿ ਕਿਸਾਨ ਆਗੂ ਸਿੱਖਾਂ ਨੂੰ ਸਰਕਾਰੀ ਜਬਰ ਤੋਂ ਬਚਾਉਣ ਦੀ ਹਾਲਤ ਵਿਚ ਨਹੀਂ ਹਨ, ਤਾਂ ਉਨਾਂ ਨੇ ਮੋਰਚੇ ਵਿਚ ਬੈਠੇ ਆਪਣੇ ਰਿਸ਼ਤੇਦਾਰ ਨੌਜਵਾਨਾਂ ਅਤੇ ਬੀਬੀਆਂ ਨੂੰ ਘਰੀਂ ਭੇਜ ਦਿੱਤਾ। ਇਸ ਹਾਲਤ ਵਿਚ ਸਟੇਜ ਉੱਤੇ ਹੋਣ ਵਾਲੀ ਰੋਜਾਨਾ ਫੰਡ ਦੀ ਉਗਰਾਹੀ ਬਹੁਤ ਘਟ ਗਈ ਹੈ। ਕਿਸਾਨ ਆਗੂ ਪਰਦੇਸੀ ਵਸਦੇ ਸਿੱਖ ਆਗੂਆਂ ਦੀ ਮੋਰਚੇ ਵਿਚ ਸ਼ਮੂਲੀਅਤ ਕਰਵਾ ਕੇ ਇਸ ਫੰਡ ਦੀ ਪੂਰਤੀ ਕਰਨੀ ਚਾਹੁੰਦੇ ਹਨ।

ਕਿਸਾਨ ਆਗੂਆਂ ਦੀ ਇਸ ਚਾਹਤ ਦਾ ਫਾਇਦਾ ਉਠਾਉਂਦਿਆਂ ਸਰਕਾਰੀ ਏਜੰਸੀਆਂ ‘ਹਾਊਡੀ ਮੋਦੀ’ ਵੇਲੇ ਆਪਣੇ ਅਜਮਾਏ ਸਿੱਖ ਸਰੂਪ ਵਿਚ ਵਿਚਰਦੇ ਕੁਝ ਲੋਕਾਂ ਦੀ ਸਿਖੱ ਆਗੂਆਂ ਵਜੋਂ ਮੋਰਚੇ ਵਿਚ ਘੁਸਪੈਠ ਕਰਵਾਉਣ ਦੇ ਯਤਨ ਕਰ ਰਹੀਆਂ ਹਨ, ਤਾਂ ਕਿ ਮੌਕਾ ਆਉਣ ਉਤੇ ਅੰਦਰੋਂ ਤੇ ਬਾਹਰੋਂ ਇਕੋ ਵੇਲੇ ਮੋਰਚੇ ਉਤੇ ਹਮਲਾ ਕੀਤਾ ਜਾ ਸਕੇ। ਮੋਰਚੇ ਨੂੰ ਖਦੇੜਨ ਦੀ ਇਹ ਸਾਰੀ ਤਿਆਰੀ 5 ਸੂਬਿਆਂ ਦੀਆਂ ਹੋ ਰਹੀਆ ਚੋਣਾਂ ਦੇ 2 ਮਈ ਨੂੰ ਨਿਕਲਣ ਵਾਲੇ ਨਤੀਜਿਆਂ ਨੂੰ ਮੁੱਖ ਰੱਖ ਕੇ ਕੀਤੀ ਜਾ ਰਹੀ ਹੈ। ਇਨਾਂ ਚੋਣਾਂ ਦੇ ਨਿਕਲਣ ਵਾਲੇ ਨਤੀਜਿਆਂ ਨੇ ਨਾ ਸਿਰਫ ਮੋਦੀ-ਸ਼ਾਹ ਜੋੜੀ ਦੇ ਦੇਸ਼ ਵਿਚਲੇ ਰਾਜਸੀ ਭਵਿੱਖ ਨੂੰ ਤਹਿ ਕਰਨਾ ਹੈ ਬਲਕਿ ਭਾਜਪਾ ਦੇ ਅੰਦਰ ਵੀ ਇਨਾਂ ਦੇ ਭਵਿਖ ਦਾ ਫੈਸਲਾ ਕਰਨਾ ਹੈ।

ਮੋਦੀ-ਸ਼ਾਹ ਵਿਰੋਧੀ ਭਾਜਪਾ ਅੰਦਰਲੇ ਵਿਰੋਧ ਨੂੰ ਕਾਬੂ ਕਰਨ ਲਈ ਹੀ ਆਰ ਐਸ ਐਸ ਦੀ ਆਗੂ ਟੀਮ ਵਿਚ ਤਬਦੀਲੀ ਕੀਤੀ ਗਈ ਹੈ। ਕਿਸਾਨ ਮੋਰਚੇ ਦਾ ਦਾਰੋਮਦਾਰ ਹੁਣ ਇਨਾਂ ਚੋਣ ਨਤੀਜਿਆਂ ਉਤੇ ਨਿਰਭਰ ਕਰਦਾ ਹੈ। ਚੀਨ ਤੇ ਪਾਕਿਸਤਾਨ ਦੇ ਹੋਏ ਯੁਧਨੀਤਕ ਗਠਜੋੜ ਨੇ ਮੋਦੀ-ਸ਼ਾਹ ਜੋੜੀ ਦੀ ਪਾਕਿਸਤਾਨ ਤੇ ਮੁਸਲਮਾਨ ਵਿਰੋਧੀ ਮਨੂਵਾਦੀ ਚੋਣ ਰਾਜਨੀਤੀ ਦੀ ਫੂਕ ਕਢ ਦਿਤੀ ਹੈ। ਇਸ ਹਾਲਤ ਵਿਚ ਇਹ ਜੋੜੀ ਇਕ ਵਾਰ ਫਿਰ ਇੰਦਰਾ ਗਾਂਧੀ ਦੀ ਤਰਜ਼ ’ਤੇ ਸਿੱਖਾਂ ਨੂੰ ਬਲੀ ਦਾ ਬਕਰਾ ਬਣਾ ਕੇ ‘ਖਾਲਿਸਤਾਨ’ ਵਿਰੋਧੀ ਰਾਜਨੀਤੀ ਦਾ ਬਿਰਤਾਂਤ ਸਿਰਜਣ ਦਾ ਯਤਨ ਕਰ ਰਹੀ ਹੈ।

**ਭੱਖਦਾ ਮੱਸਲਾ**

ਕਿਸਾਨ ਆਗੂਆਂ ਨੂੰ ਇਕ ਸਚਾਈ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਇਹ ਮੋਰਚਾ ਕਿਸੇ ਟ੍ਰੇਡ ਯੂਨੀਅਨ ਸੰਘਰਸ਼ ਦਾ ਵਿਸਥਾਰ ਨਹੀਂ ਹੈ ਬਲਕਿ ਦੋ ਵਿਰੋਧੀ ਰਾਜਸੀ ਤਾਕਤਾਂ ਦੀ ਜਿੰਦਗੀ ਮੌਤ ਦੀ ਲੜਾਈ ਹੈ। ਇਹ ਮਲਿਕ ਭਾਗੋਆਂ ਦੇ ਮਾਇਆ ਦੇ ਹੋਰ ਵੱਡੇ ਅੰਬਾਰ ਲਾਉਣ ਅਤੇ ਭਾਈ ਲਾਲੋਆਂ ਦੀ ਰੋਟੀ ਦੀ ਬੁਰਕੀ ਬਚਾਉਣ ਦੀ ਲੜਾਈ ਹੈ। ਹੁਣ ਤੱਕ ਇਹ ਲੜਾਈ ਅਕਸਰ ਮਲਿਕ ਭਾਗੋ ਜਿੱਤਦੇ ਆ ਰਹੇ ਹਨ ਅਤੇ ਜੇ ਕਦੀ ਭਾਈ ਲਾਲੋਆਂ ਦੀ ਜਿੱਤ ਹੋਈ ਵੀ ਹੈ ਤਾਂ ਇਹ ਜਿੱਤ ਥੋੜ-ਚਿਰੀ ਰਹੀ ਹੈ। ਇਸ ਲਈ ਸੌਖੇ ਕੀਤਿਆਂ ਮੋਦੀਕੇ ਕਦੀ ਵੀ ਪੂਰਨ ਰੂਪ ਵਿਚ ਇਹ ਬਿਲ ਵਾਪਸ ਲੈ ਕੇ ਭਾਈ ਲਾਲੋਆਂ ਨੂੰ ਜਿੱਤ ਦਾ ਅਹਿਸਾਸ ਨਹੀਂ ਹੋਣ ਦੇਣਗੇ।

ਹੁਣ ਤੱਕ ਸਾਡੇ ਦੇਸ਼ ਦੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੇ ਕਿਸਾਨ ਅੰਦੋਲਨ ਨੂੰ ਖਦੇੜਨ ਲਈ ਉਨਾਂ ਦਾ ਰਾਹ ਰੋਕੀ ਰੱਖਿਆ ਹੈ। ਪਰ ਹੁਣ 2 ਮਈ ਦੇ ਚੋਣ ਨਤੀਜਿਆਂ ਨੇ ਇਸ ਮੋਰਚੇ ਦਾ ਫੈਸਲਾ ਕਰ ਦੇਣਾ ਹੈ। ਜੇ ਤਾਂ ਮੋਦੀਕੇ ਆਸਾਮ ਅਤੇ ਬੰਗਾਲ ਵਿਚ ਚੋਣਾਂ ਜਿਤਦੇ ਹੋਏ ਤਾਂ ਉਹ ਆਪਣੀ ਇਸ ਰਾਜਸੀ ਜਿੱਤ ਨੂੰ ਹੋਰ ਵੱਡਾ ਕਰਨ ਲਈ 2 ਮਈ ਤੋਂ ਬਾਅਦ ਕਿਸਾਨ ਮੋਰਚੇ ਨੂੰ ਜਬਰੀ ਖਦੇੜਨ ਦਾ ਯਤਨ ਕਰਨਗੇ ਅਤੇ ਜੇ ਉਹ ਇਨਾਂ ਸੂਬਿਆਂ ਵਿਚ ਚੋਣਾਂ ਹਾਰਦੇ ਹੋਏ ਤਾਂ ਉਹ 2 ਮਈ ਤੋਂ ਪਹਿਲਾਂ ਇਸ ਮੋਰਚੇ ਨੂੰ ਖਦੇੜ ਕੇ ਆਪਣੀ ਹਾਰ ਦੀ ਨਮੋਸ਼ੀ ਕਿਸਾਨ ਮੋਰਚੇ ਨੂੰ ਜਬਰੀ ਖਦੇੜਣ ਕਾਰਨ ਪੈਣ ਵਾਲੇ ਰੌਲੇ ਹੇਠ ਲੁਕਾਉਣ ਦੇ ਯਤਨ ਕਰਨਗੇ।

ਇੰਦਰਾ ਗਾਂਧੀ ਵਲੋਂ ਧਰਮ ਯੁੱਧ ਮੋਰਚੇ ਨੂੰ ਕੁਚਲਣ ਵੇਲੇ ਐਨ ਇਸੇ ਤਰਾਂ ਅਕਾਲੀਆਂ ਨਾਲ ਗੱਲਬਾਤ ਦੇ ਕਈ ਦੌਰ ਚਲਾਏ ਗਏ ਸਨ। ਭਾਰਤ ਦੀ ਸਰਬ ਉਚ ਖੁਫੀਆ ਏਜੰਸੀ ਰਾਅ ਦੇ ਸਾਬਕਾ ਵਿਸ਼ੇਸ਼ ਸਕਤਰ ਤੇ ਮਨੂੰਵਾਦੀ ਰਾਸ਼ਟਰਵਾਦ ਦੀ ਗੁੜਤੀ ਨਾਲ ਪਲੇ ਸਾਬਕਾ ਕੇਂਦਰੀ ਰਖਿਆ ਮੰਤਰੀ ਸ੍ਰ. ਸਵਰਨ ਸਿੰਘ ਦੇ ਜਵਾਈ ਜੀ ਬੀ ਐਸ ਸਿਧੂ ਦੀ ਕਿਤਾਬ ‘ਖਾਲਿਸਤਾਨ ਇਕ ਸਾਜਿਸ਼’ ਵਿਚ ਇਕ ਪੂਰਾ ਚੈਪਟਰ ਹੀ ਕੇਂਦਰ ਸਰਕਾਰ ਤੇ ਅਕਾਲੀ ਆਗੂਆਂ ਦਰਮਿਆਨ 4 ਸਾਲ ਹੁੰਦੀ ਰਹੀ ਲੰਬੀ ਗੱਲਬਾਤ ਬਾਰੇ ਹੈ ਕਿ ਕਿਵੇਂ ਹਰੇਕ ਵਾਰ ਸਿਰੇ ਲੱਗੀ ਗੱਲਬਾਤ ਨੂੰ ਇੰਦਰਾ ਗਾਂਧੀ ਨੇ ਤਾਰਪੀਡੋ ਕਰ ਦਿੱਤਾ। ਹਰਕਿਸ਼ਨ ਸਿੰਘ ਸੁਰਜੀਤ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਸਿਰਫ 6 ਮਹੀਨਿਆਂ ਵਿਚ ਇੰਦਰਾ ਗਾਂਧੀ ਤਿੰਨ ਵਾਰ ਸਮਝੌਤੇ ਤੋਂ ਮੁਕਰੀ। ਦਿੱਲੀ ਵਿਚ ਆਪਣੇ ਘਰ ਠਹਿਰੇ ਸਵਰਨ ਸਿੰਘ ਨਾਲ ਸਿਰੇ ਲੱਗੀ ਗੱਲਬਾਤ ਕਿਵੇਂ ਤਾਰਪੀਡੋ ਕੀਤੀ ਗਈ, ਉਸ ਦਾ ਪੂਰਾ ਵੇਰਵਾ ਸਿਧੂ ਨੇ ਆਪਣੀ ਕਿਤਾਬ ਵਿਚ ਦਿੱਤਾ ਹੈ।

26 ਮਈ 1984 ਨੂੰ ਦਿੱਲੀ ਵਿਚ ਬਾਦਲ, ਟੌਹੜੇ ਅਤੇ ਬਰਨਾਲੇ ਨਾਲ ਪੀ ਵੀ ਨਰਸਿਮਹਾ ਰਾਓ, ਪ੍ਰਨਬ ਮੁਖਰਜੀ ਤੇ ਪੀ ਸ਼ਿਵ ਸ਼ੰਕਰ ਦੀ ਹੋਈ ਆਖਰੀ ਗੱਲਬਾਤ ਬਾਰੇ ਕਿਤਾਬ ਵਿਚ ਦਰਜ ਹੈ, ‘ਕੁਲਦੀਪ ਨਈਅਰ ਨੂੰ ਸਦਮਾ ਲੱਗਾ ਪਰ ਹੈਰਾਨੀ ਨਹੀਂ ਹੋਈ, ਜਦੋਂ 3 ਜੂਨ ਨੂੰ ਦਰਬਾਰ ਸਾਹਿਬ ਵਿਚ ਫੌਜ ਵਾੜ ਦਿੱਤੀ ਗਈ। ਪੰਜਾਬ ਗਰੁੱਪ ਦੇ ਮੈਂਬਰ ਹੋਣ ਨਾਤੇ ਉਸ ਨੇ ਆਪਣੇ ਆਪ ਨੂੰ ਹਾਰਿਆ ਹੋਇਆ ਮਹਿਸੂਸ ਕੀਤਾ। ਕਿਉਂਕਿ ਰਾਓ ਨੇ ਉਨਾਂ ਨੂੰ 10 ਦਿਨ ਪਹਿਲਾਂ ਅਕਾਲੀਆਂ ਨਾਲ ਸਮਝੌਤਾ ਹੋਣ ਦਾ ਯਕੀਨ ਦਿਵਾਇਆ ਸੀ। ਜਦੋਂ ਨਈਅਰ ਨੇ ਮੇਜਰ ਜਨਰਲ ਕੇ ਐਸ ਬਰਾੜ ਕੋਲੋ ਉਪਰੇਸ਼ਨ ਬਲਿਊ ਸਟਾਰ ਬਾਰੇ ਜਾਣਕਾਰੀ ਲਈ ਤਾਂ ਪਤਾ ਲਗਾ ਕਿ ਫੌਜ ਨੂੰ ਇਹ ਜਿੰਮੇਵਾਰੀ 15 ਦਿਨ ਪਹਿਲਾਂ ਹੀ ਸੌਂਪ ਦਿੱਤੀ ਗਈ ਸੀ।

ਇਸ ਦਾ ਮਤਲਬ ਸੀ ਕਿ ਰਾਓ ਵਲੋਂ ਉਨਾਂ ਨੂੰ ਯਕੀਨ ਦਿਵਾਉਣ ਤੋਂ ਪਹਿਲਾਂ ਸਰਕਾਰ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦਾ ਮਨ ਬਣਾ ਲਿਆ ਸੀ। ਕੁਦਰਤੀ ਤੌਰ ’ਤੇ ਨਈਅਰ ਹੈਰਾਨ ਹੋਇਆ ਕਿ ਰਾਓ ਨੇ ਉਨਾਂ ਕੋਲੋ ਇਹ ਸਚਾਈ ਕਿਉਂ ਲੁਕਾਈ ਸੀ।’

ਲੇਖਕ ਦੀ ਇਸ ਸਾਰੇ ਕੁਝ ਬਾਰੇ ਆਪਣੀ ਟਿਪਣੀ ਹੈ, ‘ਇਸ ਤਰਾਂ ਅਕਾਲੀਆਂ ਨਾਲ ਗੱਲਬਾਤ ਰਾਹੀਂ ਪੰਜਾਬ ਸਮਝੌਤੇ ਦਾ ਸ਼ਾਂਤਮਈ ਹੱਲ ਲੱਭਣ ਦੀ ਲੰਬੀ ਬੁਝਾਰਤ ਦਾ ਅੰਤ ਹੋਇਆ। ਗੱਲਬਾਤ ਦੇ ਇਹ ਸਾਰੇ ਦੌਰ ਸਿਰਫ 1 ਅਕਬਰ ਰੋਡ ਗਰੁਪ (ਤੀਜੀ ਏਜੰਸੀ) ਦੇ ਮੰਤਵ ਨੂੰ ਪੂਰਾ ਕਰਨ ਲਈ ਸਨ ਅਤੇ ਜਿਨਾਂ ਦੀ ਹੁਣ ਲੋੜ ਨਹੀਂ ਸੀ ਰਹੀ। ਬਲਕਿ ਉਪਰੇਸ਼ਨ-2 ਦੀ ਯੋਜਨਾ ਅਨੁਸਾਰ ਪੰਜਾਬ ਸਮੱਸਿਆ ਦਾ ‘ਅੰਤਿਮ ਹੱਲ’ ਕਰਨ ਦਾ ਸਮਾਂ ਆ ਗਿਆ ਸੀ, ਜਿਸ ਦੀ ਉਨਾਂ ਨੇ 4 ਸਾਲ ਲੰਬੀ ਉਡੀਕ ਕੀਤੀ ਸੀ।’

ਇਹ ਹੈ ਮਲਿਕ ਭਾਗੋਆਂ ਅਤੇ ਭਾਈ ਲਾਲੋਆਂ ਵਿਚਕਾਰ ਹੋ ਰਹੀ ਅਤੇ ਹੁੰਦੀ ਰਹੀ ਗੱਲਬਾਤ ਦਾ ਵੇਰਵਾ। ਸਿੱਖ ਸਰੂਪ ਵਿਚ ਵਿਚਰਦੇ ਮਲਿਕ ਭਾਗੋ ਹਮੇਸ਼ਾ ਭਾਈ ਲਾਲੋਆਂ ਨਾਲ ਧੋਖਾ ਕਰਦੇ ਆਏ ਹਨ। ਹੁਣ ਵੀ ਇਹੀ ਕੁਝ ਹੋ ਰਿਹਾ ਹੈ। ਥੁੱਕਿਆ ਚਟ ਕੇ ਅਮਰਿੰਦਰ ਸਿੰਘ ਤੇ ਬਾਦਲਕਿਆਂ ਨਾਲ ਮੋਦੀ-ਸ਼ਾਹ ਜੋੜੀ ਨੇ ਸਮਝੌਤਾ ਕਰ ਲਿਆ ਹੈ ਅਤੇ ਇਹ ਦੋਵੇਂ ਹੁਣ ਕਿਸਾਨ ਮੋਰਚੇ ਨੂੰ ਕੁਚਲਣ ਲਈ ਮੋਦੀ ਨਾਲ ਖੜੇ ਹਨ। ਸਮੂਹ ਸਿੱਖਾਂ, ਭਾਈ ਲਾਲੋਆਂ ਤੇ ਪੰਜਾਬ ਪੱਖੀ ਲੋਕਾਂ ਨੂੰ ਹੁਣ ਤੋਂ ਹੀ ਚੌਕਸ ਹੋ ਕੇ ਮੋਦੀ-ਸ਼ਾਹ ਜੋੜੀ ਦੇ ਇਸ ਆਉਣ ਵਾਲੇ ਹਮਲੇ ਦੀਆਂ ਚਾਲਾਂ ਨੂੰ ਸਮਝਣ ਦੀ ਲੋੜ ਹੈ। ਇਸ ਲਈ ਕਿਸਾਨ ਆਗੂਆਂ ਵਲੋਂ ਹਰੇਕ ਪਿੰਡ ਵਿਚ 21 ਮੈਂਬਰੀ ਕਿਸਾਨ ਕਮੇਟੀਆਂ ਬਣਾਉਣ ਦਾ ਦਿੱਤਾ ਸੱਦਾ ਬੜਾ ਅਹਿਮ ਹੈ ਤੇ ਇਸ ਨੂੰ ਫੌਰੀ ਅਮਲ ਵਿਚ ਲਿਆਉਣ ਦੀ ਲੋੜ ਹੈ।

# ਭਾਜਪਾ ਧੜਾ ਬਣੀ ਪਾਰਟੀ ਦਾ ਦਰਜਾ ਗਵਾ ਬੈਠੀ ਹੈ

**ਦਲੀਪ ਸਿੰਘ ਵਾਸਨ**

ਇਸ ਭਾਜਪਾ ਸਰਕਾਰ ਨੇ ਪਤਾ ਨਹੀਂ ਕੀ ਸੋਚਕੇ ਇਹ ਵਾਲੇ ਤਿੰਨ ਖੇਤੀ ਬਿਲ ਪਾਸ ਕੀਤੇ ਹਨ ਜਿਨਾਂ ਉਤੇ ਸਦਨਾਂ ਵਿੱਚ ਵੀ ਵਿਰੋਧਤਾ ਕੀਤੀ ਗਈ ਸੀ ਅਤੇ ਇਹ ਵਿਰੋਧੀ ਪਾਰਟੀਆਂ ਦੀ ਜਦ ਸਦਨਾਂ ਵਿੱਚ ਸੁਣਵਾਈ ਨਹੀਂ ਸੀ ਹੋਈ ਤਾਂ ਇਹ ਸੜਕਾਂ 'ਤੇ ਵੀ ਆਈਆਂ ਸਨ। ਅਸਾਂ ਇਹ ਵੀ ਦੇਖਿਆ ਕਿ ਸਾਰੇ ਭਾਰਤ ਵਿੱਚ ਕਿਸਾਨ ਉਠ ਖਲੋਤੇ ਸਨ ਅਤੇ ਬਣ ਗਏ ਕਾਨੂੰਨਾਂ ਦੀ ਵਿਰੋਧਤਾ ਕੀਤੀ ਸੀ ਅਤੇ ਇਸ ਵਿਰੋਧਤਾ ਉਤੇ ਜਦ ਭਾਜਪਾ ਸਰਕਾਰ ਨੇ ਕੋਈ ਸੁਣਵਾਈ ਨਾ ਕੀਤੀ ਤਾਂ ਇਹ ਕਿਸਾਨ ਮੈਦਾਨ ਵਿੱਚ ਆ ਗਏ ਸਨ।
ਇਹ ਵਿਰੋਧਤਾ ਇਕ ਸੰਘਰਸ਼ ਦਾ ਰੂਪ ਧਾਰ ਗਈ ਸੀ ਅਤੇ ਅੱਜ ਕਿਸਾਨ ਅਤੇ ਸਾਰਾ ਮੀਡੀਆ ਇਸ ਕਿਸਾਨ ਸੰਘਰਸ਼ ਨੂੰ ਅੰਦੋਲਨ ਦਾ ਨਾਮ ਵੀ ਦੇ ਦਿਤਾ ਗਿਆ ਹੈ। ਅਸਾਂ ਇਹ ਵੀ ਦੇਖਿਆ ਸੀ ਕਿ ਬਹੁਤ ਸਾਰੇ ਪ੍ਰਾਂਤਾਂ ਨੇ ਵੀ ਇਹ ਵਾਲੇ ਤਿੰਨੋਂ ਕਾਨੂੰਨਾਂ ਦੀ ਵਿਰੋਧਤਾ ਕੀਤੀ ਸੀ ਅਤੇ ਕਈ ਪ੍ਰਾਂਤਾਂ ਨੇ ਕੇਂਦਰੀ ਕਾਨੂੰਨਾਂ ਨੂੰ ਆਪਣੀ ਸਟੇਟ ਵਿੱਚ ਨਾ ਲਾਗੂ ਕਰਨ ਦੇ ਕਾਨੂੰਨ ਵੀ ਬਣਾ ਦਿੱਤੇ ਸਨ। ਅਸਾਂ ਇਹ ਵੀ ਦੇਖਿਆ ਕਿ ਇਹ ਕਿਸਾਨ ਜਥੇਬੰਦੀਆਂ ਮਾਨਯੋਗ ਸੁਪਰੀਮ ਕੋਰਟ ਵਿੱਚ ਵੀ ਚਲੀਆਂ ਗਈਆਂ ਸਨ ਅਤੇ ਮਾਮਲਾ ਉਥੇ ਵੀ ਲਮਕਾਅ ਅਵਸਥਾ ਵਿੱਚ ਪਿਆ ਹੈ। ਮਾਨਯੋਗ ਸੁਪਰੀਮ ਕੋਰਟ ਨੇ ਵੀ ਬਣੇ ਕਾਨੂੰਨਾਂ ਉਤੇ ਹਾਲ ਦੀ ਘੜੀ ਰੋਕ ਲਗਾ ਦਿਤੀ ਹੈ ਜਿਹੜੀ ਦਾ ਸਮਾਂ ਛੇ ਮਹੀਨਿਆਂ ਤੋਂ ਵੱਧ ਵੀ ਸਕਦਾ ਹੈ। ਮਾਨਯੋਗ ਸੁਪਰੀਮ ਕੋਰਟ ਨੇ ਇਕ ਤਿੰਨ ਮੈਂਬਰੀ ਕਮੇਟੀ ਵੀ ਬਣਾ ਦਿ.ਤੀ ਹੈ ਜਿਹੜੀ ਇਹ ਦਸੇਗੀ ਕਿ ਇਹ ਵਾਲੇ ਤਿੰਨ ਕਾਨੂੰਨ ਕਿਥੋਂ ਤਕ ਜਾਇਜ਼ ਹਨ।
ਕਿਸਾਨਾਂ ਦਾ ਇਹ ਅੰਦੋਲਨ ਨਵੰਬਰ, 2020 ਵਿੱਚ ਸ਼ੁਰੂ ਹੋਇਆ ਸੀ ਅਤੇ ਅੱਜ ਤੱਕ ਚਲਦਾ ਆ ਰਿਹਾ ਹੈ। ਅਸੀਂ ਦੇਖ ਰਹੇ ਹਾਂ ਕਿ ਕੇਂਦਰ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਕਈ ਬੈਠਕਾਂ ਵੀ ਕਰ ਲਈਆਂ ਹਨ ਅਤੇ ਕੁਝ ਤਰਮੀਮਾਂ ਕਰਨ ਦਾ ਵਚਨ ਵੀ ਦੇ ਦਿੱਤਾ ਹੈ। ਕਿਸਾਨ ਇਹ ਮੰਗ ਕਰ ਰਹੇ ਹਨ ਕਿ ਜਦ ਤੱਕ ਸਾਰੇ ਦੇ ਸਾਰੇ ਇਹ ਤਿੰਨ ਖੇਤੀ ਕਾਨੂੰਨ ਵਾਪਸ ਨਹੀਂ ਲਏ ਜਾਂਦੇ ਉਹ ਆਪਣਾ ਅੰਦੋਲਨ ਵਾਪਸ ਨਹੀਂ ਲੈਣਗੇ ਅਤੇ ਇਹ ਵੀ ਆਖ ਰਹੇ ਹਨ ਕਿ ਉਹ ਅੰਦੋਲਨ ਤੇਜ਼ ਵੀ ਕਰਨਗੇ।
ਭਾਜਪਾ ਸਰਕਾਰ ਨੇ ਕਿਸਾਨਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਦੇਖ ਕੇ ਇਹ ਵੀ ਆਖ ਦਿੱਤਾ ਸੀ ਕਿ ਇਹ ਅੰਦੋਲਨ ਕਿਸਾਨਾਂ ਦਾ ਨਹੀਂ ਹੈ ਬਲਕਿ ਇਹ ਅੰਦੋਲਨ ਖਾਲਿਸਤਾਨੀਆਂ ਦਾ ਹੈ। ਇਹ ਵੀ ਆਖ ਦਿਤਾ ਗਿਆ ਸੀ ਕਿ ਇਹ ਵਾਲਾ ਅੰਦੋਲਨ ਅਤਿਵਾਦੀਆਂ ਦਾ ਹੈ। ਇਹ ਇਲਜ਼ਾਮ ਵੀ ਆ ਗਿਆ ਸੀ ਕਿ ਇਹ ਕਿਸਾਨ ਹਨ ਹੀ ਨਹੀਂ ਕਿਉਂਕਿ ਕਿਸਾਨ ਏਨਾ ਬਣਿਆ ਠਣਿਆ ਨਹੀਂ ਹੋ ਸਕਦਾ ਅਤੇ ਉਸਦੀ ਸ਼ਕਲ ਸੂਰਤ ਹੀ ਹੋਰ ਤਰਾਂ ਦੀ ਹੁੰਦੀ ਹੈ। ਆਖਰ ਵਿੱਚ ਸਰਕਾਰ ਨੇ ਇਹ ਵੀ ਆਖ ਦਿੱਤਾ ਸੀ ਕਿ ਇਹ ਕਿਸਾਨਾਂ ਦਾ ਅੰਦੋਲਨ ਵਿਰੋਧੀ ਪਾਰਟੀਆਂ ਦੀ ਚਾਲ ਹੈ, ਇਹ ਕਿਸਾਨਾਂ ਦਾ ਅੰਦੋਲਨ ਹੈ ਹੀ ਨਹੀਂ ਹੈ। ਇਹ ਗੱਲਾਂ ਹੁੰਦੀਆਂ ਰਹੀਆਂ, ਪਰ ਨਾ ਤਾਂ ਕੋਈ ਐਸੀ ਗੱਲ ਆਈ ਕਿ ਇਹ ਖਾਲਿਸਤਾਨੀ ਹਨ, ਅਤਿਵਾਦੀ ਹਨ ਜਾਂ ਇਹ ਵੀ ਸਾਬਤ ਹੋਇਆ ਹੈ ਕਿ ਇਹ ਕਿਸਾਨ ਹੀ ਨਹੀਂ ਹਨ। ਕਿਸਾਨ ਅੱਜ ਵੀ ਇਹੀ ਆਖ ਰਹੇ ਹਨ ਕਿ ਜਦ ਤੱਕ ਇਹ ਵਾਲੇ ਤਿੰਨੋਂ ਖੇਤੀ ਕਾਨੂੰਨ ਵਾਪਸ ਨਹੀਂ ਲਏ ਜਾਂਦੇ ਅੰਦੋਲਨ ਜਾਰੀ ਰਖਿਆ ਜਾਵੇਗਾ। ਅਸੀਂ ਇਹ ਵੀ ਦੇਖ ਰਹੇ ਹਾਂ ਕਿ ਭਾਜਪਾ ਵਾਲੇ ਸਾਰੇ ਦੇ ਸਾਰੇ ਸੀਨੀਅਰ ਲੀਡਰ ਚੁਪ ਹਨ ਅਤੇ ਮੋਦੀ ਜੀ ਨੂੰ ਕੋਈ ਸਲਾਹ ਨਹੀਂ ਦੇ ਰਿਹਾ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਇਹ ਭਾਜਪਾ ਦੀ ਅੰਦਰੂਨੀ ਚੁਪ ਇਹ ਚਾਹ ਰਹੀ ਹੋਵੇ ਕਿ ਇਹ ਮੋਦੀ ਜੀ ਦੀ ਜਿਹੜੀ ਵਡਿਆਈ ਬਣ ਆਈ ਸੀ ਆਪ ਹੀ ਖਤਮ ਹੋ ਗਈ ਹੈ ਅਤੇ ਉਨਾਂ ਨੂੰ ਕੋਈ ਵੀ ਯਤਨ ਨਹੀਂ ਕਰਨਾ ਪਿਆ। ਭਾਜਪਾ ਅੰਦਰ ਖਾਤੇ ਇਹ ਸਮਝ ਗਈ ਹੈ ਕਿ ਇਹ ਖੇਤੀ ਕਾਨੂੰਨਾਂ ਨੇ ਉਨਾਂ ਦੀ ਜਿਹੜੀ ਸਾਖ ਬਣ ਆਈ ਸੀ ਖਤਮ ਜਿਹੀ ਕਰ ਦਿੱਤੀ ਹੈ ਅਤੇ ਅਗਲੀਆਂ ਚੋਣਾਂ ਵਿੱਚ ਇਹ ਸਰਕਾਰ ਦਾ ਵੀ ਅੰਤ ਹੋ ਸਕਦਾ ਹੈ। ਪਰ ਸਾਡੇ ਮੁਲਕ ਵਿੱਚ ਪਾਰਟੀ ਦੀ ਵਿਰੋਧਤਾ ਕਰਨ ਦਾ ਰਿਵਾਜ ਹੀ ਨਹੀਂ ਹੈ ਅਤੇ ਬਹੁਤੇ ਰਾਜਸੀ ਪਾਰਟੀ ਵਿੱਚ ਆਏ ਲੋਕ ਆਪ ਵੀ ਸਿਫਾਰਿਸ਼ੀ ਹੀ ਹੁੰਦੇ ਹਨ ਅਤੇ ਆਪਣੀ ਜਿਹੜੀ ਹੋਂਦ ਬਣ ਆਈ ਹੈ ਉਹ ਗਵਾਉਣ ਲਈ ਤਿਆਰ ਨਹੀਂ ਹੁੰਦੇ। ਪਰ ਐਸੀ ਸੋਚ ਗਲਤ ਵੀ ਹੈ। ਕਾਂਗਰਸ ਵਿੱਚ ਜੀ23 ਆ ਹੀ ਗਿਆ ਹੈ ਅਤੇ ਹੁਣ ਭਾਜਪਾ ਦੀ ਵਾਰੀ ਵੀ ਆ ਗਈ ਲਗਦੀ ਹੈ।
ਇਹ ਗੱਲ ਹੁਣ ਛੁਪੀ ਹੋਈ ਨਹੀਂ ਹੈ ਕਿ ਭਾਜਪਾ ਵਾਲਿਆਂ ਨੇ ਇਹ ਖੇਤੀ ਕਾਨੂੰਨ ਕੁਝ ਸਰਮਾਏਦਾਰਾਂ ਨੂੰ ਖੇਤੀ ਸੈਕਟਰ ਵਿੱਚ ਦਾਖਲ ਹੋਣ ਦਾ ਮੌਕਾ ਦੇਣ ਲਈ ਹੀ ਤਿਆਰ ਕੀਤੇ ਹਨ ਅਤੇ ਏਨੀ ਮਿਹਨਤ ਕਰਕੇ ਅਤੇ ਐਨੀ ਤੇਜ਼ੀ ਨਾਲ ਆਪਣੀ ਬਹੁਮਤ ਦਾ ਫਾਇਦਾ ਉਠਾ ਕੇ ਪਾਸ ਵੀ ਕਰਵਾ ਲਏ ਹਨ ਅਤੇ ਕਿਸੇ ਦੇ ਮੂੰਹੋਂ ਨਿਕਲ ਵੀ ਗਿਆ ਸੀ ਕਿ ਹੁਣ ਸਾਡੀ ਇੱਜ਼ਤ ਦਾ ਸਵਾਲ ਵੀ ਬਣ ਆਇਆ ਹੈ। ਇਹ ਅੜਚਣ ਆ ਬਣੀ ਹੈ ਕਿ ਸਰਕਾਰ ਆਪਣੇ ਬਣਾਏ ਕਾਨੂੰਨ ਵਾਪਸ ਕਿਵੇਂ ਲਵੇ। ਇਹ ਅੜਚਣ ਮਾੜੀ ਤਾਂ ਹੈ, ਪਰ ਪਰਜਾਤੰਤਰ ਅੰਦਰ ਜਿਹੜੀ ਪਾਰਟੀ ਜਿੱਤ ਵੀ ਜਾਵੇ ਉਹ ਹਾਕਮ ਨਹੀਂ ਬਣਿਆ ਕਰਦੀ ਅਤੇ ਉਸਦਾ ਅਹੁਦਾ ਫਿਰ ਵੀ ਲੋਕਸੇਵਕ ਵਾਲਾ ਹੀ ਰਹਿੰਦਾ ਹੈ। ਇਸ ਲਈ ਇਹ ਕੋਈ ਜੰਗ ਨਹੀਂ ਹੈ ਜਿਸ ਵਿੱਚ ਕੋਈ ਹਾਰ ਜਾਂਦਾ ਹੈ ਅਤੇ ਕੋਈ ਜਿੱਤ ਹੀ ਜਾਂਦਾ ਹੈ। ਲੋਕ ਮੁਲਕ ਦੇ ਮਾਲਕ ਹਨ ਅਤੇ ਅਗਰ ਮਾਲਕ ਨਹੀਂ ਚਾਹ ਰਹੇ ਤਾਂ ਫਿਰ ਇਹ ਬਣ ਆਏ ਕਾਨੂੰਨ ਵਾਪਸ ਵੀ ਕੀਤੇ ਜਾ ਸਕਦੇ ਹਨ ਅਤੇ ਕਰ ਵੀ ਲਏ ਜਾਣੇ ਚਾਹੀਦੇ ਹਨ। ਕੋਈ ਇਹ ਆਖੇ ਕਿ ਕਿਸਾਨ ਜਿੱਤ ਗਏ ਹਨ ਅਤੇ ਕੋਈ ਇਹ ਆਖੇ ਕਿ ਸਰਕਾਰ ਹਾਰ ਗਈ ਹੈ, ਇਹ ਸਭ ਕਹਿਣ ਦੀਆਂ ਗਲਾਂ ਹਨ ਅਤੇ ਇਸ ਵੇਲੇ ਇਹ ਗੱਲਾਂ ਭੁਲ ਜਾਣੀਆਂ ਚਾਹੀਦੀਆਂ ਹਨ। ਇਹ ਮੁਲਕ ਵਿੱਚ ਜਿਹੜਾ ਸੰਕਟ ਜਿਹਾ ਆ ਗਿਆ ਹੈ ਇਹ ਬਹੁਤ ਹੀ ਛੇਤੀ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਹੁਣ ਬਿਹਤਰ ਇਹੀ ਹੈ ਕਿ ਸਰਕਾਰ ਆਪਣੇ ਬਣਾਏ ਕਾਨੂੰਨ ਤੁਰੰਤ ਸਦਨਾਂ ਵਿੱਚ ਲੈ ਜਾ ਕੇ ਰੱਦ ਕਰ ਦੇਵੇ। ਇਹ ਜਿਹੜੇ ਸਰਮਾਏਦਾਰ ਹਨ ਇਹ ਪਹਿਲਾਂ ਹੀ ਖੇਤੀ ਸੈਕਟਰ ਵਿੱਚ ਆਏ ਹੋਏ ਹਨ ਅਤੇ ਅੱਗੇ ਵੱਧਦੇ ਹੀ ਆ ਰਹੇ ਹਨ। ਇਹ ਟਰੈਕਟਰ, ਇਹ ਕੰਬਾਇਨਾਂ, ਇਹ ਕਣਕਾਂ ਦੀ ਕਟਾਈ, ਗਹਾਈ, ਇਹ ਕੀੜੇਮਾਰ ਦਵਾਈਆਂ, ਇਹ ਅਨਾਜ ਸਟੋਰ ਕਰਨ ਦੇ ਤਰੀਕੇ, ਇਹ ਵੱਡੀਆਂ ਡੇਅਰੀਆਂ, ਇਹ ਦੁਧ ਦੇ ਕਾਰਖਾਨੇ, ਇਹ ਖਾਦ ਦੇ ਕਾਰਖਾਨੇ, ਇਹ ਸ਼ੂਗਰ ਮਿਲਾਂ, ਇਹ ਅਨਾਜ ਤੋਂ ਸ਼ਰਾਬ ਦੇ ਕਾਰਖਾਨੇ, ਇਹ ਦੁਧ ਫੈਕਟਰੀਆਂ ਅਤੇ ਇਹ ਵੱਡੀਆਂ ਬੇਕਰੀਆਂ ਦਰਸਾ ਰਹੀਆਂ ਹਨ ਕਿ ਕਾਰਪੋਰੇਟ ਅਦਾਰੇ ਖੇਤੀਬਾੜੀ ਵਿੱਚ ਆ ਰਹੇ ਹਨ ਅਤੇ ਅੱਗੇ ਹੀ ਵਧ ਰਹੇ ਹਨ। ਹੁਣ ਸਰਕਾਰ ਖੁਦ ਹੀ ਦਾਣਿਆਂ ਦੀ ਪ੍ਰੋਸੈਸਿੰਗ, ਸਬਜ਼ੀਆਂ ਦੀ ਪ੍ਰੋਸੈਸਿੰਗ, ਫਲਾਂ ਦੀ ਪ੍ਰੋਸੈਸਿੰਗ ਅਤੇ ਸਬਜ਼ੀਆਂ ਅਤੇ ਫਲਾਂ ਦੀ ਸੰਭਾਲ ਕਰ ਰਹੀ ਹੈ। ਬਹੁਤ ਹੀ ਜਲਦੀ ਇਹ ਕਾਰਪੋਰੇਟ ਘਰਾਣੇ ਲੋਕਾਂ ਦਾ ਖਾਣਾ ਵੀ ਤਿਆਰ ਕਰਨ ਲੱਗ ਜਾਣਗੇ। ਇਹ ਸਾਰਾ ਕੁਝ ਦੇਖ ਕੇ ਇਹ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਕਾਰਪੋਰੇਟ ਅਦਾਰਿਆਂ ਨੂੰ ਸਰਕਾਰ ਦੀ ਮਦਦ ਦੀ ਜ਼ਰੂਰਤ ਨਹੀਂ ਹੈ। ਅਸੀਂ ਦੇਖ ਰਹੇ ਹਾਂ ਕਿ ਇਹ ਕਾਰਪੋਰੇਟ ਅਦਾਰੇ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਦੌੜੇ ਆ ਰਹੇ ਹਨ। ਅੱਜ ਕਿੰਨੇ ਹੀ ਸਕੂਲ, ਕਾਲਜ, ਸਿਖਲਾਈ ਕੇਂਦਰ, ਹਸਪਤਾਲ, ਖੋਜ ਹਸਪਤਾਲ, ਅਤੇ ਵੱਡੀਆਂ ਦੁਕਾਨਾਂ ਸਾਡੇ ਸਾਹਮਣੇ ਹਨ ਅਤੇ ਲੋਕ ਆਪਣੀਆਂ ਜ਼ਰੂਰਤਾਂ ਮੁਤਾਬਕ ਇਨਾਂ ਵੱਲ ਭਜਦੇ ਆ ਰਹੇ ਹਨ।
ਅਸੀਂ ਲੋਕਾਂ ਨੇ ਇਹ ਵੀ ਦੇਖ ਲਿਆ ਹੈ ਕਿ ਕਾਰਪੋਰੇਟ ਅਦਾਰੇ ਜਿਥੇ ਵੀ ਆ ਵੜੇ ਹਨ ਲੋਕਾਂ ਦੀ ਪਸੰਦ ਵੀ ਬਣਦੇ ਜਾ ਰਹੇ ਹਨ। ਸਰਕਾਰੀ ਅਤੇ ਬਹੁਤ ਹੀ ਗਰੀਬ ਲੋਕਾਂ ਵਲੋਂ ਚਲਾਈਆਂ ਜਾ ਰਹੀਆਂ ਇਕਾਈਆਂ ਦਾ ਵਕਤ ਚਲਾ ਗਿਆ ਹੈ। ਲੋਕਾਂ ਦੀ ਸੋਚ ਬਦਲ ਗਈ ਹੈ ਅਤੇ ਲੋਕਾਂ ਦੀ ਜੀਵਨ ਸ਼ੈਲੀ ਵੀ ਹੁਣ ਉਹ ਨਹੀਂ ਰਹੀ ਹੈ ਜਿਹੜੀ ਕੱਲ ਸੀ। ਕਿਸਾਨਾਂ ਦੀ ਮਨ ਕੇ ਇਹ ਤਿੰਨੋਂ ਕਾਨੂੰਨ ਵਾਪਸ ਲੈ ਲਏ ਜਾਣ ਤਾਂ ਕਿ ਮੁਲਕ ਦੀ ਸ਼ਾਂਤੀ ਬਹਾਲ ਕੀਤੀ ਜਾ ਸਕੇ ਅਤੇ ਸਰਕਾਰ ਸਿਰ ਜਿਹੜੀ ਇਹ ਬਦਨਾਮੀ ਜਿਹੀ ਆ ਬਣੀ ਹੈ ਇਸਦਾ ਖਾਤਮਾ ਹੋ ਸਕੇ। ਹਾਲਾਂਕਿ ਇਸ ਸਰਕਾਰ ਪਾਸ ਤਿੰਨ ਸਾਲਾਂ ਦਾ ਸਮਾ ਬਾਕੀ ਪਿਆ ਹੈ ਉਸ ਵਿੱਚ ਅਗਰ ਗੁਰਬਤ ਦੂਰ ਕਰਨ ਲਈ ਕੋਈ ਯਤਨ ਕੀਤਾ ਜਾਵੇ ਤਾਂ ਇਸ ਮੁਲਕ ਦੀ ਤਿੰਨ ਚੌਥਾਈ ਵਸੋਂ ਭਾਜਪਾ ਨੂੰ ਵੋਟਾ ਪਾ ਸਕਦੀ ਹੈ। ਇਹ ਗੁਰਬਤ ਦੂਰ ਕਰਨ ਵਾਲਾ ਕਾਨੂੰਨ ਕਾਂਗਰਸ ਅਤੇ ਖੱਬੀਆਂ ਪਾਰਟੀਆਂ ਨਹੀਂ ਬਣਾ ਸਕਦੀਆਂ ਕਿਉਂਕਿ ਪਿਛਲੇ ਸਮੇਂ ਵਿਚ ਉਨਾਂ ਦੀ ਹਾਜ਼ਰੀ ਵਿੱਚ ਇਸ ਪਾਸੇ ਕੋਈ ਕਾਰਗਰ ਕਦਮ ਨਹੀਂ ਚੁੱਕਿਆ ਗਿਆ ਅਤੇ ਇਸ ਕਰਕੇ ਲੋਕਾਂ ਨੂੰ ਅੱਜ ਭਾਜਪਾ ਉਤੇ ਹੀ ਉਮੀਦਾਂ ਹਨ ਕਿ ਉਹ ਇਸ ਗੁਰਬਤ ਵੱਲ ਵੀ ਧਿਆਨ ਦੇ ਸਕਦੀ ਹੈ। ਮੁਲਕ ਦੇ ਗਰੀਬਾਂ ਨੇ ਬੜੀਆਂ ਆਸਾਂ ਬਣਾਈਆਂ ਸਨ ਕਿ ਮੋਦੀ ਜੀ ਆਏ ਹਨ ਅਤੇ ਹੁਣ ਗੁਰਬਤ ਵਾਲਾ ਕੰਡਾ ਵੀ ਕੱਢ ਦਿੱਤਾ ਜਾਵੇਗਾ, ਪਰ ਲਗਦਾ ਹੈ ਭਾਜਪਾ ਵਿੱਚ ਵੀ ਐਸੀਆਂ ਧਿਰਾਂ ਮੌਜੂਦ ਹਨ ਜਿਹੜੀਆ ਗੁਰਬਤ ਦੂਰ ਕਰਨ ਦੇ ਹੱਕ ਵਿੱਚ ਨਹੀਂ ਹਨ।
ਜੋ ਵੀ ਹੈ ਇਹ ਗੱਲਾਂ ਭਾਜਪਾ ਪਾਰਟੀ ਨੂੰ ਨੋਟ ਕਰਨੀਆਂ ਚਾਹੀਦੀਆਂ ਹਨ ਅਤੇ ਪਾਰਟੀ ਆਪ ਬੈਠਕੇ ਫੈਸਲਾ ਕਰੇ ਕਿ ਇਹ ਖੇਤੀ ਕਾਨੂੰਨਾਂ ਨੇ ਭਾਜਪਾ ਦੀ ਬਣੀ ਬਣਾਈ ਸਾਖ ਖਰਾਬ ਕਰ ਦਿੱਤੀ ਹੈ ਅਤੇ ਇਸ ਲਈ ਇਹ ਵਾਲੇ ਕਾਨੂੰਨ ਤੁਰੰਤ ਵਾਪਸ ਲੈਣ ਦਾ ਫੈਸਲਾ ਕਰੇ। ਸਿਰਫ ਪ੍ਰਧਾਨ ਮੰਤਰੀ ਤੱਕ ਇਹ ਕੰਮ ਛੱਡ ਦੇਣ ਦਾ ਮਤਲਬ ਇਹ ਹੈ ਕਿ ਭਾਜਪਾ ਕੋਈ ਪਾਰਟੀ ਹੀ ਨਹੀਂ ਹੈ ਅਤੇ ਪ੍ਰਧਾਨ ਮੰਤਰੀ ਹੀ ਸਭ ਕੁਝ ਹੈ। ਅਗਰ ਐਸਾ ਹੈ ਤਾਂ ਭਾਜਪਾ ਇਕ ਪਾਰਟੀ ਹੀ ਨਹੀਂ ਹੈ ਅਤੇ ਨਾ ਹੀ ਇਸ ਪਾਰਟੀ ਪਾਸ ਕੋਈ ਸੋਚ ਹੀ ਹੈ।

*101ਸੀ ਵਿਕਾਸ ਕਲੋਨੀ, ਪਟਿਆਲਾ
ਪੰਜਾਬ, ਭਾਰਤ 147001
ਫੋਨ 0175 5191856

# ਪੰਜਾਬ ਦੀ ਸਿਆਸਤ ਵਿੱਚ ਕਿਸਾਨਾਂ ਦਾ ਹੋਵੇਗਾ ਵੱਡਾ ਰੋਲ

## ✪ ਸਿਆਸੀ ਪਾਰਟੀਆਂ ਧਰਮ ਸੰਕਟ ਵਿਚ ਫਸੀਆਂ ✪ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਹੋਈ ਵਿਸ਼ਾਲ ਕਾਨਫ਼ਰੰਸ ਵਿਚ ਕਿਸਾਨੀ ਸੰਘਰਸ਼ ਬਾਰੇ ਅਹਿਮ ਚਰਚਾ ✪ ਦੇਸ਼ ਦੇ ਹਾਕਮ ਅੰਗਰੇਜ਼ਾਂ ਤੋਂ ਵੀ ਵੱਡੇ ਲੁਟੇਰੇ-ਚੜੂਨੀ

**ਚੰਡੀਗੜ/ਏ.ਟੀ.ਨਿਊਜ਼ :** ਕਿਸਾਨ ਅੰਦੋਲਨ ਪੰਜਾਬ ਦੀ ਸਿਆਸਤ ਨੂੰ ਵੀ ਝੰਜੋੜ ਰਿਹਾ ਹੈ। ਪਿਛਲੇ ਸਮੇਂ ਵਿੱਚ ਨਵੇਂ ਸਿਆਸੀ ਸਮੀਕਰਨ ਪੈਦਾ ਹੋਣ ਲੱਗੇ ਹਨ ਜਿਸ ਦਾ ਭਵਿੱਖ ਵਿੱਚ ਵੱਡਾ ਅਸਰ ਵੇਖਣ ਨੂੰ ਮਿਲੇਗਾ। ਇਸ ਬਾਰੇ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਮੌਕੇ ਕਰਵਾਈ ਕਿਸਾਨੀ ਕਾਨਫਰੰਸ ਬਾਰੇ ਅਹਿਮ ਚਰਚਾ ਵੀ ਹੋਈ। ਇਸ ਦੌਰਾਨ ਮੰਚ ਤੋਂ ਵਿਧਾਇਕਾਂ ਦੀ ਜੁਆਬਦੇਹੀ ਤੈਅ ਕਰਨ ਤੇ ਉਨਾਂ ਤੋਂ ਸੁਆਲ ਪੁੱਛਣ ਲਈ ਪਿੰਡ ਪੱਧਰ 'ਤੇ 21-21 ਮੈਂਬਰੀ ਕਮੇਟੀਆਂ ਦਾ ਗਠਨ ਕਰਕੇ ਹਰ ਪਿੰਡ 'ਚ ਬੁਲਾਰੇ ਤੇ ਆਗੂ ਪੈਦਾ ਕਰਨ ਦਾ ਅਹਿਦ ਵੀ ਲਿਆ ਗਿਆ।
ਕਾਨਫਰੰਸ ਵਿਚ ਜਿਥੇ ਕੁਝ ਬੁਲਾਰਿਆਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਲੜਾਈ ਲੜਕੇ ਆਪਣੀ ਸਰਕਾਰ ਬਣਾਕੇ ਕਿਸਾਨੀ ਮਸਲਿਆਂ ਦਾ ਹੱਲ ਲਈ ਲੋਕਾਂ ਦੇ ਇਕੱਠ ਤੋਂ ਸਹਿਯੋਗ ਮੰਗਿਆਂ ਉਥੇ ਹੀ ਸੰਯੁਕਤ ਕਿਸਾਨ ਮੋਰਚਾ ਦਿੱਲੀ ਦੇ ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਤੇ ਹੋਰਨਾਂ ਨੇ ਸਿਆਸੀ ਲੜਾਈ ਵਿਚ ਪੈਣ ਤੋਂ ਕਿਨਾਰਾ ਕਰਦਿਆਂ ਕਿਸਾਨੀ ਸੰਘਰਸ਼ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਉਨਾਂ ਕਿਹਾ ਕਿ ਸਰਕਾਰ ਇਨਾਂ ਕਾਨੂੰਨਾਂ ਦੇ ਸਹਾਰੇ ਖੇਤੀ ਦੇ ਕਿੱਤੇ ਨੂੰ ਕਾਰਪੋਰੇਟਾਂ ਹਵਾਲੇ ਕਰਨ 'ਤੇ ਤੁਲੀ ਹੋਈ ਹੈ ਜੋ ਦੇਸ਼ ਦੇ ਕਿਸੇ ਵਰਗ ਦੇ ਹਿੱਤ ਵਿਚ ਨਹੀਂ। ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਅੱਜ ਦੇ ਹਾਕਮ ਅੰਗਰੇਜ਼ਾਂ ਤੋਂ ਵੀ ਵੱਡੇ ਲੁਟੇਰੇ ਬਣ ਬੈਠੇ ਹਨ। ਜੋ ਆਪਣੇ ਚਹੇਤੇ ਸਰਮਾਏਦਾਰਾਂ ਨੂੰ ਦੇਸ਼ ਦੇ ਕੀਮਤੀ ਸਾਧਨਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਦੇ ਰਾਹ ਪੈ ਗਏ ਹਨ। ਉਨਾਂ ਕਿਹਾ ਕਿ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਬਦੌਲਤ ਭਾਰਤ ਭੁੱਖਮਰੀ ਵਾਲੇ ਦੇਸ਼ਾਂ ਵਿਚ 102ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਮਨਜੀਤ ਸਿੰਘ ਰਾਏ ਆਦਿ ਨੇ ਕਿਹਾ ਕਿ ਅੱਜ ਲੜਾਈ ਦੋ ਜਮਾਤਾਂ ਦੀ ਰਹਿ ਗਈ ਹੈ ਇਕ ਪਾਸੇ ਕਿਸਾਨ ਅਤੇ ਆਮ ਲੋਕ ਹਨ ਜੋ ਆਪਣੀ ਰੋਜ਼ੀ ਰੋਟੀ ਦੀ ਲੜਾਈ ਲੜ ਰਹੇ ਹਨ ਦੂਜੇ ਪਾਸੇ ਰਾਜਨੀਤਕ ਲੋਕ ਸਰਮਾਏਦਾਰ ਪੱਖੀ ਹੋ ਕੇ ਉਨਾਂ ਦੀ ਲੜਾਈ ਲੜ ਰਹੇ ਹਨ। ਉਨਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਬਦੌਲਤ ਅੱਜ ਭਾਜਪਾ ਦੇਸ਼ ਅੰਦਰ ਰਾਜਨੀਤਕ ਮੌਤ ਮਰ ਚੁੱਕੀ ਹੈ।
ਬੇਸ਼ੱਕ ਇਸ ਬਾਰੇ ਕਿਸਾਨ ਜਥੇਬੰਦੀਆਂ ਦੀ ਇਸ ਬਾਰੇ ਕੋਈ ਪੁਖਤਾ ਰਣਨੀਤੀ ਸਾਹਮਣੇ ਨਹੀਂ ਆਈ। ਕਿਸੇ ਲੀਡਰ ਨੇ ਵੀ ਇਸ ਤਰਾਂ ਦੀ ਪਲਾਨਿੰਗ ਦਾ ਐਲਾਨ ਨਹੀਂ ਕੀਤਾ ਪਰ ਕਿਸਾਨ ਅੰਦੋਲਨ ਕਰਕੇ ਪੈਦਾ ਹੋਏ ਹਾਲਾਤ ਵਿੱਚ ਇਹ ਚਰਚਾ ਜ਼ਰੂਰ ਛਿੜੀ ਹੈ।
ਇਸ ਮੌਕੇ ਪਹੁੰਚੇ ਸਥਾਨਕ ਕਿਸਾਨ ਜਥੇਬੰਦੀ ਦੇ ਸਰਪ੍ਰਸਤ ਤੇ ਅਦਾਕਾਰ ਯੋਗਰਾਜ ਸਿੰਘ ਨੇ ਸਮੂਹ 32 ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਬੇਸ਼ੱਕ ਸਾਹਮਣੇ ਆ ਕੇ ਚੋਣਾਂ ਨਾ ਲੜਨ ਪਰ ਪਿੱਛੇ ਰਹਿ ਕੇ 117 ਅਜਿਹੇ ਵਿਅਕਤੀਆਂ ਨੂੰ ਅੱਗੇ ਲੈ ਕੇ ਆਉਣ ਜੋ ਪੰਜਾਬ ਦੀ ਰਾਜਨੀਤੀ 'ਚ ਭਰ ਚੁੱਕੀ ਗੰਦਗੀ ਨੂੰ ਸਾਫ਼ ਕਰਨ ਦਾ ਮਾਦਾ ਰੱਖਣ। ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਚਰਚਾ ਚਿੜੀ ਹੈ ਕਿ ਕਿਸਾਨਾਂ ਨੂੰ ਚੋਣ ਮੈਦਾਨ ਵਿੱਚ ਨਿੱਤਰਣਾ ਚਾਹੀਦਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਵਿੱਚ ਕਿਸਾਨਾਂ ਦਾ ਵੱਡਾ ਰੋਲ ਰਹਿਣ ਵਾਲਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਵੀ ਕਿਸਾਨ ਅੰਦੋਲਨ ਹੀ ਤੈਅ ਕਰੇਗਾ ਕਿ ਕਿਸ ਦੀ ਸਰਕਾਰ ਬਣੇਗੀ।

**ਪੰਜਾਬ ਬੰਦ ਨੇ ਕੀਤਾ ਵੱਡਾ ਇਸ਼ਾਰਾ**

ਦੇਸ਼ ਦੀ ਮੋਦੀ ਸਰਕਾਰ ਦੇ ਤਿੰਨ ਕਾਲੇ ਖੇਤੀਬਾੜੀ ਕਾਨੂੰਨਾਂ ਖਿਲਾਫ ਲੰਬੇ ਸਮੇਂ ਤੋਂ ਧਰਨੇ 'ਤੇ ਬੈਠੇ ਕਿਸਾਨਾਂ ਵੱਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਕਾਰਨ ਪੰਜਾਬ ਮੁਕੰਮਲ ਤੌਰ 'ਤੇ ਬੰਦ ਰਿਹਾ। ਲੋਕਾਂ ਨੇ ਖੁਦ ਆਪਣੇ ਕਾਰੋਬਾਰ ਬੰਦ ਰੱਖੇ ਤੇ ਕਿਸਾਨਾਂ ਨਾਲ ਹਮਦਰਦੀ ਜਤਾਉਣ ਵਰਗਾ ਰਵੱਈਆ ਅਪਣਾਇਆ ਹੋਇਆ ਸੀ।
ਇਹ ਮੁਕੰਮਲ ਬੰਦ ਪੰਜਾਬ ਦੇ ਸਿਆਸੀ ਭਵਿੱਖ ਵੱਲ ਵੀ ਵੱਡਾ ਇਸ਼ਾਰਾ ਕਰ ਗਿਆ ਹੈ, ਕਿਉਂਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਕਾਂਗਰਸ ਤੇ ਬਾਦਲ ਅਕਾਲੀ ਦਲ ਦੋਵੇਂ ਘਿਰੇ ਹੋਏ ਹਨ। ਜਦੋਂਕਿ ਕਿਸਾਨ ਦਿੱਲੀ ਦੇ ਬਾਰਡਰਾਂ 'ਤੇ ਬੈਠਾ ਹੈ। ਅੱਜ ਕੱਲ ਮਹਾਪੰਚਾਇਤਾਂ ਕਰ ਕੇ ਵੱਡਾ ਇਕੱਠ ਕਰ ਕੇ ਜੋ ਆਪਣੀ ਤਾਕਤ ਤੇ ਲੋਕਾਂ 'ਚ ਉਨਾਂ ਦੀ ਪਕੜ ਦੇ ਦਰਸ਼ਨ ਦੀਦਾਰ ਕਰਵਾ ਰਹੇ ਹਨ, ਉਸ ਨੂੰ ਦੇਖ ਕੇ ਲਗਦਾ ਹੈ ਕਿ ਤਿੰਨ ਕਾਲੇ ਕਾਨੂੰਨ ਜੇਕਰ ਰੱਦ ਨਾ ਕੀਤੇ ਗਏ ਤਾਂ ਅੱਗੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਿਸਾਨਾਂ ਪੱਖੀ ਵੱਡੀ ਸਿਆਸੀ ਪਾਰਟੀ ਹੋਂਦ 'ਚ ਆ ਸਕਦੀ ਹੈ ਜੋ ਸਿਆਸੀ ਪਾਰਟੀਆਂ ਨੂੰ ਚੁਣੌਤੀ ਦੇ ਸਕਦੀ ਹੈ।

**ਕੀ ਸੋਚਦੇ ਹਨ ਸਿਆਸੀ ਮਾਹਿਰ**

ਪ੍ਰਸਿੱਧ ਬੁੱਧੀਜੀਵੀ ਤੇ ਸਿਆਸੀ ਮਾਹਿਰ ਪਿਆਰਾ ਸਿੰਘ ਭੋਗਲ ਦਾ ਕਹਿਣਾ ਹੈ ਕਿ ਭਾਰਤ ਦੇ ਕਿਸਾਨ ਭਾਰਤ ਵਿਚ ਲੋਕ ਰਾਜ ਉੱਭਾਰ ਰਹੇ ਹਨ। ਉਨਾਂ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਤਾਨਾਸ਼ਾਹੀ ਘਟੇਗੀ। ਸੱਤਾਧਾਰੀਆਂ ਦਾ ਵਿਰੋਧ ਕਰਨ ਦੀ ਰੁਚੀ ਵਧੇਗੀ। ਉਨਾਂ ਦਸਿਆ ਕਿ ਸਰਕਾਰ ਆਰਥਿਕਤਾ ਦੇ ਸਾਰੇ ਖੇਤਰ ਕਾਰਪੋਰੇਟਾਂ ਨੂੰ ਸੌਂਪ ਕੇ ਆਪਣੇ ਹਿਤ ਸਾਧਣਾ ਚਾਹੁੰਦੀ ਹੈ, ਉਧਰ ਵਰਲਡ ਬੈਂਕ ਤੇ ਅੰਤਰਰਾਸ਼ਟਰੀ ਮੁਦਰਾ ਫੰਡ ਵੀ ਵਾਰ-ਵਾਰ ਕਹਿ ਰਹੇ ਹਨ, ਕਿਸਾਨਾਂ ਤੋਂ ਉਨਾਂ ਦੀਆਂ ਜ਼ਮੀਨਾਂ ਲੈ ਲਓ। ਕਿਸਾਨ ਲੋਕ ਅਕੁਸ਼ਲ ਹਨ। ਇਨਾਂ ਨੂੰ ਪਿੰਡਾਂ 'ਚੋਂ ਕੱਢਕੇ ਸ਼ਹਿਰਾਂ ਵਿਚ ਲਿਆਓ ਤੇ ਉਥੇ ਇਨਾਂ ਨੂੰ ਕੋਈ ਨਵੀਂ ਕਾਰੀਗਰੀ (ਸਕਿੱਲ) ਸਿਖਾਓ। ਜ਼ਮੀਨਾਂ ਅੰਬਾਨੀ ਤੇ ਅਡਾਨੀ ਜਿਹੇ ਧਨ-ਕੁਬੇਰਾਂ ਦੇ ਹਵਾਲੇ ਕਰੋ। ਉਹ ਇਨਾਂ ਪੇਂਡੂ ਜ਼ਮੀਨਾਂ ਉੱਤੇ ਆਪਣੇ ਵੱਡੇ-ਵੱਡੇ ਫਾਰਮ, ਮਾਲ ਤੇ ਕਾਰਖਾਨੇ ਕਾਇਮ ਕਰਨ। ਇੰਝ ਨਿੱਜੀ ਉੱਦਮ ਵਧੇ ਫੁੱਲੇਗਾ, ਭਾਰਤ ਅਮੀਰ ਬਣੇਗਾ।
ਚਿੰਤਕ ਭੋਗਲ ਨੇ ਕਿਹਾ ਕਿ ਇਹ ਸਲਾਹਾਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਵਾਜਪਾਈ ਸਾਹਿਬ ਨੂੰ ਵੀ ਮਿਲੀਆਂ ਸਨ ਤੇ ਡਾ. ਮਨਮੋਹਨ ਸਿੰਘ ਨੂੰ ਵੀ ਮਿਲੀਆਂ ਸਨ। ਪਰ ਇਨਾਂ ਨੇ ਇਹ ਸਲਾਹਾਂ ਨਹੀਂ ਮੰਨੀਆਂ। 2014 ਤੋਂ ਜਦੋਂ ਤੋਂ ਮੋਦੀ ਸਾਹਿਬ ਪ੍ਰਧਾਨ ਮੰਤਰੀ ਬਣੇ ਹਨ। ਇਨਾਂ ਨੇ ਸੰਸਦ ਵਿਚ ਤਿੰਨ ਖੇਤੀਬਾੜੀ ਕਾਨੂੰਨ ਪਾਸ ਕੀਤੇ ਗਏ।
ਮੋਦੀ ਸਾਹਿਬ ਆਪ ਕਿਸਾਨਾਂ ਨਾਲ ਗੱਲ ਨਹੀਂ ਕਰਦੇ। ਖੇਤੀਬਾੜੀ ਮੰਤਰੀ ਅਤੇ ਹੋਰ ਮੰਤਰੀਆਂ ਨੂੰ ਅੱਗੇ ਕੀਤਾ ਹੋਇਆ ਹੈ। 26 ਜਨਵਰੀ ਦੀਆਂ ਘਟਨਾਵਾਂ ਤੋਂ ਬਾਅਦ ਵੀ ਕਿਸਾਨ ਡਟੇ ਹੋਏ ਹਨ। ਸਗੋਂ ਉਨਾਂ ਦੀ ਗਿਣਤੀ ਵੱਧ ਰਹੀ ਹੈ ਤੇ ਮੋਦੀ ਰਾਜਨੀਤੀ ਲਈ ਚੁਣੌਤੀ ਬਣ ਰਹੇ ਹਨ।

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਕੇਂਦਰੀ ਸਿਆਸਤ ਨੂੰ ਕਰਨਗੀਆਂ ਪ੍ਰਭਾਵਿਤ

## ✪ ਭਾਜਪਾ ਚੋਣਾਂ ਜਿੱਤਣ ਲਈ ਫਿਰਕੂਵਾਦ ਨੂੰ ਕਰ ਰਹੀ ਏ ਉਤਸ਼ਾਹਿਤ

## ✪ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਸੁਰੱਖਿਆ ਅਤੇ ਫ਼ਿਰਕਾਪ੍ਰਸਤੀ ਭਾਜਪਾ ਦੀ ਸਾਖ ਨੂੰ ਲਾਏਗੀ ਢਾਅ

**ਕੇਹਰ ਸਿੰਘ**

ਚਾਰ ਰਾਜਾਂ ਬੰਗਾਲ, ਤਾਮਿਲਨਾਡੂ, ਆਸਾਮ, ਕੇਰਲਾ ਅਤੇ ਕੇਂਦਰੀ ਸਾਸ਼ਤ ਪ੍ਰਦੇਸ਼ ਪਾਂਡੀਚਰੀ ਵਿਚ ਚੋਣਾਂ ਦਾ ਅਮਲ ਆਰੰਭ ਹੋ ਚੁੱਕਾ ਹੈ। ਇਹ ਸੂਬਾਈ ਚੋਣਾਂ ਸਮੁੱਚੇ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨਗੀਆਂ। ਇਹ ਚੋਣਾਂ ਭਾਜਪਾ ਦੀ ਪ੍ਰਮੁੱਖਤਾ ਦਾ ਵੀ ਫ਼ੈਸਲਾ ਕਰਨਗੀਆਂ। ਅੱਜ ਭਾਜਪਾ ਦੇਸ਼ ਦੀ ਪ੍ਰਮੁੱਖ ਅਤੇ ਸਭ ਤੋਂ ਮਜ਼ਬੂਤ ਪਾਰਟੀ ਹੈ। ਹਰ ਚੋਣ ਵਿਚ ਭਾਜਪਾ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਪ੍ਰਮੁੱਖਤਾ ਨੂੰ ਕਾਇਮ ਰੱਖਿਆ ਜਾਵੇ। ਭਾਵੇਂ ਭਾਜਪਾ ਦੀ ਸਥਿਤੀ ਪਹਿਲਾਂ ਵਾਲੀ ਤਾਂ ਨਹੀਂ ਹੈ ਪਰ ਇਹ ਵੀ ਸੱਚ ਹੈ ਕਿ ਭਾਜਪਾ ਦੇ ਮੁਕਾਬਲੇ ਕੋਈ ਵੀ ਸਿਆਸੀ ਦਲ ਆਪਣੇ ਆਪ ਵਿਚ ਮਜ਼ਬੂਤ ਨਹੀਂ ਹੈ। ਕਾਂਗਰਸ ਬਿਨਾਂ ਸ਼ੱਕ ਦੇਸ਼ ਪੱਧਰ ਦੀ ਪਾਰਟੀ ਹੈ ਪਰ ਕਾਂਗਰਸ ਦਾ ਆਧਾਰ ਅੱਗੇ ਦੀ ਅੱਗੇ ਖੁਰ ਰਿਹਾ ਹੈ। ਬਿਨਾਂ ਸ਼ੱਕ ਆਸਾਮ ਵਿਚ 2016 ਤੱਕ ਕਾਂਗਰਸ ਦੀ ਸਰਦਾਰੀ ਕਈ ਵਾਰੀ ਰਹੀ ਹੈ ਪਰ ਅੱਜ ਭਾਜਪਾ ਅਤੇ ਉਸ ਦੇ ਸਹਿਯੋਗੀ ਭਾਰੂ ਹਨ।

ਭਾਵੇਂ ਉਪਰੋਕਤ ਸੂਬਿਆਂ ਵਿਚ ਸਥਾਨਕ ਦਲ ਵੀ ਮਜ਼ਬੂਤ ਹਨ ਪਰ ਭਾਜਪਾ ਨੇ ਪੂਰਾ ਟਿੱਲ ਲਾ ਦਿੱਤਾ ਹੈ ਕਿ ਹਰ ਜਗ੍ਹਾ ਕਿਸੇ ਤਰਾਂ ਵੀ ਸੱਤਾ ਹਾਸਲ ਕੀਤੀ ਜਾ ਸਕੇ। ਉਪਰੋਕਤ ਸੂਬਿਆਂ ਦੀਆਂ ਚੋਣਾਂ ਕੇਂਦਰੀ ਸਿਆਸਤ ਨੂੰ ਵੀ ਪ੍ਰਭਾਵਿਤ ਕਰਨਗੀਆਂ। ਉਪਰੋਕਤ ਸੂਬਿਆਂ ਦੀਆਂ ਇਕ ਸੌ ਪੰਦਰਾਂ ਲੋਕ ਸਭਾ ਸੀਟਾਂ ਹਨ। ਉਥੋਂ ਦੇ ਸੂਬਾਈ ਚੋਣਾਂ ਦੇ ਨਤੀਜੇ ਕੇਂਦਰ ਨੂੰ ਹਰ ਕੀਮਤ 'ਤੇ ਪ੍ਰਭਾਵਿਤ ਕਰਨਗੇ। ਇਸੇ ਕਾਰਨ ਇਹ ਚੋਣਾਂ ਭਾਜਪਾ ਲਈ ਵਕਾਰ ਦਾ ਸਵਾਲ ਬਣ ਚੁੱਕੀਆਂ ਹਨ। ਅਕਸਰ ਭਾਜਪਾ ਨੇ ਚੋਣਾਂ ਜਿੱਤਣ ਲਈ ਦੋ ਨੁਕਾਤੀ ਪ੍ਰੋਗਰਾਮ ਉਲੀਕਿਆ ਹੈ। ਪਹਿਲੇ ਨੰਬਰ 'ਤੇ ਲੋਕਾਂ ਨੂੰ ਆਪਸ ਵਿਚ ਵੰਡਣਾ ਤਾਂ ਕਿ ਲੋਕਾਂ ਦਾ ਝੁਕਾਅ ਕਿਸੇ ਇੱਕ ਵੱਲ ਨਾ ਰਹੇ। ਦੂਜੇ ਨੰਬਰ 'ਤੇ ਕਾਂਗਰਸ ਨੂੰ ਕਮਜ਼ੋਰ ਕਰਨਾ ਕਿਉਂਕਿ ਕਾਂਗਰਸ ਅੱਜ ਵੀ ਨੰਬਰ ਦੋ ਦੀ ਕੌਮੀ ਪਾਰਟੀ ਹੈ। ਬਿਨਾਂ ਸ਼ੱਕ ਕਾਂਗਰਸ ਦਾ ਆਧਾਰ ਬਹੁਤ ਖੁਰ ਗਿਆ ਹੈ ਪਰ ਕਾਂਗਰਸ ਦੀ ਵੋਟ ਹਰ ਜਗ੍ਹਾ ਅੱਜ ਵੀ ਮੌਜੂਦ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਜਪਾ ਦੀ ਨੀਤੀ ਦਾ ਇਹ ਵੀ ਇਕ ਪਹਿਲੂ ਹੁੰਦਾ ਹੈ ਕਿ ਕਾਂਗਰਸ ਦੀ ਵੋਟ ਖ਼ਤਮ ਕੀਤੀ ਜਾਵੇ ਜਾਂ ਵੰਡੀ ਜਾਵੇ। ਕਿਸੇ ਸਮੇਂ ਕਾਂਗਰਸ ਦੇਸ਼ ਦੀ ਨੰਬਰ ਇਕ ਪਾਰਟੀ ਸੀ ਪਰ ਅੱਜ ਭਾਜਪਾ ਦੇਸ਼ ਦੀ ਪ੍ਰਮੁੱਖ ਪਾਰਟੀ ਹੈ। ਬਹੁਤ ਸਾਰੇ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ।

ਭਾਵੇਂ ਭਾਜਪਾ ਖਿਲਾਫ਼ ਲੋਕ ਰੋਹ ਪਹਿਲਾਂ ਦੇ ਮੁਕਾਬਲੇ ਵੱਧ ਹੈ। ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਸੁਰੱਖਿਆ ਅਤੇ ਫ਼ਿਰਕਾਪ੍ਰਸਤੀ ਭਾਜਪਾ ਦੀ ਸਾਖ ਨੂੰ ਢਾਅ ਜ਼ਰੂਰ ਲਾਏਗੀ। ਇਹ ਗੱਲ ਭਾਜਪਾਈਆਂ ਨੂੰ ਵੀ ਪਤਾ ਹੈ। ਪ੍ਰਧਾਨ ਮੰਤਰੀ ਅਤੇ ਬਾਕੀ ਨੇਤਾਵਾਂ ਦੇ ਜੁਮਲੇ ਅਤੇ ਸ਼ਗੂਫੇ ਵੀ ਪਹਿਲਾਂ ਜਿੰਨਾ ਕੰਮ ਨਹੀਂ ਕਰਨਗੇ। ਭਾਵੇਂ ਸਿਆਸਤਦਾਨ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਮਾਹਰ ਤਾਂ ਹੁੰਦੇ ਹਨ ਪਰ ਜੁਮਲਿਆਂ ਜਾਂ ਸ਼ਗੂਫਿਆਂ ਦੀ ਉਮਰ ਲੰਬੀ ਨਹੀਂ ਹੁੰਦੀ। ਇਹ ਠੀਕ ਹੈ ਕਿ ਹੁਣ ਕੋਈ ਨਵਾਂ ਜੁਮਲਾ ਸਾਹਮਣੇ ਲਿਆਉਣਗੇ ਪਰ ਲੋਕਾਂ ਨੂੰ ਇਹ ਵੀ ਪਤਾ ਹੈ ਕਿ ਪਹਿਲਾਂ ਜੋ ਗੱਲਾਂ ਕੀਤੀਆਂ ਗਈਆਂ ਸਨ ਉਹ ਸਭ ਕੁਝ ਵੋਟਾਂ ਲੈਣ ਦਾ ਜ਼ਰੀਆ ਹੀ ਸਨ। ਭਾਜਪਾ ਨੂੰ ਲੋਕਾਂ ਦੇ ਵੰਡੇ ਹੋਣ ਦਾ ਫਾਇਦਾ ਹੋਣਾ ਹੀ ਹੈ। ਸਿਆਸੀ ਦਲਾਂ ਦੀ ਵਧ ਰਹੀ ਗਿਣਤੀ ਦਾ ਲਾਭ ਵੀ ਹੋਣਾ ਹੈ। ਭਾਜਪਾ ਨੇ ਹਿੰਦੂ ਮੁਸਲਿਮ ਦਾ ਪੱਤਾ ਵੀ ਖੇਡਣਾ ਹੀ ਹੈ। ਬੰਗਾਲ ਵਿਚ 30 ਪ੍ਰਤੀਸ਼ਤ ਮੁਸਲਿਮ ਹਨ। ਆਸਾਮ ਵਿਚ ਤੀਜਾ ਹਿੱਸਾ ਮੁਸਲਿਮ ਗਿਣਤੀ ਹੈ। ਕੇਰਲਾ ਵਿਚ 20 ਪ੍ਰਤੀਸ਼ਤ ਗਿਣਤੀ ਇਸਾਈਆਂ ਦੀ ਹੈ। ਅਜਿਹੇ ਹਾਲਾਤ ਵਿਚ ਭਾਜਪਾ ਨੂੰ ਹਿੰਦੂ ਵੋਟ ਪੈਣ ਦੇ ਜ਼ਿਆਦਾ ਆਸਾਰ ਹਨ। ਭਾਜਪਾ ਨੇ ਹਿੰਦੂ ਵੋਟਾਂ ਦਾ ਆਪਣੇ ਹੱਕ ਵਿਚ ਧਰੁਵੀਕਰਨ ਕਰਨ ਲਈ ਯਤਨ ਕਰਨਾ ਹੀ ਹੈ। ਬੰਗਾਲ ਵਿਚ ਤਾਂ ਪਹਿਲਾਂ ਵੀ ਭਾਜਪਾ ਵਿਰੋਧੀ ਧਿਰ ਹੈ। ਉੱਥੇ ਭਾਜਪਾ ਪਾਸ 42 ਵਿਚੋਂ 18 ਸੀਟਾਂ ਲੋਕ ਸਭਾ ਦੀਆਂ ਹਨ। ਖੱਬੇ ਧੜੇ ਅਤੇ ਕਾਂਗਰਸ ਤਾਂ ਤਕਰੀਬਨ ਸਾਫ਼ ਹੀ ਹੋ ਗਏ ਸਨ। ਬੰਗਾਲ ਵਿਚ ਪਹਿਲਾਂ ਵੀ 47 ਪ੍ਰਤੀਸ਼ਤ ਹਿੰਦੂ ਵੋਟਰਾਂ ਨੇ ਭਾਜਪਾ ਨੂੰ ਤਰਜੀਹ ਦਿੱਤੀ ਸੀ। ਮਮਤਾ ਬੈਨਰਜੀ ਦੀ ਪਾਰਟੀ ਨੂੰ ਸਿਰਫ 32 ਪ੍ਰਤੀਸ਼ਤ ਹਿੰਦੂ ਵੋਟ ਮਿਲੀ ਸੀ। 70 ਫ਼ੀਸਦੀ ਮੁਸਲਿਮ ਵੋਟ ਨੇ ਤ੍ਰਿਣਮੂਲ ਕਾਂਗਰਸ ਨੂੰ ਤਰਜੀਹ ਦਿੱਤੀ ਸੀ। ਠੀਕ ਇਸ ਕਰਕੇ ਹੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਬਣੀ ਸੀ। ਮੁਸਲਿਮ ਵੋਟ ਤਾਂ ਭਾਜਪਾ ਨੂੰ ਸਿਰਫ 4 ਫ਼ੀਸਦੀ ਹੀ ਮਿਲੀ ਸੀ।

ਬਿਨਾਂ ਸ਼ੱਕ ਪੰਜ ਰਾਜਾਂ ਵਿਚ ਹੋ ਰਹੀਆਂ ਚੋਣਾਂ ਵਿਚ ਹਰ ਸਿਆਸੀ ਪਾਰਟੀ ਨੇ ਪੂਰਾ ਜ਼ੋਰ ਲਗਾ ਰੱਖਿਆ ਹੈ। ਪਰ ਹਰ ਇਕ ਦੀ ਅੱਖ ਬੰਗਾਲ 'ਤੇ ਹੈ। ਉੱਥੇ ਅਸਲ ਵਿਚ ਟੱਕਰ ਭਾਜਪਾ ਅਤੇ ਤ੍ਰਿਮੂਲ ਕਾਂਗਰਸ ਵਿਚ ਹੈ। ਭਾਵੇਂ ਖੱਬੇਪੱਖੀ ਪਾਰਟੀਆਂ ਅਤੇ ਕਾਂਗਰਸ ਦੇ ਗੱਠਜੋੜ ਨੇ ਤਿਕੋਣਾ ਮੁਕਾਬਲਾ ਬਣਾ ਦਿੱਤਾ ਹੈ ਪਰ ਇਸ ਦਾ ਫਾਇਦਾ ਭਾਜਪਾ ਨੂੰ ਹੋਣ ਦੇ ਜ਼ਿਆਦਾ ਆਸਾਰ ਹਨ। ਕਾਂਗਰਸ ਅਤੇ ਖੱਬੇ ਧੜੇ ਜਿੰਨੀਆਂ ਵੱਧ ਵੋਟਾਂ ਲੈਣਗੇ ਉਸ ਦਾ ਨੁਕਸਾਨ ਮਮਤਾ ਬੈਨਰਜੀ ਦੀ ਪਾਰਟੀ ਨੂੰ ਹੋਣ ਦੇ ਆਸਾਰ ਹਨ। ਭਾਜਪਾ ਨੇ ਬੰਗਾਲ ਵਿਚ ਸੀਮਾਂਤ ਵਰਗਾਂ ਨੂੰ ਆਪਣੇ ਵੱਲ ਕਰਨ ਲਈ ਵੀ ਪਹੁੰਚ ਵਧਾਈ ਹੈ। ਪਿਛਲੀ ਵਾਰੀ ਵੀ ਭਾਜਪਾ ਨੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀ ਨਾਲ ਸਬੰਧਿਤ 84 ਸੀਟਾਂ ਵਿਚੋਂ 46 ਸੀਟਾਂ ਜਿੱਤੀਆਂ ਸਨ ਜੋ ਕਿ ਕੁੱਲ ਰਾਖਵੀਆਂ ਸੀਟਾਂ ਦਾ 55 ਫ਼ੀਸਦੀ ਬਣਦੀਆਂ ਹਨ। ਇਸ ਤੋਂ ਜਾਪਦਾ ਹੈ ਕਿ ਸੀਮਾਂਤ ਵਰਗਾਂ ਵਿਚ ਭਾਜਪਾ ਨੇ ਆਪਣਾ ਆਧਾਰ ਵਧਾ ਲਿਆ ਹੈ। ਇਹ ਵੀ ਸਿਆਸੀ ਰਣਨੀਤੀ ਦਾ ਹੀ ਹਿੱਸਾ ਹੈ। ਇਸ ਲਈ ਸਾਫ਼ ਹੈ ਕਿ ਬੰਗਾਲ ਵਿਚ ਮੌਜੂਦਾ ਸੱਤਾਧਾਰੀ ਧਿਰ ਨੂੰ ਮੁੱਖ ਵੰਗਾਰ ਭਾਜਪਾ ਤੋਂ ਹੀ ਹੈ। ਬੰਗਾਲ ਵਿਚ ਕੁੱਲ 249 ਵਿਧਾਨ ਸਭਾ ਸੀਟਾਂ ਹਨ ਜਿਨਾਂ ਵਿਚੋਂ ਭਾਜਪਾ ਨੇ ਪਹਿਲਾਂ ਵੀ 121 'ਤੇ ਬੜਤ ਬਣਾਈ ਸੀ ਜੋ ਕੁੱਲ ਸੀਟਾਂ ਦਾ 40 ਪ੍ਰਤੀਸ਼ਤ ਬਣਦਾ ਹੈ। ਮਮਤਾ ਬੈਨਰਜੀ ਦੀ ਪਾਰਟੀ ਨੂੰ 164 ਸੀਟਾਂ ਮਿਲੀਆਂ ਸਨ ਜੋ ਕੁੱਲ ਸੀਟਾਂ ਦਾ 43 ਪ੍ਰਤੀਸ਼ਤ ਬਣਦਾ ਹੈ। ਕਾਂਗਰਸ ਤੇ ਖੱਬੇ ਪੱਖੀਆਂ ਨੂੰ ਸਿਰਫ 13 ਪ੍ਰਤੀਸ਼ਤ ਵੋਟ ਹੀ ਮਿਲੇ ਸਨ। ਕਾਂਗਰਸ ਨੂੰ ਸਿਰਫ 9 ਸੀਟਾਂ ਮਿਲੀਆਂ ਸਨ। ਕਾਮਰੇਡਾਂ ਦੇ ਹੱਥ ਤਾਂ ਕੁਝ ਵੀ ਨਹੀਂ ਸੀ ਆਇਆ। ਜੇਕਰ ਕਿਸੇ ਤਰਾਂ ਭਾਜਪਾ ਦੇ ਬੰਗਾਲ ਵਿਚ ਪੈਰ ਲੱਗ ਜਾਂਦੇ ਹਨ ਤਾਂ ਇਹ ਦੇਸ਼ ਦੀ ਸਿਆਸਤ ਵਿਚ ਵੱਡਾ ਮੋੜ ਹੋਵੇਗਾ। ਠੀਕ ਇਹ ਹੀ ਕਾਰਨ ਹੈ ਕਿ ਅੱਜ ਹਰ ਇਕ ਦੀ ਅੱਖ ਬੰਗਾਲ 'ਤੇ ਹੈ। ਜੇਕਰ ਭਾਜਪਾ ਥੋੜੀ ਜਿੰਨੀ ਵੀ ਬੜਤ ਬਣਾ ਜਾਂਦੀ ਹੈ ਤਾਂ ਨਤੀਜੇ ਹੋਰ ਹੀ ਹੋਣਗੇ।

ਜਿੱਥੋਂ ਤੱਕ ਆਸਾਮ ਦੀ ਗੱਲ ਹੈ ਉੱਥੇ ਭਾਜਪਾ ਪਹਿਲਾਂ ਵੀ ਸੱਤਾ ਵਿਚ ਹੈ। 2016 ਵਿਚ ਪਹਿਲੀ ਵਾਰੀ ਭਾਜਪਾ ਸੱਤਾ ਵਿਚ ਆਈ ਸੀ। ਹੁਣ ਵੀ ਭਾਜਪਾ ਆਪਣੇ ਦੋ ਹੋਰ ਸਹਿਯੋਗੀ ਧੜਿਆਂ ਨਾਲ ਰਲ ਕੇ ਚੋਣਾਂ ਲੜ ਰਹੀ ਹੈ। ਉੱਥੇ ਕੁੱਲ 126 ਸੀਟਾਂ ਹਨ। ਪਹਿਲਾਂ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ 86 ਸੀਟਾਂ ਮਿਲੀਆਂ ਸਨ। ਇਸ ਵਾਰੀ ਉੱਥੇ ਸੌ ਸੀਟਾਂ ਦਾ ਟੀਚਾ ਮਿਥਿਆ ਗਿਆ ਹੈ। ਪਰ ਭਾਜਪਾ ਲਈ ਇਹ ਐਨਾ ਸੌਖਾ ਨਹੀਂ ਹੈ, ਕਿਉਂਕਿ ਉੱਥੇ ਕਾਂਗਰਸ ਨੇ ਖੱਬੇ ਪੱਖੀਆਂ ਸਮੇਤ ਸੱਤ ਪਾਰਟੀਆਂ ਦਾ ਮਹਾਂ ਗੱਠਜੋੜ ਬਣਾ ਲਿਆ ਹੈ। ਭਾਵੇਂ



ਭਾਜਪਾ ਨੂੰ ਆਸਾਮ ਵਿਚ ਕੌਮੀ ਨਾਗਰਿਕਤਾ ਰਜਿਸਟਰ ਸੋਧ ਐਕਟ, ਮਹਿੰਗਾਈ ਅਤੇ ਹੋਰ ਕਈ ਤਰਾਂ ਦੀਆਂ ਬੇਨਿਯਮੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਭਾਜਪਾ ਫਿਰ ਵੀ ਬਹੁਮਤ ਦੇ ਨੇੜੇ ਜਾਂਦੀ ਵਿਖਾਈ ਦੇ ਰਹੀ ਹੈ। ਭਾਜਪਾ ਪਾਸ ਪਹਿਲਾਂ ਆਪਣੀਆਂ ਹੀ ਸੱਠ ਸੀਟਾਂ ਸਨ। ਕਾਂਗਰਸ ਨੇ 122 ਸੀਟਾਂ 'ਤੇ ਚੋਣ ਲੜੀ ਸੀ ਕੇਵਲ 23 ਸੀਟਾਂ ਹੀ ਮਿਲੀਆਂ ਸਨ। ਭਾਵੇਂ ਕਾਂਗਰਸ ਅਤੇ ਉਸ ਦੇ ਸਹਿਯੋਗੀ ਦਲਾਂ ਦਾ ਵੋਟ ਪ੍ਰਤੀਸ਼ਤ 48 ਪ੍ਰਤੀਸ਼ਤ ਦੇ ਬਰਾਬਰ ਬਣ ਜਾਂਦਾ ਹੈ ਪਰ ਭਾਜਪਾ ਦੇ ਗੱਠਜੋੜ ਅਤੇ ਕਾਂਗਰਸ ਅਤੇ ਸਹਿਯੋਗੀਆਂ ਦੇ ਮਹਾਂ ਗਠਬੰਧਨ ਵਿਚ ਫਸਵੀਂ ਟੱਕਰ ਹੋਵੇਗੀ। ਭਾਵੇਂ ਰਾਜ ਆਸਾਮ ਵਿਚ ਭਾਜਪਾ ਦਾ ਹੈ ਪਰ ਕਾਂਗਰਸ ਵੀ ਸੱਤਾ ਹਥਿਆਉਣ ਲਈ ਪੂਰਾ ਜ਼ੋਰ ਲਗਾ ਰਹੀ ਹੈ। ਬਾਜ਼ੀ ਕਿਸੇ ਪਾਸੇ ਵੀ ਜਾ ਸਕਦੀ ਹੈ।

ਜਿੱਥੋਂ ਤੱਕ ਤਾਮਿਲਨਾਡੂ ਦੀ ਗੱਲ ਹੈ ਉੱਥੇ ਕਾਫੀ ਸਮੇਂ ਤੋਂ ਸੱਤਾ ਦਰਾਵੜ ਪੱਖੀ ਗੁੱਟਾਂ ਪਾਸ ਹੈ। ਡੀ.ਐਮ.ਕੇ. ਦਾ ਬਾਨੀ ਤਾਮਿਲਨਾਡੂ ਦਾ ਸਾਬਕਾ ਮੁੱਖ ਮੰਤਰੀ ਕਰੁਣਾਨਿਧੀ ਪੂਰਾ ਮਜ਼ਬੂਤ ਨੇਤਾ ਸੀ। ਅੱਜ ਉਸ ਦਾ ਪੁੱਤਰ ਸਟਾਲਿਨ ਪਾਰਟੀ ਦਾ ਮੁਖੀ ਹੈ।

ਭਾਵੇਂ ਡੀ.ਐਮ.ਕੇ. ਪਿਛਲੇ ਦਸ ਸਾਲਾਂ ਤੋਂ ਸੱਤਾ ਤੋਂ ਬਾਹਰ ਹੈ ਪਰ ਸਟਾਲਿਨ ਨੇ ਕਾਂਗਰਸ ਨਾਲ ਰੱਲ ਕੇ ਸੱਤ ਪਾਰਟੀਆਂ ਦਾ ਮਹਾਂਗਠਜੋੜ ਬਣਾ ਲਿਆ ਹੈ। ਸਟਾਲਿਨ ਨੇ ਇਕ ਕਰੋੜ ਲੋਕਾਂ ਨੂੰ ਗ਼ਰੀਬੀ ਵਿਚੋਂ ਬਾਹਰ ਕੱਢਣ ਦਾ ਵਾਅਦਾ ਕੀਤਾ ਹੈ। ਹਰ ਸਾਲ ਦਸ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। 20 ਲੱਖ ਪੱਕੇ ਘਰਾਂ ਦੀ ਗਰੰਟੀ ਦਿੱਤੀ ਹੈ। ਹਰ ਇਕ ਨੂੰ ਇੰਟਰਨੈੱਟ ਅਤੇ ਪਾਣੀ ਦੇਣ ਦੀ ਗੱਲ ਆਖੀ ਹੈ। ਹਿੰਦੂ ਵਿਰੋਧੀ ਹੋਣ ਦਾ ਦਾਗ ਧੋਣ ਲਈ ਇਕ ਹਜ਼ਾਰ ਕਰੋੜ ਰੁਪਏ ਮੰਦਰਾਂ ਦੇ ਨਿਰਮਾਣ ਅਤੇ ਰੱਖ-ਰਖਾਅ ਵਾਸਤੇ ਰੱਖਣ ਦਾ ਵਾਅਦਾ ਕੀਤਾ ਹੈ। ਚਰਚ ਅਤੇ ਗਿਰਜਾ ਘਰਾਂ ਲਈ 200 ਕਰੋੜ ਰੱਖਣ ਦਾ ਵਾਅਦਾ ਕੀਤਾ ਹੈ। ਅਜਿਹੇ ਹੀ ਵਾਅਦੇ ਏ.ਆਈ.ਏ. ਡੀ.ਐਮ.ਕੇ. ਨੇ ਕੀਤੇ ਹਨ। ਭਾਵੇਂ ਇਹ ਸਭ ਕੁਝ ਲਾਰੇਬਾਜ਼ੀ ਤੋਂ ਸਿਵਾਏ ਕੁਝ ਵੀ ਨਹੀਂ ਹੈ ਪਰ ਸਾਰੀਆਂ ਹੀ ਸਿਆਸੀ ਪਾਰਟੀਆਂ ਲੋਕਾਂ ਨੂੰ ਲੁਭਾਉਣ ਲਈ ਅਤੇ ਉਨਾਂ ਦੀਆਂ ਵੋਟਾਂ ਲੈਣ ਲਈ ਅਜਿਹਾ ਕੁਝ ਕਰਦੀਆਂ ਹਨ। ਅਜਿਹਾ ਕਰਨ ਵਿਚ ਕੋਈ ਵੀ ਪਿੱਛੇ ਨਹੀਂ ਹੈ। ਇਹ ਚੋਣਾਵੀ ਦਾਅ-ਪੇਚ ਹਨ। ਤਾਮਿਲਨਾਡੂ ਵਿਚ ਭਾਜਪਾ ਭਾਵੇਂ 234 ਵਿਚੋਂ ਸਿਰਫ 20 ਸੀਟਾਂ 'ਤੇ ਹੀ ਚੋਣ ਲੜ ਰਹੀ ਹੈ ਪਰ ਉੱਥੇ ਉਸਦਾ ਭਾਈਵਾਲ ਏ.ਆਈ.ਏ. ਡੀ.ਐਮ.ਕੇ. ਪ੍ਰਮੁੱਖ ਧਿਰ ਹੈ। ਭਾਜਪਾ ਉੱਥੇ ਇਕ ਤੀਰ ਨਾਲ ਦੋ ਨਿਸ਼ਾਨੇ ਲਗਾਉਣ ਦੀ ਤਾਕ ਵਿਚ ਹੈ। ਨੰਬਰ ਇਕ 'ਤੇ ਸੱਤਾ ਵਿਚ ਹਿੱਸੇਦਾਰੀ ਹੋਵੇਗੀ। ਨੰਬਰ ਦੋ ਤੇ ਅਗਾਮੀ ਲੋਕ ਸਭਾ ਚੋਣਾਂ ਵਿਚ ਫਾਇਦਾ ਹੋਵੇਗਾ। ਤਾਮਿਲਨਾਡੂ ਵਿਚ ਤਾਂ ਭਾਜਪਾ ਦਾ ਕੋਈ ਆਧਾਰ ਹੈ ਹੀ ਨਹੀਂ ਹੈ। ਉੱਥੇ ਤਾਂ ਉਸ ਨੂੰ ਜੋ ਕੁਝ ਵੀ ਮਿਲੇਗਾ ਉਹ ਲਾਹੇਵੰਦ ਹੀ ਹੈ। ਉਂਜ ਵੀ ਉੱਥੇ ਦਰਾਵੜ ਸੋਚ ਭਾਰੂ ਹੈ। ਉੱਥੇ ਹਿੰਦੂਵਾਦੀ ਵਿਚਾਰਧਾਰਾ ਦਾ ਕੋਈ ਆਧਾਰ ਨਹੀਂ ਹੈ। ਭਾਵੇਂ ਉੱਥੇ ਹੋਰ ਵੀ ਕੁਝ ਛੋਟੇ ਜਾਂ ਸੀਮਾਂਤ ਦਲ ਹੋਣਗੇ ਪਰ ਮੁੱਖ ਮੁਕਾਬਲਾ ਦਰਾਵੜ ਧਿਰਾਂ ਵਿਚਕਾਰ ਹੀ ਹੈ।

ਕੇਰਲਾ ਵਿਚ ਵਿਧਾਨ ਸਭਾ ਦੀਆਂ 140 ਸੀਟਾਂ ਹਨ ਉੱਥੇ ਖੱਬੇਪੱਖੀ ਗੱਠਜੋੜ ਦੀ ਚੜ੍ਹਤ ਹੈ। ਸੱਤਾਧਾਰੀ ਖੱਬੇਪੱਖੀ ਫਰੰਟ ਪਾਸ ਉੱਥੇ 88 ਵਿਧਾਇਕ ਹਨ। ਕਾਂਗਰਸ ਦੇ 28 ਵਿਧਾਇਕ ਹਨ। ਭਾਜਪਾ ਦਾ ਸਿਰਫ ਇੱਕ ਹੀ ਵਿਧਾਇਕ ਹੈ। ਭਾਜਪਾ ਆਪਣਾ ਆਧਾਰ ਬਣਾਉਣ ਲਈ ਯਤਨ ਕਰ ਰਹੀ ਹੈ। ਪਰ ਉੱਥੇ ਖੱਬੇਪੱਖੀਆਂ ਦਾ ਮਜ਼ਬੂਤ ਆਧਾਰ ਹੈ। ਸਿਰਫ ਕੇਰਲਾ ਹੀ ਇਕੋ-ਇਕ ਰਾਜ ਹੈ ਜਿੱਥੇ ਕਾਮਰੇਡਾਂ ਦੀ ਸਰਕਾਰ ਹੈ। ਕੇਰਲਾ ਵਿਚ ਕਾਂਗਰਸ ਦਾ ਵਕਾਰ ਵੀ ਦਾਅ 'ਤੇ ਲੱਗਿਆ ਹੋਇਆ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਉੱਥੋਂ ਹੀ ਜਿੱਤ ਕੇ ਸੰਸਦ ਵਿਚ ਗਏ ਹਨ। ਰਾਹੁਲ ਗਾਂਧੀ ਲਈ ਵੀ ਇਹ ਪਰਖ ਦੀ ਘੜੀ ਹੈ। ਸੱਤਾਧਾਰੀ ਧਿਰ ਖਿਲਾਫ਼ ਸੋਨੇ ਦੀ ਤਸਕਰੀ ਅਤੇ ਹੋਰ ਬੇਨਿਯਮੀਆਂ ਦੇ ਦੋਸ਼ ਲੱਗ ਰਹੇ ਹਨ ਪਰ ਬੜਤ ਖੱਬੇਪੱਖੀਆਂ ਨੂੰ ਹੀ ਮਿਲਦੀ ਵਿਖਾਈ ਦੇ ਰਹੀ ਹੈ। ਭਾਵੇਂ ਕਿ ਭਾਜਪਾ ਪ੍ਰਧਾਨ ਮੰਤਰੀ ਮੋਦੀ ਦੇ ਸਹਾਰੇ ਅੱਗੇ ਵਧਣ ਦੀ ਕੋਸ਼ਿਸ਼ ਵਿਚ ਹੈ। ਉੱਥੇ ਭਾਜਪਾ ਨੇ ਮੋਦੀ ਨਾਲ ਨਵਾਂ ਕੇਰਲਾ ਦਾ ਨਾਅਰਾ ਵੀ ਲਾ ਦਿੱਤਾ ਹੈ ਪਰ ਕੀ ਬਣਦਾ ਹੈ ਇਹ ਤਾਂ ਚੋਣ ਨਤੀਜੇ ਹੀ ਦੱਸਣਗੇ। ਪੰਜਵਾਂ ਰਾਜ ਪੁਡੂਚੇਰੀ ਹੈ ਜਿੱਥੇ ਚੋਣਾਂ ਹੋ ਰਹੀਆਂ ਹਨ। ਇਹ ਕੇਂਦਰੀ ਸ਼ਾਸਤ ਪ੍ਰਦੇਸ਼ ਹੈ। ਉੱਥੇ ਵਿਧਾਨ ਸਭਾ ਦੀਆਂ 30 ਸੀਟਾਂ ਹਨ ਅਤੇ ਤਿੰਨ ਨਾਮਜ਼ਦ ਮੈਂਬਰ ਹੁੰਦੇ ਹਨ। ਉੱਥੇ ਕਾਂਗਰਸ ਅਤੇ ਡੀ.ਐਮ.ਕੇ. ਦੀ ਸਾਂਝੀ ਸਰਕਾਰ ਸੀ, ਜੋ ਪਿਛਲੇ ਦਿਨੀਂ ਟੁੱਟ ਗਈ ਹੈ। ਕੀ ਕਾਂਗਰਸ ਫਿਰ ਬਾਜ਼ੀ ਮਾਰਦੀ ਹੈ ਜਾਂ ਨਹੀਂ ਇਹ ਸਮਾਂ ਹੀ ਦੱਸੇਗਾ।

ਉਪਰੋਕਤ ਪੰਜ ਸੂਬਿਆਂ ਵਿਚ ਹੋ ਰਹੀਆਂ ਚੋਣਾਂ ਦੇ ਨਤੀਜੇ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨਗੇ। ਚੋਣਾਂ ਜਿੱਤਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਇਹ ਚੋਣਾਂ ਬਹੁਤ ਅਹਿਮ ਹਨ। ਇਨਾਂ ਚੋਣਾਂ ਨੇ ਭਾਜਪਾ ਅਤੇ ਸਥਾਨਕ ਦਲਾਂ ਦਾ ਭਵਿੱਖ ਤੈਅ ਕਰਨਾ ਹੈ। ਭਾਜਪਾ ਦੀ ਇਨਾਂ ਚੋਣਾਂ ਵਿਚ ਸਫਲਤਾ ਉਸ ਨੂੰ ਹੋਰ ਵੀ ਮਜ਼ਬੂਤ ਕਰੇਗੀ। ਸਥਾਨਕ ਦਲਾਂ ਦੀ ਸਫਲਤਾ ਸਬੰਧਤ ਸੂਬਿਆਂ ਅਤੇ ਸਬੰਧਤ ਸਿਆਸੀ ਦਲਾਂ ਦੀ ਆਵਾਜ਼ ਹੋਰ ਬੁਲੰਦ ਕਰੇਗੀ। ਅਗਾਮੀ ਲੋਕ ਸਭਾ 'ਤੇ ਵੀ ਇਹ ਚੋਣ ਨਤੀਜਿਆਂ ਦਾ ਪ੍ਰਭਾਵ ਪਵੇਗਾ। ਭਾਜਪਾ ਇਸ ਕਰਕੇ ਵੀ ਇਨਾਂ ਚੋਣਾਂ ਨੂੰ ਤਰਜੀਹ ਦੇ ਰਹੀ ਹੈ। ਕੇਂਦਰੀ ਸਿਆਸਤ ਅਤੇ ਸੂਬਾਈ ਸਿਆਸਤ ਵਿਚ ਵੱਡੇ ਬਦਲਾਅ ਆਉਣਗੇ। ਇਹ ਸਿਆਸੀ ਦਲਾਂ ਲਈ ਪਰਖ ਦੀ ਘੜੀ ਹੈ। ਇਹ ਚੋਣਾਂ ਦੇ ਨਤੀਜੇ ਲੋਕਾਂ ਦੇ ਦਿਲ ਦਿਮਾਗ ਅਤੇ ਦੇਸ਼ ਦੇ ਪ੍ਰਬੰਧ ਨੂੰ ਵੀ ਪ੍ਰਭਾਵਿਤ ਕਰਨਗੇ। ਕੌਣ ਜਿੱਤਦਾ ਹੈ ਅਤੇ ਕੌਣ ਹਾਰਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ। ਪਰ ਇਹ ਸੱਚ ਹੈ ਕਿ ਇਹ ਚੋਣਾਂ ਅਹਿਮ ਹਨ।

*ਐਡਵੋਕੇਟ, ਚੇਅਰਮੈਨ ਯੂਨੀਵਰਸਲ ਮਨੁੱਖੀ ਅਧਿਕਾਰ ਬਿਓਰੋ



# ਮਹਿਬੂਬਾ ਮੁਫ਼ਤੀ ਦੀ ਮਾਂ ਦੀ ਪਾਸਪੋਰਟ ਅਰਜ਼ੀ ਰੱਦ

## ਭਾਰਤ ਸਰਕਾਰ ਵੱਲੋਂ ਜ਼ਲੀਲ ਕਰਨ ਦੀ ਹਰ ਕੋਸ਼ਿਸ਼ : ਮਹਿਬੂਬਾ

**ਸ੍ਰੀਨਗਰ /ਏ.ਟੀ.ਨਿਊਜ਼:** ਸਾਬਕਾ ਕੇਂਦਰੀ ਮੰਤਰੀ ਤੇ ਮੁੱਖ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਪਤਨੀ ਗੁਲਸ਼ਨ ਨਜ਼ੀਰ ਦੀ ਪਾਸਪੋਰਟ ਅਰਜ਼ੀ ਰੱਦ ਕਰ ਦਿੱਤੀ ਗਈ ਹੈ। ਪਾਸਪੋਰਟ ਨਾ ਦੇਣ ਦਾ ਕਾਰਨ ਪਾਸਪੋਰਟ ਜਾਰੀ ਕਰਨ ਨਾਲ 'ਭਾਰਤ ਦੀ ਸੁਰੱਖਿਆ ਨੂੰ ਖ਼ਤਰਾ' ਹੋਣਾ ਦੱਸਿਆ ਗਿਆ ਹੈ।

ਗੁਲਸ਼ਨ ਦੇ ਪਤੀ ਮਰਹੂਮ ਮੁਫ਼ਤੀ ਮੁਹੰਮਦ ਸਈਦ ਦੋ ਵਾਰ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਉਨਾਂ ਦੀ ਧੀ ਅਤੇ ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਦੀ ਪਾਸਪੋਰਟ ਅਰਜ਼ੀ ਵੀ ਮੋੜ ਦਿੱਤੀ ਗਈ ਸੀ। ਪੀਡੀਪੀ ਪ੍ਰਧਾਨ ਜੰਮੂ ਕਸ਼ਮੀਰ ਹਾਈ ਕੋਰਟ ਚਲੇ ਗਈ ਸੀ, ਪਰ ਉਨਾਂ ਦੀ ਪਟੀਸ਼ਨ ਬੀਤੇ ਦਿਨੀਂ ਖਾਰਜ ਕਰ ਦਿੱਤੀ ਗਈ। ਹਾਈ ਕੋਰਟ ਦੇ ਜੱਜ ਨੇ ਕਿਹਾ ਸੀ ਕਿ ਪੁਲਿਸ ਵੱਲੋਂ ਦਿੱਤੀ ਗਈ ਰਿਪੋਰਟ ਪਾਸਪੋਰਟ ਜਾਰੀ ਕਰਨ ਦੀ ਸਿਫ਼ਾਰਿਸ਼ ਨਹੀਂ ਕਰਦੀ। ਹਾਈ ਕੋਰਟ ਨੇ ਕਿਹਾ ਕਿ ਪਾਸਪੋਰਟ ਜਾਰੀ ਕਰਨ ਦੇ ਮਾਮਲੇ 'ਚ ਅਦਾਲਤ ਵੱਲੋਂ ਹਦਾਇਤਾਂ ਦੇਣ ਦਾ ਦਾਇਰਾ ਸੀਮਤ ਹੈ। ਮਾਂ-ਧੀ ਨੇ ਦਸੰਬਰ ਵਿਚ ਨਵੇਂ ਪਾਸਪੋਰਟ ਲਈ ਅਰਜ਼ੀ ਦਿੱਤੀ ਸੀ। ਪੀਡੀਪੀ ਦੇ ਕੁਝ ਆਗੂਆਂ ਮੁਤਾਬਕ ਉਹ ਮੱਕਾ ਜਾਣਾ ਚਾਹੁੰਦੀਆਂ ਸਨ।

ਇਹ ਘਟਨਾ ਉਨਾਂ ਮੁਸ਼ਕਿਲ ਸਮਿਆਂ ਅਤੇ ਹਾਲਾਤ ਦੀ ਨਿਸ਼ਾਨਦੇਹੀ ਕਰਦੀ ਹੈ ਜਿਨਾਂ 'ਚ ਅਸੀਂ ਰਹਿ ਰਹੇ ਹਾਂ। ਜਿਸ ਨੂੰ ਪਾਸਪੋਰਟ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਉਹ ਕੋਈ ਅਪਰਾਧੀ ਜਾਂ ਬੈਂਕਾਂ ਤੋਂ ਲਿਆ ਹਜ਼ਾਰਾਂ ਕਰੋੜ ਰੁਪਏ ਕਰਜ਼ਾ ਨਾ ਮੋੜਨ ਵਾਲੀ ਔਰਤ ਨਹੀਂ ਸਗੋਂ ਦੇਸ਼ ਦੇ ਮਹੱਤਵਪੂਰਨ ਸੂਬੇ (ਹੁਣ ਕੇਂਦਰ ਸ਼ਾਸਤ ਪ੍ਰਦੇਸ਼) ਦੀ ਸਾਬਕਾ ਮੁੱਖ ਮੰਤਰੀ ਹੈ ਜੋ ਕੇਂਦਰ 'ਚ ਮੌਜੂਦਾ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਕਰ ਕੇ ਸੂਬੇ ਦੀ ਸਰਕਾਰ ਦੀ ਮੁਖੀ ਬਣੀ ਸੀ। ਸਵਾਲ ਹੈ ਕਿ ਜਮਹੂਰੀ ਪ੍ਰਕਿਰਿਆ 'ਚ ਹਿੱਸਾ ਲੈਣ ਵਾਲੇ ਆਗੂ ਤੋਂ ਦੇਸ਼ ਦੀ ਸੁਰੱਖਿਆ ਨੂੰ ਕੀ ਖ਼ਤਰਾ ਹੈ ?



ਮਹਿਬੂਬਾ ਨੇ ਨਾਜ਼ੁਕ ਸਮਿਆਂ ਦੌਰਾਨ ਸੂਬਾ ਸਰਕਾਰ ਦੀ ਅਗਵਾਈ ਕੀਤੀ। ਬਾਅਦ 'ਚ ਪੀਡੀਪੀ ਅਤੇ ਭਾਜਪਾ ਵਿਚ ਭੇਦਭਾਵ ਵਧੇ ਅਤੇ ਪੀਡੀਪੀ-ਭਾਜਪਾ ਗਠਜੋੜ ਸਰਕਾਰ ਟੁੱਟ ਗਈ। 5 ਅਗਸਤ 2019 ਨੂੰ ਆਰਡੀਨੈਂਸ ਜਾਰੀ ਕਰ ਕੇ ਸੰਵਿਧਾਨ ਦੀ ਧਾਰਾ 370 ਮਨਸੂਖ਼ ਕਰਦਿਆਂ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ (ਜੰਮੂ ਕਸ਼ਮੀਰ ਤੇ ਲੱਦਾਖ) ਵਿਚ ਵੰਡ ਦਿੱਤਾ। ਇਸ ਤੋਂ ਪਹਿਲਾਂ ਵੱਡੀ ਗਿਣਤੀ 'ਚ ਸੁਰੱਖਿਆ ਦਲ ਤਾਇਨਾਤ ਕੀਤੇ, ਪਾਬੰਦੀਆਂ ਲਗਾਈਆਂ ਗਈਆਂ। ਮਹਿਬੂਬਾ ਮੁਫ਼ਤੀ ਦੇ ਨਾਲ ਨਾਲ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀਆਂ ਫ਼ਾਰੂਕ ਅਬਦੁੱਲਾ, ਉਮਰ ਅਬਦੁੱਲਾ ਅਤੇ ਹੋਰ ਸਿਆਸੀ ਆਗੂਆਂ ਨੂੰ ਗ੍ਰਿਫ਼ਤਾਰ ਜਾਂ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਸਿਆਸੀ ਕਾਰਕੁਨਾਂ ਤੇ ਨੌਜਵਾਨਾਂ ਦੀਆਂ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਹੋਈਆਂ। ਸੁਪਰੀਮ ਕੋਰਟ ਤੇ ਜੰਮੂ ਕਸ਼ਮੀਰ ਹਾਈਕੋਰਟ 'ਚ ਹੈਬੀਅਸ ਕਾਰਪਸ ਪਟੀਸ਼ਨਾਂ ਦੀ ਸੁਣਵਾਈ ਵੀ ਨਾ ਹੋਈ। ਇਨਾਂ ਕਾਰਵਾਈਆਂ ਕਾਰਨ ਲੋਕਾਂ 'ਚ ਬੇਗ਼ਾਨਗੀ ਵਧੀ, ਕਾਰੋਬਾਰ ਤਬਾਹ ਹੋਏ ਤੇ ਵਿਦਿਆਰਥੀਆਂ ਦਾ ਨੁਕਸਾਨ ਹੋਇਆ। 1978 ਦੇ ਕੇਸ 'ਮੇਨਕਾ ਗਾਂਧੀ ਵਰਸਜ਼ ਯੂਨੀਅਨ ਆਫ਼ ਇੰਡੀਆ' ਵਿਚ ਉਸ ਸਮੇਂ ਦੀ ਸਰਕਾਰ ਨੇ ਪਾਸਪੋਰਟ ਜ਼ਬਤ ਕਰਨ ਦਾ ਮੁੱਦਾ ਉੱਭਾਰਿਆ ਸੀ। ਸੁਪਰੀਮ ਕੋਰਟ ਦੇ ਸੱਤ ਜੱਜਾਂ ਨੇ 25 ਜਨਵਰੀ 1978 ਨੂੰ ਪੰਜ ਜੱਜਾਂ ਦੇ 'ਸਤਵੰਤ ਸਿੰਘ ਸਾਹਨੀ ਵਰਸਜ਼ ਅਸਿਸਟੈਂਟ ਪਾਸਪੋਰਟ ਅਫ਼ਸਰ, ਭਾਰਤ ਸਰਕਾਰ' ਵਾਲੇ ਕੇਸ ਵਾਲੇ ਫ਼ੈਸਲੇ 'ਤੇ ਮੋਹਰ ਲਗਾਈ ਕਿ ਵਿਦੇਸ਼ ਯਾਤਰਾ ਸੰਵਿਧਾਨ ਦੀ ਧਾਰਾ 21 ਦੁਆਰਾ ਨਾਗਰਿਕਾਂ ਨੂੰ ਦਿੱਤੇ ਨਿੱਜੀ ਅਜ਼ਾਦੀ ਦੇ ਅਧਿਕਾਰ ਦਾ ਹਿੱਸਾ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਪਾਸਪੋਰਟ ਦੇਣ ਤੋਂ ਮਨਾ ਨਹੀਂ ਕਰ ਸਕਦੀ ਅਤੇ ਜੇ ਮਨਾ ਕਰਦੀ ਹੈ ਤਾਂ ਉਹ ਕਾਨੂੰਨੀ ਪ੍ਰਕਿਰਿਆ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਅਜਿਹੀ ਪ੍ਰਕਿਰਿਆ 'ਵਾਜਿਬ, ਨਿਆਂਪੂਰਨ ਤੇ ਤਰਕਸੰਗਤ' ਹੋਣੀ ਚਾਹੀਦੀ ਹੈ, 'ਖਬਤੀ, ਦਮਨਕਾਰੀ ਜਾਂ ਆਪਹੁਦਰੀ' ਨਹੀਂ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਮਹਿਬੂਬਾ ਨੂੰ ਪਾਸਪੋਰਟ ਨਾ ਦੇਣ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਉਲੰਘਣਾ ਨਹੀਂ ਕੀਤੀ ਗਈ ? ਸਪੱਸ਼ਟ ਹੈ ਕਿ ਨਾ ਸਿਰਫ਼ ਫ਼ੈਸਲੇ ਦੀ ਉਲੰਘਣਾ ਹੋਈ ਸਗੋਂ ਇਹ ਫ਼ੈਸਲਾ ਨਾ ਤਾਂ ਨੈਤਿਕ ਪੱਖ ਤੋਂ ਸਹੀ ਹੈ ਅਤੇ ਨਾ ਹੀ ਜੰਮੂ ਕਸ਼ਮੀਰ ਦੀ ਸੁਰੱਖਿਆ ਪ੍ਰਤੀ ਕੋਈ ਫ਼ਰਕ ਪਾਉਣ ਵਾਲਾ। ਇਹ ਸਿਰਫ਼ ਭਾਜਪਾ ਦੇ ਉਸ ਸਿਆਸੀ ਬਿਆਨੀਏ/ ਬਿਰਤਾਂਤ ਨੂੰ ਮਜ਼ਬੂਤ ਕਰਨ ਵਾਲਾ ਹੈ ਜਿਸ ਅਨੁਸਾਰ ਉਹ ਆਪਣੇ ਸਿਆਸੀ ਵਿਰੋਧੀਆਂ ਵਿਰੁੱਧ ਸਖ਼ਤ ਕਾਰਵਾਈਆਂ ਕਰ ਕੇ ਦੇਸ਼ ਦੀ ਵੱਡੀ ਬਹੁਗਿਣਤੀ 'ਚ ਅਜਿਹਾ ਸੰਮੋਹਨ ਪੈਦਾ ਕਰਨ ਵਿਚ ਸਫ਼ਲ ਰਹੀ ਹੈ ਜਿਸ ਨੂੰ ਉਹ ਰਾਸ਼ਟਰਵਾਦੀ ਕਹਿੰਦੀ ਹੈ। ਜਮਹੂਰੀ ਸ਼ਕਤੀਆਂ ਅਤੇ ਸਿਆਸੀ ਪਾਰਟੀਆਂ ਨੂੰ ਇਸ ਗ਼ਲਤ ਫ਼ੈਸਲੇ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਟਵੀਟ ਕੀਤਾ 'ਸੀਆਈਡੀ ਨੂੰ ਲੱਗਦਾ ਹੈ ਕਿ ਮੇਰੀ ਸੱਤਰ ਸਾਲ ਤੋਂ ਵੱਧ ਉਮਰ ਦੀ ਮਾਂ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਹੈ। ਇਸ ਲਈ ਉਸ ਨੂੰ ਪਾਸਪੋਰਟ ਨਹੀਂ ਮਿਲ ਸਕਦਾ। ਮਹਿਬੂਬਾ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਉਸ ਨੂੰ ਜ਼ਲੀਲ ਕਰਨ ਤੇ ਸਜ਼ਾ ਦੇਣ ਲਈ ਕਈ ਬੇਤੁਕੇ ਢੰਗ-ਤਰੀਕੇ ਵਰਤਦੀ ਹੈ ਕਿਉਂਕਿ ਉਹ ਉਨਾਂ ਦੇ ਮੁਤਾਬਕ ਨਹੀਂ ਚੱਲਦੀ।

---

# ਦਿੱਲੀ ਗੁਰਦੁਆਰਾ ਚੋਣਾਂ ਵਿਚ ਹੋਣਗੇ ਬਹੁਪੱਖੀ ਮੁਕਾਬਲੇ

## ✪ ਚੋਣਾਂ ਅਪ੍ਰੈਲ ਦੇ ਅੰਤ ਵਿਚ ਹੋਣਗੀਆਂ, 4 ਜਾਂ 6 ਕੋਨੇ ਮੁਕਾਬਲੇ ਹੋਣਗੇ ✪ ਹਾਲੇ ਤੱਕ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਸਾਂਝਾ ਮੋਰਚਾ ਨਾ ਬਣਾ ਸਕੇ ✪ ਸਿਰਸਾ ਨੇ ਪੰਥਕ ਹਲਕਿਆਂ ਵਿਚ ਆਪਣਾ ਕੱਦ ਉਚਾ ਕੀਤਾ

**ਚੰਡੀਗੜ/ਏ.ਟੀ.ਨਿਊਜ਼:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਪ੍ਰੈਲ ਦੇ ਅੰਤ ਵਿਚ ਹੋਣਗੀਆਂ। ਹਾਲਾਂਕਿ ਪਹਿਲਾਂ ਇਹ ਜਾਪਦਾ ਸੀ ਕਿ ਇਸ ਵਾਰ ਇਨਾਂ ਚੋਣਾਂ ਵਿਚ ਅਕਾਲੀ ਦਲ ਬਾਦਲ ਦਾ ਜਿੱਤਣਾ ਅਸੰਭਵ ਹੋ ਜਾਵੇਗਾ। ਕਿਉਂਕਿ ਇਕ ਤਾਂ ਜੀ.ਕੇ. ਬਾਦਲ ਦਲ ਵਿਚੋਂ ਬਾਹਰ ਹੋ ਗਏ ਸਨ ਤੇ ਦੂਸਰਾ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਜੀ.ਕੇ., ਸਰਨਾ ਭਰਾਵਾਂ ਤੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਅਤੇ 'ਆਪ' ਨਾਲ ਸਬੰਧਤ ਰਹੇ ਪੰਥਕ ਸੇਵਾ ਦਲ ਦਾ ਸਾਂਝਾ ਮੋਰਚਾ ਬਣਨ ਦੇ ਆਸਾਰ ਬਣ ਗਏ ਸਨ। ਪਰ ਇਸ ਦੀ ਸੰਭਾਵਨਾ ਹੁਣ ਲਗਭਗ ਖ਼ਤਮ ਹੈ। ਕਿਉਂਕਿ ਸਰਨਾ ਭਰਾ ਸਮਝਦੇ ਹਨ ਕਿ ਅਕਾਲੀ ਦਲ ਬਾਦਲ ਦੀਆਂ ਵੋਟਾਂ ਵੰਡੀਆਂ ਜਾਣੀਆਂ ਹਨ ਤੇ ਉਨਾਂ ਲਈ ਜਿੱਤਣਾ ਸੌਖਾ ਹੋਵੇਗਾ। ਦੂਜੇ ਪਾਸੇ ਪਿਛਲੇ ਕੁਝ ਮਹੀਨਿਆਂ ਵਿਚ ਸਿਰਸਾ ਵਲੋਂ ਪਹਿਲਾਂ ਕੋਰੋਨਾ ਕਾਲ ਵਿਚ ਲਾਏ ਲੰਗਰ ਤੇ ਹੁਣ ਕਿਸਾਨ ਅੰਦੋਲਨ ਵਿਚ ਨਿਭਾਈ ਭੂਮਿਕਾ ਜਿਸ ਵਿਚ 26 ਜਨਵਰੀ ਦੀਆਂ ਘਟਨਾਵਾਂ ਵਿਚ ਫੜੇ ਨੌਜਵਾਨਾਂ ਦੀ ਰਿਹਾਈ ਤੇ ਜ਼ਮਾਨਤਾਂ ਲਈ ਕੀਤਾ ਕੰਮ ਵੀ ਸ਼ਾਮਿਲ ਹੈ । ਇਸ ਕਾਰਨ ਪੰਥਕ ਹਲਕਿਆਂ ਵਿਚ ਇਸ ਦੀ ਸ਼ਲਾਘਾ ਹੋ ਰਹੀ ਹੈ। ਦਿੱਲੀ ਵਿਚ 101 ਬੈੱਡ ਲਾ ਕੇ ਮੁਫ਼ਤ ਡਾਇਲਸਿਸ ਦੀ ਸਹੂਲਤ ਦੇਣੀ, ਦਿੱਲੀ ਕਮੇਟੀ ਦੇ ਸਕੂਲਾਂ ਦੇ ਮੁਲਾਜ਼ਮਾਂ ਦਾ ਕਰੀਬ 35 ਕਰੋੜ ਦਾ ਬਕਾਇਆ ਦੇਣਾ, ਕਰੀਬ 10 ਕਰੋੜ ਦੀ ਲਾਗਤ ਨਾਲ ਆਧੁਨਿਕ 32 ਸਲਾਈਸ ਮਸ਼ੀਨ ਲਾ ਕੇ ਸੀ.ਟੀ. ਸਕੈਨ ਸਿਰਫ 50 ਰੁਪਏ ਵਿਚ ਕਰਵਾਉਣ ਦੀ ਸਹੂਲਤ ਦੇਣੀ ਅਤੇ ਸਭ ਤੋਂ ਵੱਧ ਇਨਾਂ ਸਾਰੇ ਕੰਮਾਂ ਦਾ ਸੋਸ਼ਲ ਮੀਡੀਆ ਅਤੇ ਕੌਮੀ ਟੀ.ਵੀ. ਚੈਨਲਾਂ 'ਤੇ ਪ੍ਰਚਾਰ ਪ੍ਰਸਾਰ ਕਰਨ ਕਰਕੇ ਮਨਜਿੰਦਰ ਸਿੰਘ ਸਿਰਸਾ ਦਾ ਕੱਦ ਕਾਫੀ ਉੱਚਾ ਹੋ ਗਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਿਰਸਾ ਦਿੱਲੀ ਗੁਰਦੁਆਰਾ ਚੋਣਾਂ ਵਿਚ ਲਗਭਗ ਉਸੇ ਸਥਿਤੀ ਵਿਚ ਆ ਖਲੋਤੇ ਹਨ, ਜਿਸ ਸਥਿਤੀ ਵਿਚ 2017 ਦੀਆਂ ਗੁਰਦੁਆਰਾ ਚੋਣਾਂ ਵਿਚ ਮਨਜੀਤ ਸਿੰਘ ਜੀ.ਕੇ. ਖੜੇ ਸਨ। ਹਾਲਾਂਕਿ ਵਿਰੋਧੀ ਮਨਜਿੰਦਰ ਸਿੰਘ ਸਿਰਸਾ ਖਿਲਾਫ਼ ਕਈ ਤਿੱਖੇ ਇਲਜ਼ਾਮ ਵੀ ਲਗਾਉਂਦੇ ਹਨ ਪਰ ਉਨਾਂ ਦੀ ਕਾਰਗੁਜ਼ਾਰੀ ਅਤੇ ਉਨਾਂ ਵਲੋਂ ਕੀਤੇ ਗਏ ਪ੍ਰਚਾਰ ਪ੍ਰਸਾਰ ਨੇ ਇਨਾਂ ਇਲਜ਼ਾਮਾਂ ਦੀ ਧਾਰ ਕਾਫੀ ਹੱਦ ਤੱਕ ਖੁੰਢੀ ਕਰ ਦਿੱਤੀ ਹੈ।

ਇਸ ਹਾਲਤ ਵਿਚ ਦਿੱਲੀ ਗੁਰਦੁਆਰਾ ਚੋਣਾਂ ਵਿਚ ਹਾਲ ਦੀ ਘੜੀ ਅਕਾਲੀ ਦਲ ਬਾਦਲ ਦਾ ਹੱਥ ਉੱਪਰ ਨਜ਼ਰ ਆ ਰਿਹਾ ਹੈ। ਦਿਖਾਈ ਕੁਝ ਵੀ ਦੇ ਰਿਹਾ ਹੋਵੇ ਪਰ ਕਿਸੇ ਵੀ ਚੋਣ ਬਾਰੇ ਭਵਿੱਖਬਾਣੀ ਕਰਨੀ ਕਾਫੀ ਔਖੀ ਹੁੰਦੀ ਹੈ। ਕਿਉਂਕਿ ਚੋਣ ਵਿਚ ਅਜੇ ਕਰੀਬ ਡੇਢ ਮਹੀਨਾ ਬਾਕੀ ਹੈ। ਇਸ ਸਮੇਂ ਵਿਚ ਕਿਸ ਨੇਤਾ ਦੇ ਕਿਸ ਕਦਮ ਨੇ ਕਿੰਨਾ ਨੁਕਸਾਨ ਕਰ ਦੇਣਾ ਹੈ ਜਾਂ ਕਿਸ ਨੇ ਨਵੇਂ ਸਿਖ਼ਰ 'ਤੇ ਲੈ ਜਾਣਾ ਹੈ, ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਸਪੱਸ਼ਟ ਹੈ ਹੁਣ ਦਿੱਲੀ ਗੁਰਦੁਆਰਾ ਚੋਣਾਂ ਵਿਚ ਮੁਕਾਬਲੇ 4 ਤੋਂ 6 ਕੋਨੇ ਹੋਣ ਦੀ ਸੰਭਾਵਨਾ ਹੈ। ਇਸ ਵੇਲੇ 6 ਧਿਰਾਂ ਚੋਣ ਮੈਦਾਨ ਵਿਚ ਹਨ। ਅਕਾਲੀ ਦਲ ਬਾਦਲ, ਸਰਨਾ ਭਰਾਵਾਂ ਦਾ ਦਿੱਲੀ ਅਕਾਲੀ ਦਲ, ਮਨਜੀਤ ਸਿੰਘ ਜੀ.ਕੇ. ਦੀ ਜਾਗੋ ਪਾਰਟੀ, ਭਾਈ ਬਲਦੇਵ ਸਿੰਘ ਵਡਾਲਾ ਦਾ ਸਿੱਖ ਸਦਭਾਵਨਾ ਦਲ, ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਅਤੇ 'ਆਪ' ਨਾਲ ਸਬੰਧਤ ਰਿਹਾ ਪੰਥਕ ਸੇਵਾ ਦਲ ਚੋਣ ਮੈਦਾਨ ਵਿਚ ਹਨ। ਇਸ ਵੇਲੇ ਭਾਈ ਰਣਜੀਤ ਸਿੰਘ ਦੀ ਸਰਨਾ ਭਰਾਵਾਂ ਅਤੇ ਜੀ.ਕੇ. ਨਾਲ ਸਮਝੌਤੇ ਦੀ ਗੱਲ ਚੱਲ ਰਹੀ ਹੈ ਜਦੋਂ ਕਿ ਜੀ.ਕੇ. ਤੇ ਪੰਥਕ ਸੇਵਾ ਦਲ ਵਿਚ ਵੀ ਸਮਝੌਤੇ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਤਰਾਂ ਜੇ ਸਮਝੌਤੇ ਹੋ ਗਏ ਤਾਂ 4 ਕੋਨੇ, ਜੇ ਨਾ ਹੋਏ ਤਾਂ 6 ਕੋਨੇ ਮੁਕਾਬਲੇ ਹੋਣਗੇ।

### ਤਾਨਾਸ਼ਾਹੀ ਦੇ ਇਲਜ਼ਾਮ

ਬੇਸ਼ੱਕ ਮਨਜਿੰਦਰ ਸਿੰਘ ਸਿਰਸਾ ਦਾ ਕੱਦ ਉੱਚਾ ਹੋਇਆ ਹੈ ਪਰ ਦੂਜੇ ਪਾਸੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕ ਮੀਤ ਪ੍ਰਧਾਨ ਕੁਲਵੰਤ ਸਿੰਘ ਬਾਠ ਅਤੇ ਕੁਝ ਹੋਰ ਕਾਰਜਕਾਰਨੀ ਦੇ ਮੈਂਬਰ ਸਿਰਸਾ ਖਿਲਾਫ਼ ਤਾਨਾਸ਼ਾਹੀ ਵਾਲਾ ਵਤੀਰਾ ਅਪਣਾਉਣ ਅਤੇ ਹਿਸਾਬ-ਕਿਤਾਬ ਪਬਲਿਕ ਡੋਮੈਨ 'ਤੇ ਨਾ ਪਾਉਣ ਦੇ ਇਲਜ਼ਾਮ ਵੀ ਲਾ ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ ਪਹਿਲੀਆਂ ਕਾਰਜਕਾਰਨੀ ਮੀਟਿੰਗਾਂ ਦੀ ਕਾਰਵਾਈ ਨਹੀਂ ਦਿੱਤੀ ਜਾ ਰਹੀ ਅਤੇ ਨਾ ਹੀ ਪਿਛਲੇ ਇਕ ਸਾਲ ਤੋਂ ਕਾਰਜਕਾਰਨੀ ਦੀ ਮੀਟਿੰਗ ਹੀ ਕੀਤੀ ਗਈ ਹੈ, ਜਿਸ ਲਈ ਉਨਾਂ ਨੇ ਕਾਨੂੰਨੀ ਨੋਟਿਸ ਵੀ ਭੇਜਿਆ ਹੈ। ਉਹ ਇਹ ਵੀ ਕਹਿੰਦੇ ਹਨ ਕਿ ਸਿਰਸਾ ਨੇ ਉਨਾਂ ਦਾ ਮੀਤ ਪ੍ਰਧਾਨਗੀ ਤੋਂ ਅਸਤੀਫ਼ਾ ਵੀ ਬਿਨਾਂ ਜਨਰਲ ਹਾਊਸ ਦੀ ਪ੍ਰਵਾਨਗੀ ਦੇ ਸਵੀਕਾਰ ਕਰ ਲਿਆ ਤੇ ਨਵਾਂ ਕਾਰਜਕਾਰੀ ਮੀਤ ਪ੍ਰਧਾਨ ਵੀ ਉਸ ਵਿਅਕਤੀ ਨੂੰ ਬਣਾ ਲਿਆ ਜਿਸ 'ਤੇ ਸਿਰਸਾ ਖ਼ੁਦ ਹੀ ਇਲਜ਼ਾਮ ਲਾਉਂਦੇ ਰਹੇ ਸਨ। ਉਹ ਇਹ ਵੀ ਕਹਿੰਦੇ ਹਨ ਕਿ ਸਿਰਸਾ ਪਾਰਟੀ ਪ੍ਰਧਾਨ ਅਤੇ ਪਾਰਟੀ ਦੀ ਰਣਨੀਤੀ ਤੋਂ ਪਰੇ ਚੱਲ ਕੇ ਸਿਰਫ ਆਪਣਾ ਕੱਦ ਉੱਚਾ ਕਰ ਰਹੇ ਹਨ। ਉਹ ਇਸ ਲਈ ਪਾਰਟੀ ਵਲੋਂ ਗੁਰਦੁਆਰਾ ਚੋਣਾਂ ਲਈ ਬੁਲਾਈਆਂ ਮੀਟਿੰਗਾਂ ਬਾਰੇ ਛਪੇ ਇਸ਼ਤਿਹਾਰਾਂ ਜਿਨਾਂ ਵਿਚ ਉਮੀਦਵਾਰ ਤੋਂ ਬਿਨਾਂ ਸਿਰਫ ਸਿਰਸਾ ਅਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਦੀਆਂ ਛਪੀਆਂ ਤਸਵੀਰਾਂ ਹਨ, ਦੀ ਗੱਲ ਵੀ ਕਰਦੇ ਹਨ। ਫਿਰ ਉਹ ਦਿੱਲੀ ਵਿਚ ਮੁਫ਼ਤ 101 ਬਿਸਤਰਿਆਂ ਵਾਲਾ ਡਾਇਲਸਿਸ ਹਸਪਤਾਲ ਸ਼ੁਰੂ ਕਰਨ ਵੇਲੇ ਕਿਸੇ ਅਕਾਲੀ ਨੇਤਾ ਨੂੰ ਨਾ ਬੁਲਾਉਣ ਅਤੇ ਕਿਸਾਨ ਨੇਤਾ ਤੇ ਗ਼ੈਰ-ਅਕਾਲੀ ਰਾਕੇਸ਼ ਟਿਕੈਤ ਨੂੰ ਮਹੱਤਵ ਦੇਣ ਦੀ ਉਦਾਹਰਨ ਵੀ ਦਿੰਦੇ ਹਨ। ਜਦੋਂ ਕਿ ਸਿਰਸਾ ਦਾ ਕਹਿਣਾ ਹੈ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਟਿਕੈਤ ਨਹੀਂ, ਸਗੋਂ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਅਤੇ ਕਾਰਸੇਵਾ ਵਾਲੇ ਬਾਬਾ ਬਚਨ ਸਿੰਘ ਸਨ।

ਹਾਲਾਂਕਿ ਬਹੁਤ ਚਰਚਾ ਹੈ ਕਿ ਇਸ ਵਾਰ ਸਿਰਸਾ ਵੀ 2017 ਵਿਚ ਜੀ.ਕੇ. ਵਲੋਂ ਆਪਣੇ ਨਾਂ 'ਤੇ ਚੋਣਾਂ ਲੜਨ ਵਾਂਗ ਆਪਣੇ ਹੀ ਨਾਂ 'ਤੇ ਚੋਣਾਂ ਲੜਨਗੇ।

### 25 ਅਪ੍ਰੈਲ ਨੂੰ ਹੋਣਗੀਆਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 25 ਅਪ੍ਰੈਲ ਨੂੰ ਹੋਣਗੀਆਂ। ਜਾਰੀ ਨੋਟੀਫਿਕੇਸ਼ਨ ਅਨੁਸਾਰ 31 ਮਾਰਚ ਤੋਂ ਨਾਮਜ਼ਦਗੀ ਦਾਖ਼ਲ ਕਰਨ ਦਾ ਕੰਮ ਸ਼ੁਰੂ ਹੋ ਜਾਵੇਗਾ। 7 ਅਪ੍ਰੈਲ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕਰਾਉਣ ਦੀ ਆਖਰੀ ਮਿਤੀ ਹੈ। ਕਾਗ਼ਜ਼ਾਂ ਦੀ ਜਾਂਚ 8 ਅਪ੍ਰੈਲ ਨੂੰ ਹੋਵੇਗੀ ਅਤੇ 10 ਅਪ੍ਰੈਲ ਨੂੰ ਕਾਗ਼ਜ਼ ਵਾਪਸ ਲਏ ਜਾ ਸਕਦੇ ਹਨ। ਇਸ ਦੇ ਨਾਲ ਹੀ ਚੋਣ ਨਿਸ਼ਾਨ ਵੀ ਜਾਰੀ ਕਰ ਦਿੱਤੇ ਜਾਣਗੇ। ਚੋਣਾਂ 25 ਅਪ੍ਰੈਲ ਨੂੰ ਹੋਣਗੀਆਂ, ਜਿਸ ਵਿਚ ਸਿੱਖ ਵੋਟਰ ਭਾਗ ਲੈ ਸਕਣਗੇ। ਜਿਸ ਦੀ ਗਿਣਤੀ 28 ਅਪ੍ਰੈਲ ਨੂੰ ਹੋਵੇਗੀ, 29 ਅਪ੍ਰੈਲ ਨੂੰ ਚੁਣੇ ਹੋਏ ਉਮੀਦਵਾਰਾਂ ਦੀ ਕਮੇਟੀ ਨਿਯੁਕਤੀ ਲਈ ਕਾਰਵਾਈ ਕੀਤੀ ਜਾਵੇਗੀ।

---

# ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 65 ਲੱਖ ਦੇ ਵਜ਼ੀਫੇ ਵੰਡੇ

**ਅੰਮ੍ਰਿਤਸਰ /ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਵਜ਼ੀਫੇ ਵਜੋਂ 65 ਲੱਖ ਰੁਪਏ ਤੋਂ ਵੱਧ ਰਾਸ਼ੀ ਦੇ ਚੈੱਕ ਤਕਸੀਮ ਕੀਤੇ। ਇਹ ਵਜ਼ੀਫਾ ਰਾਸ਼ੀ ਸਾਲ 2019-2020 ਅਤੇ 2020-2021 ਨਾਲ ਸਬੰਧਤ ਵਿਦਿਆਰਥੀਆਂ ਨੂੰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵੀ ਇਨਾਂ ਸਾਲਾਂ ਲਈ ਇੱਕ ਵਿਸ਼ੇਸ਼ ਸਮਾਗਮ ਵਿਚ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਇੱਕ ਕਰੋੜ ਤੀਹ ਲੱਖ ਰੁਪਏ ਦੇ ਵਜ਼ੀਫੇ ਦਿੱਤੇ ਜਾ ਚੁੱਕੇ ਹਨ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਕੂਲਾਂ/ਕਾਲਜਾਂ ਵਿਚ ਪੜਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫਾ ਦੇਣ ਦਾ ਫੈਸਲਾ ਕੀਤਾ ਹੋਇਆ ਹੈ। ਵਜ਼ੀਫਾ ਰਾਸ਼ੀ ਵਿਚ ਵੱਖ-ਵੱਖ ਵਰਗਾਂ ਤਹਿਤ ਅੱਠਵੀਂ ਤੋਂ ਦਸਵੀਂ ਤੱਕ 3500 ਰੁਪਏ, ਦਸਵੀਂ ਤੋਂ ਬਾਰਵੀਂ ਤੱਕ 5000 ਰੁਪਏ, ਗ੍ਰੈਜੂਏਟ ਪੱਧਰ ਲਈ 8000 ਰੁਪਏ ਅਤੇ ਐਮ.ਏ. ਵਿਦਿਆਰਥੀਆਂ ਲਈ 10000 ਰੁਪਏ ਦਿੱਤੇ ਜਾਂਦੇ ਹਨ। ਵਜ਼ੀਫਾ ਰਾਸ਼ੀ ਪ੍ਰਾਪਤ ਕਰਨ ਵਾਲਿਆਂ ਵਿਚ 32 ਸਕੂਲਾਂ ਦੇ 546 ਅਤੇ 29 ਕਾਲਜਾਂ ਦੇ 584 ਵਿਦਿਆਰਥੀ ਸ਼ਾਮਲ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਿਦਿਆ ਦੇ ਪ੍ਰਚਾਰ/ਪ੍ਰਸਾਰ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਿੱਖੀ ਨਾਲ ਜੋੜਨ ਲਈ ਵੀ ਵੱਡੇ ਯਤਨ ਕਰ ਰਹੀ ਹੈ। ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਗੁਰਮਤਿ ਰਹਿਣੀ ਦੇ ਧਾਰਨੀ ਬਨਣਾ ਹਰ ਸਿੱਖ ਦਾ ਮੁਢਲਾ ਕਰਮ ਹੈ ਅਤੇ ਵਿਦਿਆ ਪ੍ਰਾਪਤ ਕਰਨ ਵਾਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਧਰਮ ਵਿਚ ਪ੍ਰਪੱਕ ਕਰਨ ਲਈ ਸ਼੍ਰੋਮਣੀ ਕਮੇਟੀ ਕਾਰਜਸ਼ੀਲ ਹੈ। ਅੰਮ੍ਰਿਤਧਾਰੀ ਬੱਚਿਆਂ ਨੂੰ ਵਜ਼ੀਫੇ ਦੇਣ ਦਾ ਮੰਤਵ ਹੋਰਨਾਂ ਨੂੰ ਗੁਰੂ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਹੈ।




# ਨਾਰੀ ਸੁਸ਼ਕਤੀਕਰਨ ਦੀ ਅਸਲ ਮਿਸਾਲ ਮਾਈ ਭਾਗੋ

## (ਔਰਤ ਸਸ਼ਕਤੀਕਰਨ ਤੇ ਵਿਸ਼ੇਸ਼)

**ਹਰਕੀਰਤ ਕੌਰ**
**9779118066**

ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਮੰਨਦੀ ਹਾਂ ਕਿ ਅਸੀਂ ਬਹੁਤ ਹੀ ਅਮੀਰ ਤੇ ਦੁਨੀਆਂ ਦੇ ਸਿਰਮੌਰ ਇਤਿਹਾਸ ਦੇ ਵਾਰਿਸ ਹਾਂ।ਜੇਕਰ ਕਿਸੇ ਨੇ ਨਾਰੀ ਸਸ਼ਕਤੀਕਰਨ ਦੀ ਉਦਹਾਰਣਾਂ ਲੈਣੀਆਂ ਹੋਣ ਤਾਂ ਇੱਕ ਵਾਰ ਉਨਾਂ ਨੂੰ ਸਿੱਖ ਇਤਿਹਾਸ ਨੂੰ ਜ਼ਰੂਰ ਪੜ ਤੇ ਵਿਚਾਰ ਲੈਣਾ ਚਾਹੀਦਾ ਹੈ। ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਨਾਰੀ ਸ਼ਕਤੀ ਦੀਆਂ ਜਿੰਨੀਆਂ ਵੱਡੀਆਂ ਉਦਾਹਰਣਾਂ ਸਿੱਖ ਇਤਿਹਾਸ ਵਿੱਚ ਵੇਖਣ ਨੂੰ ਮਿਲਦੀਆਂ ਹਨ, ਉਹ ਹੋਰ ਕਿਧਰੇ ਮਿਲਦੀਆਂ ਹੋਣ। ਸਿੱਖ ਇਤਿਹਾਸ ਦੀ ਸਭ ਤੋਂ ਸੂਰਬੀਰ ਤੇ ਬਹਾਦੁਰ ਯੋਧਾ ਔਰਤ ਮਾਈ ਭਾਗੋ ਇੱਕ ਅਜਿਹੀ ਸ਼ਖਸੀਅਤ ਸਨ, ਜਿਨਾਂ ਤਰਨਤਾਰਨ ਦੀ ਪਵਿੱਤਰ ਧਰਤੀ ਉੱਤੇ ਜਨਮ ਲਿਆ। ਬਚਪਨ ਤੋਂ ਸਿੱਖੀ ਦੇ ਅਸੂਲਾਂ ਤੋਂ ਜਾਣੂ, ਮਾਈ ਭਾਗੋ ਬਾਣੀ ਤੇ ਬਾਣੇ ਦੋਨਾਂ ਵਿੱਚ ਪ੍ਰਪੱਕ ਸਨ। ਮਾਈ ਭਾਗੋ ਜੰਗ ਵਿੱਚ ਜੂਝਣ ਵਾਲੀ ਪਹਿਲੀ ਪੰਜਾਬੀ ਔਰਤ ਸਨ। ਗੁਰੂ ਗੋਬਿੰਦ ਸਿੰਘ ਦੀ ਇਹ ਬਹਾਦੁਰ ਧੀ ਦੀ ਇੱਕ ਇੱਛਾ ਸੀ ਕਿ ਉਹ ਆਪਣੇ ਗੁਰੂ ਪਿਤਾ ਦੇ ਅੰਗ ਰੱਖਿਅਕ ਬਣ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰ ਸਕਣ, ਜਦੋਂ ਗੁਰੂ ਸਾਹਿਬ ਨਾਦੇੜ ਦੀ ਧਰਤੀ ਤੇ ਆਏ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਅੰਗ ਰੱਖਿਅਕ ਦੇ ਤੌਰ ’ਤੇ ਸੇਵਾ ਨਿਭਾਉਂਦੇ ਹੋਏ ਨਾਂਦੇੜ ਦੀ ਧਰਤੀ ਤੇ 1708 ਵਿੱਚ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਹੋ ਗਏ। ਹੋ ਸਕਦਾ ਮੇਰੇ ਕਈ ਪਾਠਕਾਂ ਦੇ ਜ਼ਹਿਨ ਵਿੱਚ ਹੋਵੇ ਕਿ ਔਰਤਾਂ ਤਾਂ ਹੋਰ ਵੀ ਬਹੁਤ ਮਹਾਨ ਹੋਈਆਂ ਹਨ ਪਰ ਮੇਰੇ ਅੱਜ ਦੇ ਦਿਨ ਮਾਤਾ ਭਾਗ ਕੌਰ ਜੀ ਦਾ ਹੀ ਵਿਸ਼ੇਸ਼ ਤੌਰ ’ਤੇ ਜ਼ਿਕਰ ਕਰਨ ਪਿੱਛੇ ਕੀ ਕਾਰਨ ਹੋਵੇਗਾ। ਅਸਲ ਵਿੱਚ ਬੇਸ਼ੱਕ ਹੋਰ ਵੀ ਬਹੁਤ ਸਾਰੀਆਂ ਔਰਤਾਂ ਨੇ ਮਹਾਨ ਕਾਰਜ ਕੀਤੇ ਤੇ ਪੂਰੇ ਨਾਰੀ ਸੰਸਾਰ ਦਾ ਮਾਣ ਵਧਾਇਆ। ਅੱਜ ਭਾਵੇਂ ਔਰਤਾਂ ਅੱਗੇ ਵੱਧ ਰਹੀਆਂ ਹਨ, ਆਪਣੀ ਪਹਿਚਾਣ ਬਣਾ ਰਹੀਆਂ ਹਨ। ਪਰ ਬਹੁਤਾਤ ਔਰਤਾਂ ਘਰਾਂ ਵਿੱਚ ਸਮਾਜ ਵਿੱਚ ਸਰੀਰਕ ਤੇ ਮਾਨਸਿਕ ਸੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਅੱਜ ਵੀ ਬਹੁਤ ਸਾਰੀਆਂ ਬਾਲਗ, ਨਾਬਾਲਗ ਲੜਕੀਆਂ ਦੇ ਬਲਾਤਕਾਰ ਹੁੰਦੇ ਹਨ। ਅੱਜ ਵੀ ਕਈ ਲੜਕੀਆਂ ਘਰਾਂ ਵਿੱਚ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ, ਦਾਜ ਦੀ ਬਲੀ ਚੜਦੀਆਂ ਹਨ, ਨਾ ਚਾਹੁੰਦੀਆਂ ਹੋਈਆਂ ਵੀ ਗਰਭਪਾਤ ਕਰਵਾ ਆਪਣੀਆਂ ਧੀਆਂ ਨੂੰ ਕੁੱਖਾਂ ਵਿੱਚ ਮਰਵਾਉਂਦੀਆਂ ਹਨ। ਅਸੀਂ ਸਾਰੇ ਅਜਿਹੇ ਹਾਲਤ ਵੇਖ ਸਮਾਜ ਬੁਰਾ ਹੈ, ਕਹਿ ਪੱਲਾ ਝਾੜ ਦਿੰਦੇ ਹਾਂ ਪਰ ਕਦੇ ਜੜ ਤੱਕ ਪਹੁੰਚਣ ਦਾ ਯਤਨ ਹੀ ਨਹੀਂ ਕੀਤਾ। ਅਸਲ ਵਿੱਚ ਜਦੋਂ ਅਸੀਂ ਆਪਣੀਆਂ ਬੱਚੀਆਂ ਨੂੰ, ਧੀਆਂ ਨੂੰ, ਮਾਈ ਭਾਗੋ ਵਰਗੀਆਂ ਬਾਹੁਦਰ ਔਰਤਾਂ ਦਾ ਇਤਿਹਾਸ ਹੀ ਨਹੀਂ ਸੁਣਾਇਆ, ਜਦੋਂ ਤੱਕ ਅਸੀਂ ਉਨਾਂ ਨੂੰ ਦੱਸਦੇ ਨਹੀਂ ਕਿ ਅਣਖਾਂ, ਇੱਜ਼ਤਾਂ, ਇਤਿਹਾਸ ਤੇ ਜ਼ੁਰਅੱਤਾਂ ਕੀ ਹਨ, ਉਹ ਕਿਵੇ ਜ਼ੁਲਮ ਦਾ ਟਾਕਰਾ ਕਰਨ ਦੇ ਕਾਬਿਲ ਹੋਣਗੀਆਂ ? ਅੱਜ ਦੀਆਂ ਬਹੁਤੀਆਂ ਨੌਜਵਾਨ ਲੜਕੀਆਂ ਨੂੰ ਮਾਈ ਭਾਗੋ ਦਾ ਇਤਿਹਾਸ ਨਹੀਂ ਪਤਾ ਹੋਵੇਗਾ ! ਨਹੀਂ ਜਾਣਦੀਆਂ ਹੋਣਗੀਆਂ ਕਿ ਕਿਹੜੀਆਂ ਮਾਵਾਂ ਨੇ ਆਪਣੇ ਬੱਚਿਆਂ ਦੇ ਕਦੋਂ, ਕਿਉਂ ਤੇ ਕਿੱਥੇ ਗਲਾ ਵਿੱਚ ਹਾਰ ਪਵਾਏ ਹੋਣਗੇ ! ਪਰ ਹਾਂ ਅੱਜ ਦੀਆਂ ਬੱਚੀਆਂ ਨੂੰ ਅਸੀਂ ਟਿਕ-




ਟੌਕ ਤੇ ਨੱਚਣਾ ਜ਼ਰੂਰ ਸਿਖਾਇਆ ਹੈ ! ਜੇਕਰ ਅੱਜ ਮਾਪੇ ਆਪਣੀਆਂ ਧੀਆਂ ਨੂੰ ਉਨਾਂ ਦੀਆਂ ਕਲਾਵਾਂ ਨਿਖਾਰਨ ਦੇ ਨਾਲ ਨਾਲ ਇਤਿਹਾਸ ਤੋਂ ਵੀ ਜਾਣੂ ਕਰਵਾਉਣ ਤਾਂ ਉਨਾਂ ਨੂੰ ਆਪਣੇ ਅੰਦਰ ਛੁਪੀ ਨਾਰੀ ਸ਼ਕਤੀ ਦਾ ਅਹਿਸਾਸ ਹੋਵੇਗਾ ! ਅਹਿਸਾਸ ਹੋਵੇਗਾ ਕਿ ਅਸੀਂ ਮਾਤਾ ਭਾਗ ਕੌਰ ਦੀਆਂ ਵਾਰਿਸ ਹਾਂ। ਜਦੋਂ ਅਸੀਂ ਆਪਣੀਆਂ ਧੀਆਂ ਨੂੰ ਮਾਈ ਭਾਗੋ ਵਾਂਗ ਦਲੇਰ, ਬਹਾਦੁਰ, ਚਰਿੱਤਰਵਾਨ ਤੇ ਸਾਹਸੀ ਬਣਾਉਣ ਵਿੱਚ ਕਾਮਯਾਬ ਹੋ ਗਏ ਤਾਂ ਸਾਡੇ ਨਾਰੀ ਸ਼ਸਕਤੀਕਰਨ ਵਰਗੇ ਮਨਾਏ ਮਹਾਨ ਦਿਨ ਸਫਲ ਹੋ ਜਾਣਗੇ। ਜਦੋਂ ਮਾਵਾਂ ਆਪਣੀਆਂ ਧੀਆਂ ਵਿੱਚੋਂ ਹੀਰੋਇਨਾਂ ਘੱਟ ਤੇ ਮਾਤਾ ਭਾਗੋ ਦੇਖਣ ਲੱਗ ਜਾਣਗੀਆਂ, ਉਦੋਂ ਕੋਈ ਧੀ ਦਾਜ ਦੀ ਬਲੀ ਨਹੀਂ ਚੜੇਗੀ, ਕੋਈ ਧੀ ਕਿਸੇ ਦੀ ਹਵਸ ਦਾ ਸ਼ਿਕਾਰ ਨਹੀਂ ਹੋਵੇਗੀ, ਫਿਰ ਅਸਲ ਵਿੱਚ ਹਰ ਨਾਰੀ ਸ਼ਕਤੀ ਆਪਣੀ ਸ਼ਕਤੀ ਤੋਂ ਜਾਣੂ ਹੋਵੇਗੀ । ਜੋ ਇੱਕ ਨਵਾਂ ਸਮਾਜ ਸਿਰਜੇਗੀ ਜਿੱਥੇ ਹਰ ਕੋਈ ਇੱਕ ਸੱਭਿਅਕ ਜੀਵਨ ਜੀਵੇਗਾ।

# ‘ਅਬਲਾ ਜੀਵਨ ਹਾਏ ਤੇਰੀ ਕੇਹੀ ਕਹਾਨੀ ਆਂਚਲ ਮੇਂ ਦੂਧ ਆਖੋਂ ਮੇ ਪਾਨੀ’

**ਮਨਦੀਪ ਕੌਰ ਪੰਨੂ ਲੁਧਿਆਣਾ**

ਕਿਸੇ ਦੇਸ਼ ਦੀ ਆਰਥਿਕਤਾ ਤੇ ਸਥਿਰਤਾ ਉਸ ਦੇਸ਼ ਦੀ ਨਾਰੀ ਦੀ ਸਥਿਤੀ ਤੇ ਨਿਰਭਰ ਕਰਦੀ ਹੈ। ਰਵਿੰਦਰ ਨਾਥ ਟੈਗੋਰ ਦਾ ਕਥਨ ਹੈ, ‘ਇਸਤਰੀ ਹੀ ਕਿਸੇ ਦੇਸ਼ ਦੇ ਨਸੀਬ ਨੂੰ ਬਣਾਉਣ ਵਾਲੀ ਤੇ ਉਸ ਨੂੰ ਮੋੜਨ ਵਾਲੀ ਹੈ।’ ਪਰ ਭਾਰਤ ਵਿੱਚ ਲੜਕੀ ਦੇ ਜੰਮਣ ਨਾਲ ਹੀ ਉਸ ਦਾ ਭਵਿੱਖ ਨਿਸ਼ਚਿਤ ਹੋ ਜਾਂਦਾ ਹੈ। 50 ਬਾਲੜੀਆਂ 5 ਸਾਲ ਦੀ ਉਮਰ ਤੋਂ ਹੀ ਆਪਣੇ ਸਿਰ ਉੱਤੇ ਘਰੇਲੂ ਕੰਮਾਂ ਦਾ ਬੀੜਾ ਚੁੱਕ ਕੇ ਆਪਣੀ ਜ਼ਿੰਦਗੀ ਦਾ ਕਰਜ਼ ਚੁਕਾਉਣਾ ਸ਼ੁਰੂ ਕਰ ਦਿੰਦੀਆਂ ਹਨ ਤੇ ਫਿਰ ਮਰਨ ਤੱਕ ਉਸ ਨੂੰ ਚੈਨ ਦਾ ਸਾਹ ਨਸੀਬ ਨਹੀਂ ਹੁੰਦਾ। ਦਾਜ, ਲਾਜ ਤੇ ਰਾਜ ਦੀਆਂ ਘਿਨਾਉਣੀਆਂ ਲਾਹਨਤਾਂ ਕਈ ਹਜ਼ਾਰਾਂ ਸਾਲਾਂ ਤੋਂ ਉਸਦੇ ਦਾਮਨ ਨਾਲ ਅਜਿਹੀਆਂ ਚਿੰਬੜੀਆਂ ਹੋਈਆਂ ਹਨ ਕਿ ਉਹ ਉਨਾਂ ਦੀ ਮਾਰ ਸਦਕਾ ਆਪਣੀ ਹਸਤੀ ਅਜੇ ਤੱਕ ਨਹੀਂ ਸਿਰਜ ਸਕੀ। ਕੁੜੀਆਂ ਨੂੰ ਭਾਰਤੀ ਲੋਕ ਆਪਣੇ ਸਿਰ ਤੇ ਭਾਰ ਸਮਝਦੇ ਹਨ। ਕੁੜੀਆਂ ਦਾ ਜਨਮ ਤਾਂ ਬਾਅਦ ਵਿੱਚ ਹੁੰਦਾ ਹੈ ਤੇ ਵਿਆਹ ਦਾ ਫਿਕਰ ਪਹਿਲਾਂ ਹੀ ਪੈ ਜਾਂਦਾ ਹੈ। ਔਰਤਾਂ ਘਰ ਮੁੰਡਾ ਹੋਣ ਵਾਸਤੇ ਕਈ ਸੁੱਖਾਂ ਸੁੱਖਦੀਆਂ ਹਨ, ਜਦ ਘਰ ਮੁੰਡਾ ਹੋਵੇ ਤਾਂ ਕਿਵੇਂ ਪਰਾਤਾਂ ਤੇ ਥਾਲੀਆਂ ਖੜਕਦੀਆਂ ਹਨ, ਸਰੀਂਹ ਬੰਨੇ ਜਾਂਦੇ ਹਨ ਪਰ ਕੁੜੀ ਹੋਣ ’ਤੇ ਸਿਰ ਵਿੱਚ ਸੱਤੇ ਘੜੇ ਪਾਣੀ ਪੈ ਜਾਂਦਾ ਹੈ। ਉੱਤੋਂ-ਉੱਤੋਂ ਤਾਂ ਭਾਵੇਂ ਲੋਕ ਕੁੜੀਆਂ ਦੇ ਹੱਕ ਵਿਚ ਬੋਲਣ ਪਰ ਅੰਦਰੋਂ ਤਾਂ ਮੁੰਡਾ ਹੋਣ ਦਾ ਖਾਹਿਸ਼ ਰੱਖਦੇ ਹਨ। ਕੁੜੀ ਤੇ ਹਮੇਸ਼ਾ ਸਮਾਜ ਦਾ ਡਰ ਰਹਿੰਦਾ ਹੈ। ਕੁੜੀ ਤੇ ਇੱਕ ਪ੍ਰਛਾਵਾਂ ਮਾਂ ਦੀ ਚਿੰਤਾ ਦਾ, ਇਕ ਪਰਛਾਵਾਂ ਪਿਤਾ ਦੀ ਪੱਗ ਦਾ, ਇੱਕ ਪਰਛਾਵਾਂ ਭਰਾ ਦੀ ਘੂਰ ਦਾ ਤੇ ਇੱਕ ਪਰਛਾਵਾਂ ਸਮਾਜ ਦੀ ਦਕਿਆਨੂਸੀ ਸੋਚ ਦਾ ਹੁੰਦਾ ਹੈ। ਬਾਕੀ ਵਿਅਕਤੀਤਵ ਗਿਣਤੀ-ਮਿਣਤੀ ਦੀਆਂ ਸਲੇਬਸੀ ਕਿਤਾਬਾਂ ਵਿੱਚ ਰੁਲ ਜਾਂਦਾ ਹੈ ਜਿਨਾਂ ਨੂੰ ਪੜ ਕੇ ਇਕ ਮਰਦ ਸ਼ਾਇਰ ਨੇ ਵੀ ਲਿਖਿਆ ਹੈ :

‘ਵਹੀ ਖੜਾ ਹੂੰ ਰੋਟੀ ਦੇ ਚਾਰ ਹਰਫ ਲਿਏ,
ਸੋਚਤਾ ਹੂੰ ਕਿ ਕਿਤਾਬੋਂ ਨੇ ਕਿਆ ਦੀਆ ਮੁਝ ਕੋ’

ਭਾਰਤ ਦੀ ਅੱਧੀ ਸੰਖਿਆ ਮਹਿਲਾ ਵਰਗ ਉੱਤੇ ਆਧਾਰਤ ਹੋਣ ਦੇ ਬਾਵਜੂਦ ਸਾਡੀ ਸਮੁੱਚੀ ਅਬਾਦੀ ਵਿਚੋਂ ਕੇਵਲ 20 ਲੜਕੀਆਂ ਹੀ ਹਾਈ ਸਕੂਲ ਤੋਂ ਉੱਪਰ ਪੜਾਈ ਲਈ ਪਹੁੰਚਦੀਆਂ ਹਨ। ਜਦਕਿ ਲੜਕਿਆਂ ਦੀ ਗਿਣਤੀ ਇਸ ਤੋਂ 4 ਗੁਣਾ ਹੈ। ਉਂਝ ਕਹਿਣ ਨੂੰ ਗਲਾ ਫਾੜ ਕੇ ਕਿਹਾ ਜਾਂਦਾ ਹੈ ਕਿ ਲੜਕੀਆਂ ਦੀ ਸਿੱਖਿਆ ਪੁਰਖ ਦੀ ਸਿੱਖਿਆ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ ਕਿਉਂਕਿ ਜੇ ਲੜਕੀ ਪੜ ਗਈ ਤਾਂ ਸਮਝੋ ਸਾਰਾ ਟੱਬਰ ਪੜ ਗਿਆ। ਕਰੂਣਾ, ਮਮਤਾ, ਤਿਆਗ, ਦਇਆ ਤੇ ਕੁਰਬਾਨੀ ਦੇ ਗਹਿਣਿਆਂ ਨਾਲ ਲੱਦੀ ਔਰਤ ਹਰ ਹਾਲ ਵਿਚ ਮਰਦ ਤੋਂ ਉੱਚੀ ਹੈ। ਅਸਲ ਵਿੱਚ ਮਰਦ ਦੀ ਸੋਚ ਸੰਕੀਰਣਤਾ ਇਹ ਹੈ ਕਿ ਉਸ ਨੇ ਔਰਤ ਨੂੰ ਕਦੇ ਇੱਕ ਸਮੁੱਚੇ ਵਿਅਕਤੀ ਦੇ ਰੂਪ ਵਿੱਚ ਨਹੀਂ ਪਛਾਣਿਆ। ਉਸਦੀ ਉਹ ਹਾਲਤ ਹੈ ਜਿਵੇਂ ਸੱਤ ਅੰਨਿਆਂ ਵਿਚੋਂ ਇੱਕ ਹਾਥੀ ਨੂੰ ਕਿਸੇ ਨੇ ਨਹੀਂ ਵੇਖਿਆ। ਕਿਸੇ ਨੇ ਪੂੰਛ ਫੜੀ ਹੈ, ਕਿਸੇ ਨੇ ਸੁੰਡ, ਕਿਸੇ ਨੇ ਅਗਲੀ ਲੱਤ ਤੇ ਕਿਸੇ ਨੇ ਪਿਛਲੀ। ਸੋ ਇਸੇ ਤਰਾਂ ਸਮਾਜ ਨੇ ਔਰਤ ਨੂੰ ਮਾਂ, ਧੀ, ਭੈਣ, ਪਤਨੀ, ਭਾਬੀ ਤੇ ਪ੍ਰੇਮਿਕਾ ਦੇ ਰੂਪ ਵਿੱਚ ਹੀ ਦੇਖਿਆ ਹੈ। ਕਦੀ ਉਸ ਨੂੰ ਇੱਕ ਪੂਰੇ ਵਿਅਕਤੀ ਦੇ ਰੂਪ ਵਿੱਚ ਪਛਾਨਣ ਦਾ ਕਸ਼ਟ ਨਹੀਂ ਕੀਤਾ।

ਇੱਕ ਸਾਡੀ ਬਦਕਿਸਮਤੀ ਇਹ ਹੈ ਕਿ ਸਾਡੀਆਂ ਕਈ ਕੁੜੀਆਂ ਦਾਜ ਦੀ ਅੱਗ ਵਿੱਚ ਸੜ ਕੇ ਮਰ ਜਾਂਦੀਆਂ ਹਨ। ਇਸ ਬਾਰੇ ਸੁਰਜੀਤ ਪਾਤਰ ਲਿਖਦਾ ਹੈ :

‘ਘਰਾਂ ਦੀ ਅੱਗ ਸਿਆਣੀ ਏ ਤਦੇ ਇਸ ਦੀ ਲਪੇਟ ਅੰਦਰ,
ਬੇਗਾਨੀ ਧੀ ਹੀ ਆਈ ਹੈ ਜਿੰਨੀ ਵਾਰ ਆਈ ਹੈ’

ਔਰਤ ਨੂੰ ਸਿਰਫ ਅਨਪੜ ਹੀ ਨਹੀਂ ਸਗੋਂ ਪੜੇ-ਲਿਖੇ ਪਰਿਵਾਰਾਂ ਵਿੱਚ ਵੀ ਕੁੱਟਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਹਮਲੇ ਕਈ ਤਰਾਂ ਦੇ ਹੋ ਸਕਦੇ ਹਨ :

1 ਸ਼ਰੀਰਕ ਮਾਰ
2 ਬਦਜ਼ੁਬਾਨੀ
3 ਸਮਾਜਿਕ ਮਾਰ
4 ਭਾਵਨਾਤਮਕ ਮਾਰ
5 ਬੌਧਿਕ ਵਿਤਕਰੇ

ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਔਰਤ ਦੀ ਸਮੁੱਚੀ ਸਥਿਤੀ ਦੀ ਦਸ਼ਾ ਅੱਜ ਤੋਂ ਕਿਤੇ ਮਾੜੀ ਸੀ। ਉਸ ਸਮੇਂ ਇਸਤਰੀ ਸਮਾਜ ਵਿੱਚ ਵੀ ਪਦਵੀ ਸੀ। ਇਸ ਬਾਰੇ ਅਲੱਗ-ਅਲੱਗ ਧਰਮਾਂ ਦੇ ਫ਼ਿਲਾਸਫਰਾਂ ਦੇ ਵਿਚਾਰ ਇਸ ਤਰਾਂ ਹਨ:

ਜਰਮਨ ਦੇ ‘ਆਇਨਰੇ’ : ਇਸ ਵਿੱਚ ਰੂਹ ਨਹੀਂ ਹੈ।
ਚੈਸਟਰ ਫੀਲਡ : ਇਸਤਰੀ ਪੈਦਾ ਕਰਨਾ ਕੁਦਰਤ ਦੀ ਮਜ਼ਦਾਰ ਗੱਲ ਹੈ।
ਸ਼ੰਕਰਾਚਾਰੀਯਾ : ਇਸਤਰੀ ਇੱਕ ਬੰਧਨ ਹੈ।
ਨੈਪੋਲੀਅਨ : ਇਸਤਰੀ ਇੱਕ ਧੋਖਾ ਹੈ।
ਸ਼ੈਕਸਪੀਅਰ : ਕਮਜ਼ੋਰੀ ਦਾ ਨਾਮ ਇਸਤਰੀ ਹੈ।
ਅਰਸਤੂ : ਹੁਕਮ ਕਰਨਾ ਤੇ ਮਨਾਉਣਾ ਮਰਦ ਦਾ ਫਰਜ਼ ਤੇ ਹੁਕਮ ਮੰਨਣਾ ਇਸਤਰੀ ਦਾ।

ਮੁਸਲਮਾਨਾਂ ਦੇ ਸਮੇਂ ਔਰਤਾਂ ਦਾ ਸ਼ੋਸ਼ਣ ਪੂਰੇ ਜ਼ੋਰਾਂ ’ਤੇ ਸੀ। ਔਰਤ ਪ੍ਰਤੀ ਨਫਰਤ ਦੀ ਭਾਵਨਾ ਵਾਰਿਸ ਸ਼ਾਹ ਦੀ ਰਚਨਾ ਵਿੱਚ ਇਉਂ ਪੇਸ਼ ਹੋਈ ਮਿਲਦੀ ਹੈ :

‘ਵਾਰਿਸ ਰੰਨ, ਫ਼ਕੀਰ, ਤਲਵਾਰ, ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।’

ਪੁਰਾਣੇ ਸਮੇਂ ਵਿਚ ਬ੍ਰਾਹਮਣਾਂ ਨੂੰ ਦਾਨ ਕਰਨ ਸਮੇਂ ਰੁਪਏ-ਪੈਸੇ, ਹਾਥੀ, ਘੋੜਿਆਂ ਵਾਂਗ ਬਹੁਤ ਵਾਰ ਔਰਤ ਵੀ ਦਾਨ ਕਰ ਦਿੱਤੀ ਜਾਂਦੀ ਸੀ। ਦਾਨ ਤਾਂ ਇੱਕ ਪਾਸੇ ਰਿਹਾ, ਇਸਤਰੀ ਨੂੰ ਜੂਏ ਵਿੱਚ ਹਰਾ ਦੇਣਾ (ਮਹਾਂਭਾਰਤ) ਵੀ ਪੁਰਾਣੇ ਸਮੇਂ ਵਿੱਚ ਰਿਹਾ। ਮੁੱਕਦੀ ਗੱਲ ਬ੍ਰਾਹਮਣਾਂ ਨੇ ਇਸਤਰੀ ਦਾ ਦਰਜਾ ਬਹੁਤ ਹੀ ਨੀਵਾਂ ਕਰ ਛੱਡਿਆ ਸੀ।

ਭਾਵੇਂ ਇਸਾਈਆਂ ਦੀ ਕੌਮ ਦਾ ਵੱਡਾ ਹਿੱਸਾ ਜੋ ਪੱਛਮੀ ਦੇਸ਼ਾਂ ਵਿੱਚ ਆਬਾਦ ਹੈ, ਮਜਬੀ ਮਨੌਤਾਂ ਤੋਂ ਸੁਤੰਤਰ ਇੱਕ ਨਵੀਂ ਸਭਿਅਤਾ ਦੀ ਬੁਨਿਆ ਰੱਖ ਰਿਹਾ ਹੈ ਤੇ ਉਸ ਵਿੱਚ ਭਾਵੇਂ ਉਹ ਇਸਤਰੀ ਨੂੰ ਵਿਸ਼ੇਸ਼ ਵਿਅਕਤੀ ਜਾਂ ਫਰਿਸ਼ਤਾ ਕਰਕੇ ਹੀ ਪੁਕਾਰ ਰੱਖ ਰਿਹਾ ਹੈ ਪਰ ਧਾਰਮਿਕ ਮੰਦਰਾਂ ਵਿੱਚ ਇਸਤਰੀ ਨੂੰ ਮਰਦ ਦੇ ਬਰਾਬਰ ਲਿਆ ਖੜਾ ਕਰਨ ਦੀ ਦਲੇਰੀ ਅਜੇ ਇਨਾਂ ਲੋਕਾਂ ਵਿੱਚ ਨਹੀਂ ਪਾਈ ਗਈ। ਇਸਲਾਮ ਵਿੱਚ ਤਾਂ ਇਸਤਰੀ ਦਾ ਵੱਡਾ ਸਬੰਧ ਮਰਦ ਨਾਲ ਕੇਵਲ ਵਾਸਨਾ ਪੂਰਤੀ ਹੀ ਕਾਇਮ ਕੀਤਾ ਗਿਆ।

ਗੋਰਖਨਾਥ ਨੇ ਬਘਿਆੜ ਨਾਲ, ਤੁਲਸੀ ਦਾਸ ਨੇ ਪਸ਼ੂਆਂ ਨਾਲ ਇਸਤਰੀ ਦੀ ਤੁਲਨਾ ਕੀਤੀ ਹੈ। ਦਿਗੰਬਰ ਜੈਨਾਂ ਦਾ ਕਹਿਣਾ ਹੈ ਕਿ ਇਸਤਰੀ ਸਾਰੀ ਉਮਰ ਭਗਤੀ ਕਰੇ ਤਾਂ ਵੀ ਉਹ ਮੁਕਤੀ ਨਹੀਂ ਪਾ ਸਕਦੀ, ਜਦ ਤੱਕ ਕਿ ਉਹ ਮਰਦ ਦੇ ਜਾਮੇ ਵਿੱਚ ਨਾ ਆਵੇ।

**ਬਾਕੀ ਸਫ਼ਾ 31 ’ਤੇ**

## ਧੀਆਂ ਰਾਣੀਆਂ



ਕਿਸਮਤ ਦੇ ਨਾਲ ਮਿਲਦੀਆਂ ਨੇ ਇਹ ਧੀਆਂ
ਕਰਮ ਜਿਨਾਂ ਨੇ ਕੀਤੇ ਚੰਗੇ, ਉਨਾਂ ਹਿੱਸੇ ਆਉਂਦੀਆਂ ਨੇ ਇਹ ਧੀਆਂ
ਅਕਾਲ ਪੁਰਖ ਦੀ ਬਖਸ਼ਿਸ਼ ਨੇ ਏ, ਸਦਾ ਵਿਹੜੇ ਵਿੱਚ ਚਹਿਕਣ ਧੀਆਂ
ਨਾ ਕੁਝ ਮੰਗਣਾ ਨਾ ਕੁਝ ਕਹਿਣਾ, ਸਦਾ ਅਦਬ ਵਿੱਚ ਰਹਿਣ ਇਹ ਧੀਆਂ
ਸਬਰ ਸਿਦਕ ਦੀ ਮੂਰਤ ਬਣੀਆਂ , ਸਭ ਕੁਝ ਆਪਣੇ ਉਤੇ ਸਹਿਣ ਇਹ ਧੀਆਂ
ਪਿਉ ਦੀਆਂ ਲਾਡਲੀਆਂ, ਮਾਂ ਦੀਆਂ ਦੁਲਾਰੀਆਂ ਨੇ ਇਹ ਧੀਆਂ
ਹਾਸੇ ਵੱਸਦੇ ਸਦਾ ਉਹ ਵਿਹੜੇ ,ਜਿੱਥੇ ਰਹਿਣਦੀਆਂ ਇਹ ਧੀਆਂ
ਸਰਬ ਖਿਆਲੀ ਉੱਡ ਪਈਆਂ ਨੇ, ਮਾਂ ਦੀਆਂ ਜਾਈਆਂ ਸੱਚੀਆਂ ਏ ਧੀਆਂ

**ਸਰਬਜੀਤ ਕੌਰ ਸਰਬ**

# ਹਰੇਕ ਗੱਲ ਲਈ ਗੁਨਾਹਗਾਰ ਮੈਂ ਹੀ ਕਿਉਂ ?

**ਗੁਰਪਿੰਦਰਜੀਤ ਕੌਰ ਸਚਦੇਵਾ**
**(ਐਬਟਸਫੋਰਡ, ਕੈਨੇਡਾ )**



ਇਕ ਔਰਤ ਹਰ ਵਕਤ ਆਪਣੇ ਆਪ ਨੂੰ ਇਹ ਸੁਆਲ ਪੁਛਦੀ ਰਹਿੰਦੀ ਹੈ ਕਿ ਹਰ ਚੰਗੇ ਕੰਮ ਲਈ ਸਲਾਹਣਾ ਮਰਦ ਦੇ ਸਿਰ ਅਤੇ ਹਰ ਗਲਤੀ ਦਾ ਸਿਹਰਾ ਔਰਤ ਦੇ ਸਿਰ ਹੀ ਕਿਉਂ ਬਝਦਾ ਹੈ ? ਜੇ ਮਰਦ ਦੀ ਜਿੰਦਗੀ ਵਿਚ ਕੁਝ ਚੰਗਾ ਉਤਸ਼ਾਹਜਨਕ ਵਾਪਰੇ ਤਾਂ ਉਹ ਉਸ ਦੀ ਚੰਗੀ ਕਿਸਮਤ, ਪਰ ਜੇ ਕੁਝ ਮਾੜਾ ਵਾਪਰੇ ਤਾਂ ਉਹ ਔਰਤ ਦੇ ਉਸ ਘਰ ਵਿਚ ਪਏ ਬੁਰੇ ਕਦਮਾਂ ਦੇ ਸਿਰ ਮੜ ਦਿਤਾ ਜਾਂਦਾ ਹੈ। ਬੱਚਿਆਂ ਦੀ ਕਿਸੇ ਮਾੜੀ ਆਦਤ ਜਾਂ ਕੋਈ ਵੀ ਕਮੀ ਔਰਤ ਸਿਰ ਮੜ ਦਿੱਤੀ ਜਾਂਦੀ ਹੈ। ਬੱਚਾ ਤਾਂ ਮਾਂ ਬਾਪ ਦੋਵਾਂ ਦਾ ਹੁੰਦਾ ਹੈ। ਫਿਰ ਚੰਗਿਆਈਆਂ ਪਿਤਾ ਦੀਆਂ ਤੇ ਬੁਰਿਆਈਆਂ ਮਾਂ ਦੀਆਂ ਹੀ ਕਿਉਂ ਹੁੰਦੀਆਂ ਹਨ।

ਅੱਜ 21ਵੀਂ ਸਦੀ ਵਿਚ ਵੀ ਔਰਤ ਗੁਲਾਮ ਕਿਉਂ ਹੈ ? ਬੇਟੀ ਬਚਾਓ ਬੇਟੀ ਪੜਾਓ ਦੇ ਨਾਹਰੇ ਲਾਉਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਸਮਝਾਉਣ ਦੀ ਲੋੜ ਹੈ ਕਿ ਬੇਟੇ ਪੜਾਉਣ ਤੇ ਉਨਾਂ ਨੂੰ ਸਮਝਾਉਣ ਦੀ ਲੋੜ ਹੈ, ਕਿ ਸਮਾਜ ਨੂੰ ਅੱਗੇ ਤੋਰਨ ਵਾਲੀ ਔਰਤ ਵੀ ਇੱਜ਼ਤ ਤੇ ਸਤਿਕਾਰ ਭਾਲਦੀ ਹੈ। ਨਾਹਰਾ ਇਹ ਹੋਣਾ ਚਾਹੀਦਾ ਹੈ, ਹਰੇਕ ਬੱਚੇ ਨੂੰ ਇਹ ਗੱਲ ਸਮਝਾਓ ਕਿ ਹਰ ਪੱਧਰ ਉੱਤੇ ਔਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਔਰਤ ਮਰਦ ਦੀ ਬਰਾਬਰੀ ਦਾ ਸਤਿਕਾਰ ਹੋਣਾ ਚਾਹੀਦਾ ਹੈ। ਹਰੇਕ ਧੀ ਆਜਾਦ, ਖੁਦਮੁਖਤਿਆਰ ਤੇ ਦਲੇਰ ਹੋਣੀ ਚਾਹੀਦੀ ਹੈ। ਜੇ ਕੁੜੀਆਂ ਨੂੰ ਪੜਾਉਣ ਦੇ ਨਾਲ ਨਾਲ ਮੁੰਡਿਆਂ ਨੂੰ ਧੀਆਂ ਦਾ ਸਤਿਕਾਰ ਕਰਨਾ ਸਿਖਾਇਆ ਜਾਵੇ ਤਾਂ ਸਮਾਜ ਵਿਚ ਔਰਤਾਂ ਵਿਰੁਧ ਹੋਣ ਵਾਲੇ ਬਹੁਤ ਸਾਰੇ ਜੁਰਮ ਘਟ ਸਕਦੇ ਹਨ।

ਆਪਣੀਆਂ ਧੀਆਂ ਨੂੰ ਧੱਕੇ ਅਤੇ ਹਰੇਕ ਕਿਸਮ ਦੇ ਵਿਤਕਰੇ ਵਿਰੁਧ ਆਵਾਜ ਉਠਾਉਣ ਲਈ ਮਾਨਸਿਕ ਤੌਰ ਉਤੇ ਤਿਆਰ ਕਰਨਾ ਚਾਹੀਦਾ ਹੈ। ਮੈਂ ਸੋਚਦੀ ਹਾਂ ਕਿ ਸਿਰਫ ਸਕੂਲੀ ਵਿਦਿਆ ਸਮਾਜ ਵਿਚ ਕੋਈ ਵੱਡੀਆਂ ਤਬਦੀਲੀਆਂ ਨਹੀਂ ਲਿਆ ਸਕਦੀ। ਸਮਾਜ ਵਿਚ ਤਬਦੀਲੀ ਲਿਆਉਣ ਲਈ ਮਨੁਖੀ ਚੇਤਨਾ ਜਗਾਉਣ ਦੀ ਲੋੜ ਹੈ, ਜਿਹੜੀ ਸਾਡੇ ਗੁਰੂਆਂ ਨੇ ਜਗਾਈ। ਮੁੰਡਿਆਂ ਨੂੰ ਆਪਣੀ ਜਵਾਨੀ ਦੇ ਪਹਿਲੇ ਦੌਰ ਵਿਚ ਹੀ ਔਰਤਾਂ ਦਾ ਆਦਰ ਸਤਿਕਾਰ ਕਰਨਾ ਸਿਖਾਉਣਾ ਚਾਹੀਦਾ ਹੈ।

ਅੱਜ ਲੋੜ ਹੈ ਕਿ ਨਾਹਰਾ ਲਾਇਆ ਜਾਵੇ — ਬੇਟਿਆਂ ਦੀ ਚੇਤਨਾ ਜਗਾਓ ! ਸਮਾਜ ਨੂੰ ਦਰਿੰਦਗੀ ਤੋਂ ਬਚਾਓ !

ਜੇ ਅਸੀਂ ਇਹ ਕਰ ਸਕੀਏ ਤਾਂ ਕੋਈ ਵੀ ਕੁੜੀ ਜੁਲਮ ਦਾ ਸ਼ਿਕਾਰ ਨਹੀਂ ਹੋਵੇਗੀ। ਫਿਰ ਸਾਨੂੰ ਹਰੇਕ ਭੈੜ ਲਈ ਐਵੇਂ ਕੁੜੀਆਂ ਨੂੰ ਦੋਸ਼ ਦੇਣ ਦੀ ਲੋੜ ਨਹੀਂ ਪਵੇਗੀ। ਜਰੂਰੀ ਨਹੀਂ ਕਿ ਫਰਜ ਸਿਰਫ ਵੱਡਿਆਂ ਦੇ ਛੋਟਿਆਂ ਪ੍ਰਤੀ ਹਨ। ਕੁਝ ਫਰਜ ਛੋਟਿਆਂ ਦੇ ਵੱਡਿਆਂ ਪ੍ਰਤੀ ਵੀ ਹਨ। ਹਰੇਕ ਗਲਤੀ ਦਾ ਸਿਹਰਾ ਕਿਸੇ ਇਕ ਸਿਰ ਮੜਨ ਦੀ ਬਜਾਏ ਗਲਤੀ ਦੇ ਕਾਰਨਾਂ ਨੂੰ ਲੱਭਣ ਦੇ ਯਤਨ ਕਰਨੇ ਚਾਹੀਦੇ ਹਨ। ਸਾਨੂੰ ਗੁਰੂ ਨਾਨਕ ਸਾਹਿਬ ਦੇ ਔਰਤਾਂ ਪ੍ਰਤੀ ਪ੍ਰਗਟ ਕੀਤੇ ਗਏ ਕੀਮਤੀ ਬਚਨਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੇ ਬਚਨ ਹਨ —

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**
**(ਗੁਰੂ ਗ੍ਰੰਥ ਸਾਹਿਬ, ਪੰਨਾ 788)**

ਗੁਰਮਤਿ ਬੜੇ ਸਪਸ਼ਟ ਰੂਪ ਵਿਚ ਔਰਤ ਮਰਦ ਨੂੰ ਇਕ-ਦੂਜੇ ਦੇ ਅਰਧ ਸਰੀਰੀ ਦਸਦੀ ਹੈ —

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥**
**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥ (ਗੁਰੂ ਗ੍ਰੰਥ ਸਾਹਿਬ, ਪੰਨਾ 477)**

ਗੁਰਮਤਿ ਬਚਨ ਕਰਦੀ ਹੈ ਕਿ ਜੇ ਸੁੰਨਤ ਕੀਤਿਆਂ ਹੀ ਤੁਰਕ ਬਣਿਆ ਜਾ ਸਕਦਾ ਹੈ ਤਾਂ ਫਿਰ ਔਰਤ ਦਾ ਕੀ ਕਰਾਂਗੇ। ਅਰਧ ਸਰੀਰੀ ਨਾਰ ਨੂੰ ਛੱਡ ਤਾਂ ਸਕਦੇ ਨਹੀਂ। ਫਿਰ ਚੰਗਾ ਹੈ ਕਿ ਤੁਰਕ ਬਣਨ ਨਾਲੋਂ ਹਿੰਦੂ ਹੀ ਬਣੇ ਰਹੀਏ। ਆਪਣੇ ਇਸ ਤਰਕ ਵਿਚ ਗੁਰਮਤਿ ਬਹੁਤ ਵੱਡੇ ਕੁਦਰਤੀ ਸੱਚ ਨੂੰ ਪ੍ਰਗਟ ਕਰਦੀ ਹੈ, ਕਿ ਔਰਤ ਅਤੇ ਮਰਦ ਦੋਵੇਂ ਇਕ ਦੂਜੇ ਦੇ ਪੂਰਕ ਹਨ। ਦੋਵੇਂ ਇਕ ਦੂਜੇ ਦੇ ਅਰਧ ਸਰੀਰੀ ਹਨ। ਗੁਰੂ ਸਾਹਿਬਾਨ ਨੇ ਇਸ ਕੁਦਰਤੀ ਸੱਚ ਉਤੇ ਜ਼ੋਰ ਦਿੱਤਾ ਹੈ ਕਿ ਔਰਤ ਮਨੁਖੀ ਨਸਲ ਦੀ ਜਨਮਦਾਤੀ ਹੈ। ਔਰਤ ਤੋਂ ਬਿਨਾਂ ਸਮੁਚਾ ਮਨੁਖੀ ਜੀਵਨ ਚਿਤਵਿਆ ਵੀ ਨਹੀਂ ਜਾ ਸਕਦਾ। ਗੁਰਮਤਿ ਦਾ ਫੁਰਮਾਨ ਹੈ —

**ਭੰਡਹੁ ਹੀ ਭੰਡ ਉਪਜੈ ਭੰਡੈ ਬਾਝੁ ਨ ਕੋਇ॥**
**ਨਾਨਕ ਭੰਡਹਿ ਬਾਹਰਾ ਸਾਹਿਬ ਸਚਾ ਸੋਇ॥**
**(ਗੁਰੂ ਗ੍ਰੰਥ ਸਾਹਿਬ, ਪੰਨਾ 473)**

ਔਰਤ ਤੋਂ ਬਿਨਾਂ ਕੋਈ ਮਨੁਖੀ ਜੀਵਨ ਕਿਆਸਿਆ ਵੀ ਨਹੀਂ ਜਾ ਸਕਦਾ। ਸਿਰਫ ਇਕ ਕਰਤਾ ਭਾਵ ਸਿਰਜਣਹਾਰ ਹੀ ਇਸ ਵਰਤਾਰੇ ਤੋਂ ਬਾਹਰ ਹੈ। ਔਰਤ ਜੀਵਨ ਦਾਤੀ ਹੈ। ਮਨੁਖੀ ਜੀਵਨ ਦਾ ਆਧਾਰ ਹੈ। ਇਸੇ ਕਰਕੇ ਗੁਰਮਤਿ ਨੇ ਧਰਤੀ ਨੂੰ ਮਾਂ ਕਿਹਾ ਹੈ। ਧਰਤੀ ਹੀ ਮਨੁਖੀ ਜੀਵਨ ਦਾ ਆਧਾਰ ਹੈ।

ਔਰਤ ਮਰਦ ਦੀ ਬਰਾਬਰੀ ਦੀ ਹਮਾਇਤ ਕਰਨ ਦੇ ਨਾਲ-ਨਾਲ ਗੁਰਮਤਿ ਨੇ ਦੋਹਾਂ ਦੀ ਹੋਂਦ ਨੂੰ ਇਕ-ਦੂਜੇ ਦੇ ਅਰਧ ਸਰੀਰੀ ਭਾਵ ਪੂਰਕ ਮੰਨਿਆ ਹੈ। ਅਰਥਾਤ ਔਰਤ-ਮਰਦ ਦਾ ਰਿਸ਼ਤਾ ਦੋ ਵੱਖ-ਵੱਖ ਸਰੀਰਾਂ ਦਾ ਨਹੀਂ ਸਗੋਂ ਇਸ ਤੋਂ ਕਿਤੇ ਵੱਡਾ ਆਤਮਿਕ ਰਿਸ਼ਤਾ ਹੈ। ਜਿਸ ਵਿਚ ਦੋਵੇਂ ਹੋਂਦਾਂ ਇਕ-ਦੂਜੇ ਦੇ ਪੂਰਕ ਬਣ ਕੇ ਜਿਉਂਦੀਆਂ ਹਨ। ਔਰਤ-ਮਰਦ ਦੇ ਰਿਸ਼ਤੇ ਬਾਰੇ ਗੁਰੂ ਸਾਹਿਬ ਦੀ ਇਹ ਧਾਰਨਾ ਅਜੋਕੇ ਰਾਜਸੀ-ਸਮਾਜੀ ਮਾਹੌਲ ਵਿਚ ਖਾਸ ਤੌਰ ’ਤੇ ਮਹਤਵਪੂਰਨ ਹੈ। ਕਿਉਂਕਿ ਬ੍ਰਾਹਮਣਵਾਦ ਨੇ ਜੇ ਔਰਤ ਮਰਦ ਨੂੰ ਦੇਹ ਦੀ ਹੋਂਦ ਤੱਕ ਸੁੰਗੇੜ ਦਿੱਤਾ ਸੀ ਤਾਂ ਆਧੁਨਿਕ ਯੁਗ ਦੇ ਮੰਡੀਕਰਨ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਕੁਝ ਕੁ ਅੰਗਾਂ ਤਕ ਸੀਮਤ ਕਰ ਦਿਤਾ ਹੈ। ਇਥੋਂ ਤਕ ਕਿ ਮਨੁਖੀ ਰਿਸ਼ਤਿਆਂ ਦਾ ਇਹ ਮੰਡੀਕਰਨ ਮਨੁਖ ਜਾਤੀ ਦੇ ਹੁਣ ਤਕ ਵਿਕਸਿਤ ਹੋਏ ਸਮਾਜੀ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਦੂਸ਼ਿਤ ਕਰ ਰਿਹਾ ਹੈ। ਸਾਨੂੰ ਸਾਰਿਆਂ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ।

### ਹੱਕ ਔਰਤ ਦੇ ਲਈ ਬੋਲ ਰਿਹਾ ਏ।

ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਤ੍ਰਿਪਤਾ ਦੀ ਹੈ ਕੁੱਖ ਤੋਂ ਜਾਇਆ।
ਅੰਧਕਾਰ ਵਿੱਚ ਚਾਨਣ ਆਇਆ।
ਸ਼ਬਦ ਨੇ ਡੂੰਘੀ ਚੋਟ ਹੈ ਕਰਦੇ,
ਸਭ ਭਰਮ ਦੇ ਪਰਦੇ ਖੋਲ ਰਿਹਾ ਏ।

ਸਭ ਨੂੰ ਰਾਹੇ ਪਾਇਆ ਉਸਨੇ।
ਜੰਞੂ ਨਾ ਅਪਣਾਇਆ ਉਸਨੇ।
ਮਾਂ ਭੈਣ ਮੇਰੀ ਹੱਕਦਾਰ ਨਾ ਹੋਈ,
ਅੱਜ ਉਸ ਰਸਮ ਨੂੰ ਰੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਤੁਸੀਂ ਰਾਜੇ ਸ਼ਾਹ ਸੁਲਤਾਨ ਕਹਾਏ।
ਕਾਜ਼ੀ ਮੁੱਲਾਂ ਪੰਡਿਤ ਔਰਤ ਜਾਏ।
ਸੋ ਕਿਉਂ ਮੰਦਾ ਆਖੀਐ ਕਹਿ ਕੇ,
ਫੋਕੀ ਵਿਚਾਰਧਾਰਾ ਨੂੰ ਫਰੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਹਰ ਔਰਤ ਨੂੰ ਪੁੱਤਰੀ ਕਹਿੰਦਾ।
ਤੁਸੀਂ ਨਾਮ ਭਣੋ ਉਪਦੇਸ਼ ਹੈ ਦਿੰਦਾ।
‘ਔਰਤ ਲਈ ਬਾਬੇ ਆਵਾਜ਼ ਉਠਾਈ,
ਆਫ਼ਤਾਬ ਕਲਮ ਦੀ ਜ਼ਰੀਏ ਤੋਲ ਰਿਹਾ ਏ।
ਇੱਕ ਨਾਨਕ ਰੱਬ ਦਾ ਰੂਪ ਹੈ ਆਇਆ,
ਹੱਕ ਔਰਤ ਦੇ ਲਈ ਬੋਲ ਰਿਹਾ ਏ।

ਗੁਰਪ੍ਰੀਤ ਸਿੰਘ ‘ਆਫ਼ਤਾਬ’
8727831290

# ਕਿਸਾਨੀ ਸੰਘਰਸ਼ ਵਿਚ ਔਰਤ ਦੀ ਭੂਮਿਕਾ

**ਸਰਬਜੀਤ ਕੌਰ ਸਰਬ**

ਜਦੋਂ ਵੀ ਔਰਤ ਘਰ ਦੀ ਚਾਰਦੀਵਾਰੀ ਤੋਂ ਬਾਹਰ ਨਿਕਲੀ ਹੈ, ਉਸ ਦੀ ਸੋਚ ਨੇ ਸਦੈਵ ਫਤਿਹ ਹਾਸਲ ਕੀਤੀ ਹੈ । ਪਰਿਵਾਰ ਵਿੱਚ ਰਹਿੰਦੇ ਹੋਏ, ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਣੀ, ਸਮਾਜ ਵਿੱਚ ਵਿਚਰ ਕੇ ਸਮਾਜ ਨੂੰ ਸਹੀ ਸੇਧ ਦੇਣੀ ਅਤੇ ਜਿਸ ਵੀ ਅਹੁਦੇ ਉੱਤੇ ਉਸ ਨੂੰ ਕੰਮ ਦਿੱਤਾ ਜਾਂਦਾ ਹੈ ਉਹ ਉਸ ਕੰਮ ਪ੍ਰਤੀ ਸਮਰਪਿਤ ਹੋ ਕੇ ਇਕ ਨਵੀਂ ਦਿਸ਼ਾ ਦੇ ਦਿੰਦੀ ਹੈ । ਸਮੇਂ ਦੇ ਹਾਲਾਤਾਂ ਨਾਲ ਮੁਕਾਬਲਾ ਕਰਨਾ ਅਤੇ ਉਸ ਉੱਤੇ ਜਿੱਤ ਪ੍ਰਾਪਤ ਕਰਨੀ ਇਕ ਔਰਤ ਲਈ ਸਭ ਤੋਂ ਵੱਡੀ ਚੁਣੌਤੀ ਹੁੰਦੀ ਹੈ । ਇਹੋ ਚੁਣੌਤੀਆਂ ਦਾ ਟਾਕਰਾ ਕਰਦੀਆਂ ਹੋਈਆਂ ਔਰਤਾਂ ਅੱਜ ਭਾਰਤੀ ਕਿਸਾਨੀ ਸੰਘਰਸ਼ ਵਿਚ ਵਡਮੁੱਲਾ ਯੋਗਦਾਨ ਪਾ ਰਹੀਆਂ ਹਨ। ਇਸ ਸੰਘਰਸ਼ ਵਿੱਚ ਸਭ ਤੋਂ ਪਹਿਲਾਂ ਬਜ਼ੁਰਗ ਸਾਹਮਣੇ ਆਏ, ਉਸ ਦੇ ਨਾਲ ਹੀ ਨੌਜਵਾਨ ਆਏ ਤੇ ਹੁਣ ਅੰਤਰਰਾਸ਼ਟਰੀ ਕਵਰ ਵਿਚ ਔਰਤਾਂ ਇਸ ਅੰਦੋਲਨ ਦੀ ਅਗਵਾਈ ਕਰ ਰਹੀਆਂ ਹਨ ।ਟਾਈਮ ਦਾ ਨਵਾਂ ਅੰਤਰਰਾਸ਼ਟਰੀ ਕਵਰ ਜੋ ਚੱਲ ਰਿਹਾ ਹੈ ਉਸ ਵਿੱਚ ਔਰਤਾਂ ਦੀ ਅਵਾਜ਼ ਹੈ ‘ਮੈਨੂੰ ਖ਼ਰੀਦਿਆ ਨਹੀਂ ਜਾ ਸਕਦਾ’। ਸਪੱਸ਼ਟ ਰੂਪ ਵਿੱਚ ਸਾਹਮਣੇ ਆ ਰਿਹਾ ਹੈ ਕਿ ਭਾਰਤੀ ਹਕੂਮਤ ਨੇ ਜਿੱਥੇ ਬਜ਼ੁਰਗ ਅਤੇ ਨੌਜਵਾਨਾਂ ਨੂੰ ਸੜਕਾਂ ਉੱਤੇ ਬਿਠਾਇਆ ਸੀ ਉਥੇ ਔਰਤਾਂ ਅਤੇ ਬੱਚੇ ਕਿਸਾਨੀ ਸੰਘਰਸ਼ ਵਿਚ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇ ਰਹੇ ਸਨ। ਔਰਤਾਂ ਦੀ ਇਸ ਸੋਚ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਖੇਤਰ ਵਿਚ ਜਾਣ ਤੋਂ ਕਦੇ ਨਹੀਂ ਘਬਰਾਉਂਦੀ । ਬੇਸ਼ੱਕ ਅਜੋਕੇ ਦੌਰ ਵਿੱਚ ਔਰਤ ਨੂੰ ਆਪਣੀ ਗੱਲ ਰੱਖਣ ਦੀ ਪੂਰੀ ਅਜ਼ਾਦੀ ਮਿਲ ਗਈ ਹੈ, ਪਰ ਕਿਤੇ ਨਾ ਕਿਤੇ ਇਹ ਮਿਲੀ ਅਜ਼ਾਦੀ ਵੀ ਪੈਰਾਂ ਵਿੱਚ ਜ਼ੰਜੀਰ ਦਾ ਕੰਮ ਕਰ ਜਾਂਦੀ ਹੈ ਕਿਉਂਕਿ ਰਿਸ਼ਤਿਆਂ ਦੀ ਪ੍ਰਵਾਹ ਜਿੰਨੀ ਔਰਤ ਕਰਦੀ ਹੈ, ਪਰ ਮਰਦ ਵਿੱਚ ਉਹ ਸਹਿਣ ਸ਼ਕਤੀ ਨਹੀਂ ਹੁੰਦੀ, ਜਿੰਨੀ ਕਿ ਇਕ ਔਰਤ ਨੇ ਆਪਣੇ ਅੰਦਰ ਸਬਰ ਰੱਖ ਕੇ ਪੈਦਾ ਕੀਤੀ ਹੁੰਦੀ ਹੈ ।

ਕਿਸਾਨੀ ਸੰਘਰਸ਼ ਵਿਚ ਔਰਤ ਦੀ ਭਾਗੀਦਾਰੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਔਰਤ ਜੇਕਰ ਘਰ ਦੇ ਕੰਮ ਵਿੱਚ ਨਿਪੁੰਨ ਹੁੰਦੀ ਹੈ, ਨਾਲ ਦੀ ਨਾਲ ਉਹ ਆਪਣੇ ਪਰਿਵਾਰ ਦੀ ਰੱਖਿਆ ਕਰਨ ਨੂੰ ਵੀ ਆਪਣਾ ਮੁੱਢਲਾ ਫਰਜ਼ ਸਮਝਦੀ ਹੈ। ਕਿਸਾਨੀ ਸੰਘਰਸ਼ ਕਿਸੇ ਇਕੱਲੇ ਇਕਹਿਰੇ ਮਨੁੱਖ ਦਾ ਨਹੀਂ ਹੈ, ਸਗੋਂ ਇਹ ਸੰਘਰਸ਼ ਹਰ ਉਸ ਮਨੁੱਖ ਦਾ ਹੈ ਜੋ ਦੋ ਵਕਤ ਦੀ ਰੋਟੀ ਉਸ ਪ੍ਰਮਾਤਮਾ ਤੋਂ ਹਰ ਇਕ ਦੇ ਲਈ ਮੰਗਦਾ ਹੈ । ਜੋ ਵੀ ਇਨਸਾਨ ਆਪਣੀ ਮਿੱਟੀ ਨਾਲ ਜੁੜਿਆ ਹੋਇਆ ਹੈ, ਜਿਸ ਦੇ ਅੰਦਰ ਜ਼ਮੀਰ ਜਾਗੀ ਹੋਈ ਹੈ ਅਜਿਹਾ ਹਰ ਇਨਸਾਨ ਇਸ ਸੰਘਰਸ਼ ਵਿਚ ਮੋਢੇ ਨਾਲ ਮੋਢਾ ਮਿਲਾ ਕੇ ਚੱਲ ਰਿਹਾ ਹੈ ।

ਇਸੇ ਤਰਾਂ ਦਿੱਲੀ ਬਾਰਡਰਾਂ ਉੱਤੇ ਹੋਏ ਔਰਤਾਂ ਦੇ ਇਕੱਠ ਨੇ ਕਿਸਾਨ ਅੰਦੋਲਨ ਵਿਚ ਇਕ ਨਵੀਂ ਜਾਨ ਫੂਕ ਦਿੱਤੀ ਹੈ। ਪੰਜਾਬ ਅਤੇ ਹਰਿਆਣੇ ਤੋਂ ਵੱਡੀ ਗਿਣਤੀ ਵਿਚ ਔਰਤਾਂ ਦੀ ਹਿੱਸੇਦਾਰੀ ਦਿੱਲੀ ਬਾਰਡਰਾਂ ਉੱਤੇ ਦਿਨ ਪ੍ਰਤੀ ਦਿਨ ਵਧ ਰਹੀ ਹੈ । ਬੇਸ਼ੱਕ ਔਰਤਾਂ ਹੀ ਸੰਘਰਸ਼ ਵਿਚ ਪਹਿਲੇ ਦਿਨ ਤੋਂ ਹੀ ਜੁੜੀਆਂ ਹੋਈਆਂ ਸਨ ਪਰ 26 ਜਨਵਰੀ ਤੋਂ ਬਾਅਦ ਕਿਸਾਨੀ ਸੰਘਰਸ਼ ਨੇ ਇਕ ਨਵਾਂ ਮੋੜ ਲਿਆ ਤੇ ਇਸ ਮੋੜ ਵਿੱਚ ਨੌਜਵਾਨ, ਬੱਚਿਆਂ ਅਤੇ ਔਰਤਾਂ ਦੀ ਹਿੱਸੇਦਾਰੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧ ਗਈ ਹੈ । ਔਰਤਾਂ ਦੀ ਵੱਧ ਰਹੀ ਇਸ ਹਿੱਸੇਦਾਰੀ ਨੂੰ ਵੇਖ ਕੇ ਸੰਸਾਰ ਭਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸਲਾਹਿਆ ਹੈ । ਔਰਤ ਨੇ ਹਰ ਖੇਤਰ ਵਿਚ ਨਾਮਣਾ ਖੱਟਿਆ ਹੈ। ਇਤਿਹਾਸ ਗਵਾਹ ਹੈ ਕਿ ਮਾਈ ਭਾਗੋ ਜਿਹੀਆਂ ਔਰਤਾਂ ਜੋ ਪੰਜਾਬ ਦੀ ਧਰਤੀ ਉੱਤੇ ਪੈਦਾ ਹੋਈਆਂ ਤੇ ਜਿਨਾਂ ਨੇ ਜ਼ੁਲਮ ਦਾ ਮੁਕਾਬਲਾ ਹੱਥ ਵਿੱਚ ਤਲਵਾਰ ਲੈ ਕੇ ਕੀਤਾ ਉੱਥੇ ਰਹਿੰਦੀਆਂ ਔਰਤਾਂ ਨੂੰ ਕਿਵੇਂ ਕੋਈ ਹਰਾ ਸਕਦਾ ਹੈ। ਔਰਤ ਦੀ ਇਸ ਬਹਾਦਰੀ ਨਾਲ ਹੀ ਉਸ ਦੀ ਆਪਣੀ ਇਕ ਅਲੱਗ ਪਹਿਚਾਣ ਬਣੀ ਹੈ ਜੋ ਸਮਾਜਿਕ ਦਾਇਰੇ ਵਿੱਚ ਰਹਿੰਦੀ ਹੋਈ ਵੀ ਆਪਣੇ ਆਪ ਸਵੈ ਮਾਣ ਦਾ ਕੰਮ ਕਰ ਰਹੀ ਹੈ। ਕਿਸਾਨੀ ਸੰਘਰਸ਼ ਵਿਚ ਮਾਈ ਭਾਗੋ ਦੀਆਂ ਵਾਰਸ ਕਹਾਉਣ ਵਾਲੀਆਂ ਔਰਤਾਂ ਵਲੋਂ ਦਿਨ ਪ੍ਰਤੀ ਦਿਨ ਨਵੇਂ ਦਿਸਹੱਦੇ ਕਾਇਮ ਕੀਤੇ ਜਾ ਰਹੇ ਹਨ। ਜਿਸ ਨਾਲ ਕਿਸਾਨੀ ਸੰਘਰਸ਼ ਨੂੰ ਬਲ ਮਿਲਿਆ ਅਤੇ ਉਨਾਂ ਵਲੋਂ ਪਾਏ ਹਰ ਯੋਗਦਾਨ ਨੂੰ ਸੁਨਹਿਰੇ ਪੰਨਿਆਂ ਵਿਚ ਲਿਖਿਆ ਜਾਵੇਗਾ।




jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# ਖੇਤੀ ਬਚਾਉਣੀ ਹੈ ਤਾਂ ਜ਼ਮੀਨ ਦੀ ਵੰਡ ਰੋਕਣੀ ਪਵੇਗੀ

**ਅੰਮ੍ਰਿਤ ਸਾਗਰ**

ਇਕ ਪਰਿਵਾਰ ਵਿਚ ਚਾਰ ਭੈਣ ਭਰਾ ਸਨ। ਸਭ ਤੋਂ ਵੱਡਾ ਭਰਾ ਦਸਵੀਂ ਪਾਸ ਕਰਨ ਸਾਰ ਹੀ ਪਿਓ ਦਾ ਹੱਥ ਵਟਾਉਣ ਲਈ ਖੇਤੀ ਕਰਨ ਲੱਗਾ। ਛੋਟੀ ਭੈਣ ਪੜ ਲਿਖ ਕੇ ਡਾਕਟਰ ਬਣ ਗਈ ਤੇ ਦੂਜੇ ਦੋ ਭਰਾ ਕੈਨੇਡਾ ਜਾ ਵਸੇ। ਕਰੀਬ ਵੀਹ ਸਾਲ ਬਾਅਦ ਕੈਨੇਡਾ ਰਹਿੰਦੇ ਭਰਾਵਾਂ ਨੇ ਆਪਣੇ ਹਿੱਸੇ ਦੀ ਜ਼ਮੀਨ ਵੇਚ ਦਿੱਤੀ। ਦਸ ਏਕੜ 'ਤੇ ਸਾਂਝੀ ਖੇਤੀ ਕਰਨ ਵਾਲਾ ਵੱਡਾ ਭਰਾ ਇਕ ਦਮ ਢਾਈ ਏਕੜ ਦਾ ਛੋਟਾ ਕਿਸਾਨ ਬਣ ਕੇ ਰਹਿ ਗਿਆ। ਆਪਣੇ ਪਿਓ ਨਾਲ ਮਿਲ ਕੇ ਸਿਰਤੋੜ ਮਿਹਨਤ ਕਰਕੇ, ਤਿੰਨੇ ਛੋਟੇ ਭੈਣ ਭਰਾਵਾਂ ਨੂੰ ਚੰਗੀ ਪੜਾਈ ਕਰਵਾਉਣ ਵਾਲਾ ਭਰਾ ਹੁਣ ਜ਼ਮੀਨ ਦੀ ਵੰਡ ਦੇ ਨਾਲ ਹੀ ਬਹੁਤ ਪਿੱਛੇ ਰਹਿ ਗਿਆ ਸੀ। ਖੇਤੀ ਦੇ ਨਾਲ-ਨਾਲ ਆਪਣੇ ਪਰਿਵਾਰ ਨੂੰ ਅੱਗੇ ਵਧਾਉਣ ਦੇ ਉਸ ਦੇ ਸੁਪਨੇ ਮਿੱਟੀ ਵਿਚ ਜਾ ਮਿਲੇ।

ਕਦੇ ਦਸ ਕਿੱਲਿਆਂ ਦੇ ਸਰਦਾਰ ਰਹੇ ਕਿਸਾਨ ਕੋਲ ਜਦੋਂ ਸਿਰਫ ਢਾਈ ਏਕੜ ਜ਼ਮੀਨ ਰਹਿ ਗਈ ਤਾਂ ਉਸ ਦੀ ਕਦਰ ਵੀ ਘਟਣ ਲੱਗੀ ਤੇ ਉਸ ਦੇ ਬੱਚਿਆਂ ਨੇ ਵੀ ਖੇਤੀ ਤੋਂ ਪਾਸਾ ਵੱਟ ਲਿਆ, ਕਿਉਂਕਿ ਉਨ੍ਹਾਂ ਨੂੰ ਖੇਤੀ ਵਿਚ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗ ਪਿਆ ਸੀ। ਆਮ ਤੌਰ 'ਤੇ ਡਾਕਟਰ ਦਾ ਪੁੱਤਰ ਡਾਕਟਰ ਬਣਦਾ ਹੈ ਤੇ ਇੰਜੀਨੀਅਰ ਦਾ ਪੁੱਤਰ ਇੰਜੀਨੀਅਰ, ਪ੍ਰੰਤੂ ਕਿਸਾਨ ਦਾ ਪੁੱਤਰ ਹੁਣ ਕਿਸਾਨ ਬਣਨ ਨੂੰ ਤਿਆਰ ਨਹੀਂ ਹੈ, ਪਰ ਕਿਉਂ ? ਕਿਉਂਕਿ ਭੂਮੀ ਦੀ ਵੰਡ ਤੋਂ ਬਾਅਦ ਵਿਰਾਸਤ ਵਿਚ ਮਿਲੀ ਦੋ ਢਾਈ ਏਕੜ ਜ਼ਮੀਨ ਤੋਂ ਉਸ ਦਾ ਗੁਜ਼ਾਰਾ ਔਖਾ ਹੋ ਗਿਆ ਹੈ ਤੇ ਉਸ ਨੂੰ ਲਗਦਾ ਹੈ ਕਿ ਉਹ ਬਹੁਤ ਪਿੱਛੇ ਰਹਿ ਜਾਵੇਗਾ। ਕਿਸਾਨ ਪੀੜੀ ਦਾ ਖੇਤੀ ਤੋਂ ਦੂਰ ਹੋਣ ਦਾ ਵੱਡਾ ਕਾਰਨ ਵਿਰਾਸਤੀ ਜ਼ਮੀਨ ਦਾ ਛੋਟੇ-ਛੋਟੇ ਟੁਕੜਿਆਂ ਵਿਚ ਵੰਡੇ ਜਾਣ ਦਾ ਡੰਗ ਹੀ ਹੈ। ਪੀੜੀ ਦਰ ਪੀੜੀ ਵੰਡਦੀ ਜਾ ਰਹੀ ਖੇਤੀ ਯੋਗ ਜ਼ਮੀਨ ਨੇ ਜਿੱਥੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਇਕ ਫ਼ੌਜ ਖੜੀ ਕਰ ਦਿੱਤੀ ਹੈ ਉੱਥੇ ਹੀ ਥੋੜੀ ਜਿਹੀ ਜ਼ਮੀਨ ਦੀ ਖੇਤੀ ਦੇ ਮਾਮੂਲੀ ਲਾਭ ਨੇ ਵੀ ਜਵਾਨ ਪੀੜੀ ਦਾ ਖੇਤੀ ਤੋਂ ਮੋਹ ਭੰਗ ਕਰ ਦਿੱਤਾ ਹੈ। ਹੁਣ ਇਨ੍ਹਾਂ ਨੂੰ ਕਿਸੇ ਸ਼ਹਿਰ ਵਿਚ ਜਾ ਕੇ ਘੱਟ ਤਨਖਾਹ 'ਤੇ ਛੋਟੀ-ਮੋਟੀ ਨੌਕਰੀ ਕਰਨਾ ਜਾਂ ਇਕ ਦੋ ਏਕੜ ਜ਼ਮੀਨ ਵੇਚ ਕੇ ਅਮਰੀਕਾ ਜਾਂ ਕੈਨੇਡਾ ਵਿਚ ਟਰੱਕ ਡਰਾਈਵਰੀ ਕਰਨਾ ਥੋੜੀ ਜ਼ਮੀਨ ਦੀ ਖੇਤੀ ਤੋਂ ਗੁਜ਼ਾਰਾ ਕਰਨ ਨਾਲੋਂ ਕਿਤੇ ਬਿਹਤਰ ਜਾਪਦਾ ਹੈ।

ਗ਼ੈਰ-ਸਰਕਾਰੀ ਸੰਸਥਾ 'ਪ੍ਰਥਮ' ਦੇ ਇਕ ਸਰਵੇਖਣ ਵਿਚ ਸਾਹਮਣੇ ਆਇਆ ਕਿ 'ਪੇਂਡੂ ਖੇਤਰਾਂ ਦੇ ਕਿਸਾਨ ਪਰਿਵਾਰਾਂ ਦੀ ਅਗਲੀ ਪੀੜੀ ਦੇ ਸਿਰਫ 1.2 ਫ਼ੀਸਦੀ ਲੜਕੇ ਹੀ ਕਿਸਾਨ ਬਣਨਾ ਚਾਹੁੰਦੇ ਹਨ ਜਦਾਂ ਕਿ 18 ਫ਼ੀਸਦੀ ਫੌਜੀ ਅਤੇ 12 ਫ਼ੀਸਦੀ ਇੰਜੀਨੀਅਰ ਬਣਨ ਨੂੰ ਤਰਜੀਹ ਦਿੰਦੇ ਹਨ। ਖੇਤੀ ਵਿਚ ਬਰਾਬਰ ਕੰਮ ਕਰਨ ਵਾਲੀਆਂ ਲੜਕੀਆਂ 'ਚੋਂ 25 ਫ਼ੀਸਦੀ ਅਧਿਆਪਕ ਬਣਨਾ ਚਾਹੁੰਦੀਆਂ ਹਨ।' 2011 ਦੀ ਜਨਗਣਨਾ ਮੁਤਾਬਿਕ ਦੇਸ਼ ਵਿਚ ਹਰ ਰੋਜ਼ ਕਰੀਬ 2000 ਕਿਸਾਨ ਖੇਤੀ ਤੋਂ ਤੋਬਾ ਕਰਦੇ ਹਨ। 'ਸੈਂਟਰ ਫ਼ਾਰ ਦਾ ਸਟੱਡੀ ਆਫ਼ ਡਿਵੈਲਪਿੰਗ ਸੋਸਾਈਟੀਜ਼' (ਸੀ.ਐਸ.ਡੀ.ਐਸ.) ਨੇ ਪੰਜਾਬ ਅਤੇ ਹਰਿਆਣਾ ਸਮੇਤ ਦੇਸ਼ ਦੇ 18 ਸੂਬਿਆਂ ਵਿਚ ਇਕ ਸਰਵੇਖਣ ਕਰਵਾਇਆ, ਜਿਸ ਵਿਚ ਵੇਖਿਆ ਗਿਆ ਹੈ ਕਿ '76 ਫ਼ੀਸਦੀ ਕਿਸਾਨ ਖੇਤੀ ਛੱਡ ਕੇ ਕੋਈ ਹੋਰ ਕੰਮ ਧੰਦਾ ਕਰਨਾ ਚਾਹੁੰਦੇ ਹਨ।' 'ਗਾਂਵ ਕਨੈਕਸ਼ਨ' ਨੇ ਆਪਣੇ ਸਰਵੇਖਣ ਰਾਹੀਂ ਦੱਸਿਆ ਕਿ '48 ਫ਼ੀਸਦੀ ਕਿਸਾਨ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਕਿਸਾਨ ਬਣਨ, ਜਦੋਂਕਿ 13.9 ਫ਼ੀਸਦੀ ਕਿਸਾਨ ਤਾਂ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਖੇਤੀ ਕਰਨ ਪਰ ਬੱਚੇ ਖੇਤੀ ਕਰਨਾ ਹੀ ਨਹੀਂ ਚਾਹੁੰਦੇ।'

ਕੇਂਦਰੀ ਖੇਤੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਦੀ 2015-16 ਦੀ ਖੇਤੀ ਜਨਗਣਨਾ ਮੁਤਾਬਕ ਜ਼ਮੀਨ ਵੰਡੀ ਜਾਣ ਕਾਰਨ ਹੀ ਦੇਸ਼ ਵਿਚ ਛੋਟੇ ਅਤੇ ਮਧੋਲੇ ਕਿਸਾਨਾਂ ਦੀ ਗਿਣਤੀ ਚਾਰ ਦਹਾਕਿਆਂ ਵਿਚ ਕਰੀਬ ਤਿੰਨ ਗੁਣਾ ਵਧੀ ਹੈ। 1971 ਵਿਚ ਇਕ ਹੈਕਟੇਅਰ ਤੋਂ ਘੱਟ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਦੀ ਸੰਖਿਆ 3.6 ਕਰੋੜ ਸੀ ਜੋ ਕਿ 2011 ਵਿਚ ਵਧ ਕੇ 9.30 ਕਰੋੜ ਤੱਕ ਜਾ ਅੱਪੜੀ। ਪੰਜਾਬ ਵਿਚ ਹੀ 75 ਫ਼ੀਸਦੀ ਕਿਸਾਨ 5 ਏਕੜ ਤੋਂ ਘੱਟ ਭੂਮੀ ਦੇ ਮਾਲਕ ਹਨ। ਘੱਟ ਵਾਹੀ ਕਰਨ ਵਾਲੇ ਕਿਸਾਨਾਂ ਲਈ ਮਹਿੰਗੇ ਤੇ ਉੱਨਤ ਮਸ਼ੀਨੀ ਸੰਦ, ਸਿੰਜਾਈ ਦੇ ਨਵੇਂ ਸਾਧਨ, ਮਹਿੰਗੀ ਖਾਦ ਅਤੇ ਚੰਗੇ ਬੀਜਾਂ ਵਰਗੇ ਸਾਧਨ ਅਪਨਾਉਣਾ ਨਾਮੁਮਕਿਨ ਲਗਦਾ ਹੈ। ਇਕ ਹੈਕਟਰ ਤੋਂ ਘੱਟ ਵਾਹੀ ਤੋਂ ਪੈਦਾ ਹੋਣ ਵਾਲਾ 80 ਫ਼ੀਸਦੀ ਅਨਾਜ ਤਾਂ ਪੰਜ ਮੈਂਬਰਾਂ ਵਾਲੇ ਪਰਿਵਾਰ, ਜਿਸ ਕੋਲ ਦੋ ਪਸ਼ੂ ਵੀ ਹਨ, ਵਿਚ ਉੱਝ ਹੀ ਖੱਪ ਜਾਂਦਾ ਹੈ। ਇਸ ਵਾਹੀ ਤੋਂ ਐਨਾ ਅਨਾਜ ਬਚਦਾ ਹੀ ਨਹੀਂ ਕਿ ਉਸ ਨੂੰ ਮੰਡੀ ਵਿਚ ਵੇਚ ਕੇ ਗੁਜ਼ਾਰੇ ਲਈ ਕੁਝ ਪੈਸਾ ਕਮਾਇਆ ਜਾ ਸਕੇ। ਇਸੇ ਕਾਰਨ ਅਜਿਹੇ ਕਿਸਾਨ ਵੱਡੇ ਜ਼ਿਮੀਦਾਰਾਂ ਦੇ ਖੇਤਾਂ ਵਿਚ ਖੇਤ ਮਜ਼ਦੂਰ ਬਣਨ ਲਈ ਮਜਬੂਰ ਹੁੰਦੇ ਹਨ।

**ਖੇਤੀ ਮਸਲਾ**

ਫਰਾਂਸ, ਇੰਗਲੈਂਡ ਅਤੇ ਸਪੇਨ ਵਰਗੇ ਵਿਕਸਿਤ ਦੇਸ਼ਾਂ ਵਰਗਾ ਪ੍ਰਾਈਮੋਜੇਨੀਚਰ (ਜੇਠੇ ਬੱਚੇ ਦੇ ਨਾਂਅ ਜ਼ਮੀਨ ਕਰਨ ਦਾ ਹੱਕ) ਵਰਗਾ ਕਾਨੂੰਨ ਇਥੇ ਵੀ ਹੋਣਾ ਚਾਹੀਦਾ ਹੈ ਤਾਂ ਜੋ ਵੰਡਣ ਦੀ ਬਜਾਏ ਪਰਿਵਾਰ ਦੀ ਭੂਮੀ ਸਭ ਤੋਂ ਵੱਡੇ (ਜੇਠੇ) ਬੱਚੇ, (ਬੇਟਾ ਜਾਂ ਬੇਟੀ) ਦੇ ਨਾਂ 'ਤੇ ਤਬਦੀਲ ਕੀਤੀ ਜਾ ਸਕੇ। ਉਨ੍ਹਾਂ ਦੇਸ਼ਾਂ ਵਿਚ ਇਹ ਕਾਨੂੰਨ ਹੈ ਕਿ ਕਿਸਾਨ ਪਰਿਵਾਰਾਂ ਵਿਚ ਪਿਤਾ ਤੋਂ ਬਾਅਦ ਸਾਰੀ ਜ਼ਮੀਨ ਦਾ ਮਾਲਿਕ ਜੇਠਾ ਬੱਚਾ ਹੀ ਹੁੰਦਾ ਹੈ ਤੇ ਵਿਰਾਸਤੀ ਭੂਮੀ ਉਸੇ ਦੇ ਨਾਂ 'ਤੇ ਤਬਦੀਲ ਹੁੰਦੀ ਹੈ। ਇਹੋ ਵਜ੍ਹਾ ਹੈ ਕਿ ਉੱਥੇ ਵਾਹੀ ਯੋਗ ਖੇਤਾਂ ਦੇ ਆਕਾਰ ਬਹੁਤ ਵੱਡੇ ਹੁੰਦੇ ਹਨ। ਇਹ ਅਧਿਕਾਰ ਜੇਠੇ ਬੱਚੇ ਕੋਲ ਹੀ ਰਹਿੰਦਾ ਹੈ ਕਿ ਉਹ ਕਦੋਂ ਤੇ ਕਿੰਨੀ ਜ਼ਮੀਨ ਆਪਣੇ ਛੋਟੇ ਭੈਣ ਭਰਾਵਾਂ ਨੂੰ ਦਿੰਦਾ ਹੈ ਜਾਂ ਫਿਰ ਸਾਰੀ ਹੀ ਜ਼ਮੀਨ ਆਪਣੇ ਕੋਲ ਰੱਖਦਾ ਹੈ। ਇਸ ਕਾਨੂੰਨੀ ਨਜ਼ਰੀਏ ਨੂੰ ਇੰਗਲੈਂਡ ਅਤੇ ਫਰਾਂਸ ਦੇ ਕਿਸਾਨ ਪਰਿਵਾਰਾਂ ਨੇ ਆਪਣੀ ਸੱਭਿਅਤਾ ਵਾਂਗ ਅਪਣਾਅ ਲਿਆ ਹੈ। ਇਸ ਦਾ ਇਕ ਲਾਭ ਇਹ ਵੀ ਹੋਇਆ ਕਿ ਵਿਰਾਸਤੀ ਜ਼ਮੀਨ ਹਾਸਿਲ ਕਰਨ ਵਾਲੇ ਜੇਠੇ ਬੱਚੇ ਤੋਂ ਛੋਟੇ ਬਾਕੀ ਸਭ, ਉੱਥੋਂ ਦੀ ਫ਼ੌਜ ਵਿਚ ਜਾਣ ਜਾਂ ਫਿਰ ਸਰਕਾਰੀ ਨੌਕਰੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਿਨ੍ਹਾਂ ਪਰਿਵਾਰਾਂ ਦੇ ਬੱਚੇ ਨਹੀਂ ਹੁੰਦੇ ਉੱਥੇ ਗੋਦ ਲਏ ਗਏ (ਮੁਤਬੰਨੇ) ਬੱਚੇ ਨੂੰ ਇਹ ਸਾਰੇ ਅਧਿਕਾਰ (ਪ੍ਰਾਈਮੋਜੇਨੀਚਰ) ਹਾਸਲ ਹੁੰਦੇ ਹਨ।

ਖੇਤੀਯੋਗ ਜ਼ਮੀਨ ਦੀ ਪੀੜੀ ਦਰ ਪੀੜੀ ਵੰਡ ਲਈ ਕੋਈ ਵਿਵਸਥਾ ਕਰਨੀ ਬੇਹੱਦ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਅੱਜ ਵੀ ਭਾਰਤ ਦੇ ਕੁਝ ਹਿੱਸਿਆਂ ਵਿਚ ਅਜਿਹੇ ਪਰਿਵਾਰ ਹਨ ਜਿਨ੍ਹਾਂ ਕੋਲ ਅੱਜ ਵੀ ਓਨੀ ਹੀ ਜ਼ਮੀਨ ਹੈ ਜਿੰਨੀ ਉਨ੍ਹਾਂ ਦੇ ਚਾਰ ਜਾਂ ਪੰਜ ਪੀੜੀਆਂ ਪਹਿਲਾਂ ਵਾਲੇ ਪਰਿਵਾਰ ਕੋਲ ਸੀ। ਇਕ ਤਾਂ ਪਹਾੜੀ ਇਲਾਕਿਆਂ ਵਿਚ ਵਾਹੀ ਯੋਗ ਜ਼ਮੀਨ ਘੱਟ ਹੀ ਹੁੰਦੀ ਹੈ, ਜੇਕਰ ਉਹ ਵੀ ਵੰਡ ਦਿੱਤੀ ਜਾਵੇ ਤਾਂ ਫਿਰ ਹਰ ਪਰਿਵਾਰ ਕੋਲ ਵਾਹੀ ਯੋਗ ਖੇਤ ਨਹੀਂ, ਬਲਕਿ ਕੁਝ ਕੁ ਸਿਆੜ ਹੀ ਰਹਿ ਜਾਣਗੇ।

ਵਾਹੀ ਲਈ ਜ਼ਮੀਨ ਜਿੰਨੀ ਜ਼ਿਆਦਾ ਹੋਵੇਗੀ ਓਨੀ ਹੀ ਉੱਨਤ ਖੇਤੀ ਹੋ ਸਕੇਗੀ ਤੇ ਇਸ ਨੂੰ ਲੰਮੇ ਸਮੇਂ ਲਈ, ਕਿਫ਼ਾਇਤੀ ਲਾਗਤ ਨਾਲ ਫਾਇਦੇਮੰਦ ਸੌਦਾ ਬਣਾਇਆ ਜਾ ਸਕੇਗਾ। ਖੇਤੀ ਨਾਲ ਕਿਸਾਨਾਂ ਦੀ ਆਮਦਨੀ ਵਧਾਉਣ ਦੀ ਦਿਸ਼ਾ ਵੱਲ ਜਿੱਥੇ ਇਹ ਇਕ ਸਾਰਥਕ ਅਤੇ ਅਰਥਪੂਰਨ ਕਦਮ ਹੋਵੇਗਾ ਉੱਥੇ ਹੀ, ਪਿੰਡਾਂ ਦੇ ਪਰਿਵਾਰਾਂ ਨੂੰ ਆਪਣੀਆਂ ਜੜਾਂ ਨਾਲ ਜੋੜਨ ਦੀ ਸੱਭਿਅਤਾ ਤੋਂ ਕੋਹਾਂ ਦੂਰ ਸ਼ਹਿਰਾਂ ਵੱਲ ਭੱਜੀ ਜਾਂਦੀ ਭੀੜ ਨੂੰ ਠੱਲ ਪਾਉਣ ਵਿਚ ਵੀ ਮਦਦ ਮਿਲੇਗੀ। ਖੇਤੀ ਨੂੰ ਕਿਸਾਨ ਇਕ ਚੰਗੇ ਕਿੱਤੇ ਦੇ ਰੂਪ ਵਿਚ ਅਪਣਾਉਣ ਤਾਂ ਜੋ ਖੇਤੀ ਤੋਂ ਬੇਮੁੱਖ ਹੁੰਦੀ ਜਾ ਰਹੀ ਉਨ੍ਹਾਂ ਦੀ ਅਗਲੀ ਪੀੜੀ ਵੀ ਉੱਨਤ ਖੇਤੀ ਵੱਲ ਆਕਰਸ਼ਤ ਹੋ ਸਕੇ।

***(ਲੇਖਕ ਕੈਬਨਿਟ ਮੰਤਰੀ ਰੈਂਕ ਵਿਚ ਪੰਜਾਬ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ, ਐਸੋਚੈਮ ਨਾਰਦਰਨ ਕੌਂਸਲ ਦੇ ਚੇਅਰਮੈਨ ਅਤੇ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਹਨ)**

# ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਬਨਾਮ ਸਰਕਾਰੀ ਅਦਾਰੇ ਦਾ ਖਾਤਮਾ

**ਮਨਜਿੰਦਰ ਤਿਉਣਾ ਪੁਜਾਰੀਆਂ, ਬਠਿੰਡਾ।**

ਪੰਜਾਬ ਵਿੱਚ ਪੁਰਾਣੇ ਸਮਿਆਂ ਤੋਂ ਹੀ, ਪੰਜਾਬ ਦੀਆਂ ਤਤਕਾਲੀ ਸਰਕਾਰਾਂ ਵੱਲੋਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ। ਅੱਧੀ ਸਦੀ ਪਹਿਲਾਂ ਪੰਜਾਬ ਵਿੱਚ ਗੀਤ ਕਿਸੇ ਗੀਤਕਾਰ ਵੱਲੋਂ ਰਚਿਆ ਗਿਆ ਸੀ 'ਆ ਗਈ ਰੋਡਵੇਜ ਦੀ ਲਾਰੀ ਨਾ ਕੋਈ ਸੀਸ਼ਾਂ ਨਾ ਕੋਈ ਬਾਰੀ'। ਇਸ ਗੀਤ ਰਚਣ ਵਾਲੇ ਗੀਤਕਾਰ ਨੇ ਨਾ ਕੇਵਲ ਪੰਜਾਬ ਦੀ ਸਰਕਾਰੀ ਬੱਸਾਂ ਦੀ ਦੁਰਦਸ਼ਾ ਨੂੰ ਸ਼ਬਦ ਚਿੱਤਰਾਂ ਨਾਲ ਬਿਆਨ ਕੀਤਾ ਸੀ ਸਗੋਂ ਵਿਭਾਗ ਵਿੱਚ ਅਧਿਕਾਰੀਆਂ ਵੱਲੋਂ ਕੀਤੇ ਜਾਂਦੀ ਦਖ਼ਲਅੰਦਾਜੀ ਨੂੰ ਵੀ ਬਿਆਨ ਕਰ ਦਿੱਤਾ। ਇਸ ਅਦਾਰੇ ਨਾਲ ਜੁੜੇ ਹੋਏ ਲੋਕ ਜਾਣਦੇ ਹਨ ਕਿ ਇਹ ਗੀਤ ਬਿਲਕੁਲ ਅਸਲੀਅਤ ਬਿਆਨ ਕਰਦਾ ਆ ਰਿਹਾ ਹੈ। ਪੰਜਾਬ ਦੀ ਸੂਬਾਈ ਸਰਕਾਰ ਵੱਲੋਂ 1 ਅਪ੍ਰੈਲ 2021 ਤੋਂ ਔਰਤਾਂ ਲਈ ਪੰਜਾਬ ਸੂਬੇ ਵਿੱਚ ਮੁਫ਼ਤ ਬੱਸ ਸਹੂਲਤ ਦੇ ਦਿੱਤੀ ਹੈ। ਇਹ ਸਹੂਲਤ ਦੇ ਕੇ ਪੰਜਾਬ ਵਿੱਚ ਰਾਜ ਕਰ ਰਹੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਵਿੱਚ ਆ ਰਹੀਆਂ ਵੋਟਾਂ ਲਈ, ਇੱਕ ਵੱਡਾ ਵੋਟ ਬੈਂਕ ਤਿਆਰ ਕਰ ਲਿਆ ਹੈ। ਦੂਜਾ ਨਿੱਜੀ ਬੱਸ ਮਾਲਕਾਂ ਨੂੰ ਭਵਿੱਖ ਲਈ ਇੱਕ ਵੱਡਾ ਫ਼ਾਇਦਾ ਦੇ ਦਿੱਤਾ ਹੈ। ਇਸ ਸਰਕਾਰੀ ਫੈਸਲੇ ਨੇ ਇੱਕ ਹੋਰ ਸਰਕਾਰੀ ਅਦਾਰੇ ਨੂੰ ਖ਼ਤਮ ਕਰਨ ਦੀ ਨੀਤੀ ਉਪਰ ਵੀ ਮੋਹਰ ਲਗਾ ਦਿੱਤੀ ਹੈ।

31 ਮਾਰਚ 2021 ਨੂੰ ਪੰਜਾਬ ਰੋਡਵੇਜ਼ ਦੇ ਉਚ ਅਧਿਕਾਰੀਆਂ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਔਰਤਾਂ ਦੇ ਮੁਫ਼ਤ ਸਫ਼ਰ ਸਬੰਧੀ ਜੋ ਸਰਕਾਰੀ ਹੁਕਮਾਂ ਕਾਰਨ ਫੈਸਲਾ ਲਿਆ ਗਿਆ, ਫੈਸਲਾ ਪੰਜਾਬ ਦੀਆਂ ਸੜਕਾਂ ਉਪਰ ਆਟੇ ਵਿੱਚ ਲੂਣ ਸਮਾਨ ਨਜ਼ਰ ਆਉਣ ਵਾਲੀਆਂ ਬੱਸਾਂ ਨੂੰ ਖੁੱਡੇ ਲਾਈਨ ਲਗਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ। ਔਰਤਾਂ ਨੂੰ ਪੰਜਾਬ ਦੀਆਂ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਹੂਲਤ ਦੇ ਕੇ ਪੰਜਾਬ ਸਰਕਾਰ ਇੱਕ ਤੀਰ ਨਾਲ ਦੋ ਨਿਸ਼ਾਨੇ ਲਗਾਏਗੀ। ਪਹਿਲਾ ਪੰਜਾਬ ਵਿੱਚ ਹੋਣ ਵਾਲੀਆਂ ਲਈ ਆਪਣਾ ਔਰਤਾਂ ਦਾ ਵੋਟ ਬੈਂਕ ਪੱਕਾ ਕਰਨਾ। ਦੂਜਾ ਸੜਕਾਂ ਉਪਰ ਕਾਬਜ ਨਿੱਜੀ ਟਰਾਂਸਪੋਰਟਰਾਂ ਨੂੰ ਭਵਿੱਖ ਵਿੱਚ ਸਰਕਾਰੀ ਬੱਸਾਂ ਨੂੰ ਘਾਟੇ ਵਿੱਚ ਵਿਖਾ ਕੇ ਸੜਕਾਂ ਤੋਂ ਉਤਾਰਨਾ। ਸਰਕਾਰੀ ਹੁਕਮ ਅਨੁਸਾਰ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਲਈ ਪੰਜਾਬ ਦਾ ਵਸਨੀਕ ਹੋਣ ਦਾ ਸਬੂਤ ਹੋਣਾ ਜਰੂਰੀ ਹੈ। ਇਸ ਸਬੰਧੀ ਅਧਾਰ ਕਾਰਡ, ਵੋਟਰ ਕਾਰਡ ਅਤੇ ਡਰਾਈਵਿੰਗ ਲਾਇਸੰਸ ਵੀ ਕੰਮ ਕਰ ਸਕਦਾ ਹੈ। ਇਸ ਪੱਤਰ ਦੇ ਨਾਲ ਹੀ ਇੱਕ ਹੋਰ ਮੱਦ ਦਰਜ ਕੀਤੀ ਹੈ ਕਿ ਇਹ ਸਹੂਲਤ ਕੇਵਲ ਪੰਜਾਬ ਸੂਬੇ ਵਿੱਚ ਹੀ ਲਾਗੂ ਹੋਵੇਗੀ। ਪੰਜਾਬ ਤੋਂ ਬਾਹਰ ਕੇਂਦਰ ਸ਼ਾਸਤ ਪ੍ਰਦੇਸ਼ਾਂ, ਦੂਸਰੇ ਰਾਜਾਂ ਵਿੱਚ ਪੂਰੀ ਟਿਕਟ ਕੱਟੀ ਜਾਵੇਗੀ। ਇਸ ਸਮੇਂ ਸੂਬੇ ਅੰਦਰ ਕਰੀਬ 90 ਪ੍ਰਤੀਸ਼ਤ ਰਾਜਸੀ ਲੋਕਾਂ ਦੀਆਂ ਬੱਸਾਂ ਲਾਭਕਾਰੀ ਰੂਟਾਂ ਉਪਰ ਕਾਬਜ ਹਨ। ਪੰਜਾਬ ਦੇ ਬੱਸ ਅੱਡਿਆਂ ਵਿੱਚ ਦਸ ਬੱਸਾਂ ਪਿੱਛੇ ਇੱਕ ਸਰਕਾਰੀ ਬੱਸ ਚੱਲਦੀ ਹੈ। ਉਨ੍ਹਾਂ ਬੱਸਾਂ ਵਿੱਚ, ਨਿੱਜੀ ਬੱਸਾਂ ਦੇ ਕਰਿੰਦੇ ਬੇਨਾਮ ਗੁੰਡੇ ਬਹੁਗਿਣਤੀ ਸਰਕਾਰੀ ਕਰਮਚਾਰੀਆਂ ਦੀ ਮਿਲੀਭੁਗਤ ਅਤੇ ਵੱਖ-ਵੱਖ ਤਰੀਕੇ ਵਰਤ ਕੇ, ਸਵਾਰੀਆਂ ਨੂੰ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਤੋਂ ਵਰਜਦੇ ਹਨ। ਜਦੋਂ ਸਰਕਾਰੀ ਬੱਸਾਂ, ਬੱਸ ਅੱਡਿਆਂ ਤੋਂ ਸੜਕਾਂ ਉਪਰ ਚੜਦੀਆਂ ਹਨ ਤਾਂ ਅੱਧੀਆਂ ਤੋਂ ਵੱਧ ਸੀਟਾਂ ਖਾਲੀ ਹੁੰਦੀਆਂ ਹਨ। ਬਹੁਗਿਣਤੀ ਸਰਕਾਰੀ ਡਰਾਇਵਰ ਕੰਡਕਟਰ ਦਾ ਸਰਕਾਰੀ ਬੱਸਾਂ ਵਿੱਚ ਸਵਾਰੀਆਂ ਨਾ ਚੜਨ ਦੇਣਾ, ਇਨ੍ਹਾਂ ਦਾ ਮਨਸੂਬਾ ਵੀ ਹੁੰਦਾ ਹੈ। ਜਦੋਂਕਿ ਨਿੱਜੀ ਬੱਸਾਂ ਵਾਲੇ ਪੰਜ ਪੰਜ ਕਿਲੋਮੀਟਰ ਵਾਲੀ ਸਵਾਰੀ ਨੂੰ ਵੀ ਬੱਸ ਵਿੱਚ ਚੜਾਉਣ ਤੋਂ ਗੁਰੇਜ਼ ਨਹੀਂ ਕਰਦੇ। ਕੁਝ ਸਰਕਾਰੀ ਬੱਸਾਂ ਵਾਲੇ ਕਿਥੋਂ ਕਿੱਥੇ ਜਾਣ ਵਾਲਾ ਬੋਰਡ ਹੀ ਜਾਣਬੁੱਝ ਕੇ ਨਹੀਂ ਲਗਾਉਂਦੇ ਹਨ, ਜਿਸ ਕਾਰਨ ਬਹੁਗਿਣਤੀ ਸਵਾਰੀਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਬੱਸ ਕਿੱਥੇ ਜਾਵੇਗੀ। ਨਿੱਜੀ ਬੱਸਾਂ ਵਾਲਿਆਂ ਦਾ ਇੱਕ ਵੱਡਾ ਗੈਂਗ ਬਣ ਚੁੱਕਾ ਹੈ। ਇਹ ਹਰ ਸ਼ਹਿਰ ਕਸਬੇ ਵਿੱਚ ਨਾਕੇ ਲਗਾ ਕੇ, ਪੰਜ ਪੰਜ ਕਿਲੋਮੀਟਰ ਦੂਰੀ 'ਤੇ ਖੜ ਜਾਂਦਾ ਹੈ। ਇਸ ਗੈਂਗ ਦੇ ਲੋਕ ਬਾਈਪਾਸਾਂ, ਚੌਕਾਂ ਅਤੇ ਹੋਰ ਮਹੱਤਵਪੂਰਨ ਚੌਕਾਂ ਵਿੱਚ, ਸਵਾਰੀਆਂ ਨੂੰ ਇਹ ਕਹਿ ਕੇ ਉਤਾਰ ਲੈਂਦੇ ਹਨ ਕਿ ਫ਼ਲਾਣੇ ਪਾਸੇ ਵਾਲੀ ਬੱਸ ਦੋ ਮਿੰਟਾਂ ਵਿੱਚ ਆ ਰਹੀ ਹੈ। ਉਸ ਬੱਸ ਤੋਂ ਬਾਅਦ ਅੱਧੇ ਘੰਟੇ ਬਾਅਦ ਬੱਸ ਅੱਡੇ ਤੋਂ ਦੂਜੀ ਬੱਸ ਚੱਲੇਗੀ। ਜਿਸ ਕਾਰਨ, ਬਹੁਗਿਣਤੀ ਸਵਾਰੀਆਂ ਬੱਸਾਂ ਵਿੱਚੋਂ ਉਤਰ ਜਾਂਦੀਆਂ ਹਨ। ਸ਼ਹਿਰ ਕਸਬੇ ਦੇ ਬੱਸ ਅੱਡੇ ਵਿੱਚ ਪਹੁੰਚਣ 'ਤੇ ਸਰਕਾਰੀ ਬੱਸ ਵਿੱਚ ਬਹੁਤ ਘੱਟ ਸਵਾਰੀਆਂ ਰਹਿ ਜਾਂਦੀਆਂ ਹਨ। ਇਸ ਗੈਂਗ ਦੇ ਮੈਂਬਰ ਬਹੁਗਿਣਤੀ ਸਰਕਾਰੀ ਬੱਸਾਂ ਦੇ ਕੰਡਾਕਟਰ ਨੂੰ ਵੀ ਸੌ-ਪੰਜਾਹ ਰੁਪਏ ਦੇ ਦਿੰਦੇ ਹਨ। ਜਿਸ ਕਾਰਨ, ਉਹ ਵੀ ਆਪਣੀ ਬੱਸ ਵਿੱਚੋਂ ਸਵਾਰੀਆਂ ਉਤਾਰ ਦਿੰਦੇ ਹਨ। ਡਰਾਇਵਰੀ ਭਾਸ਼ਾ ਵਿੱਚ ਇਸ ਨੂੰ ਕਰਾਸ ਲੈਣਾ ਕਹਿੰਦੇ ਹਨ। ਸਰਕਾਰੀ ਬੱਸਾਂ ਵਿੱਚ ਲਿਖੇ ਉਚ ਅਧਿਕਾਰੀਆਂ ਦੇ ਨੰਬਰਾਂ ਵਿੱਚੋਂ ਇੱਕ ਨੰਬਰ 'ਤੇ ਕਾਲਾ ਰੰਗ ਲਗਾ ਕੇ, ਉਹ ਬੇਅਸਰ ਕਰ ਦਿੱਤਾ ਜਾਂਦਾ ਹੈ। ਸਰਕਾਰੀ ਬੱਸਾਂ ਵਿੱਚ ਸਵਾਰ ਹੋਣ ਵਾਲੀ ਸਵਾਰੀ ਨਾਲ ਬਹੁਗਿਣਤੀ ਡਰਾਇਵਰ ਕੰਡਕਟਰ ਅਜਿਹਾ ਵਿਵਹਾਰ ਕਰਦੇ ਹਨ ਜਿਸ ਤੋਂ ਸਵਾਰੀ ਮਹਿਸੂਸ ਕਰਦੀ ਹੈ ਕਿ ਸਰਕਾਰੀ ਬੱਸ ਵਿੱਚ ਸਵਾਰ ਹੋ ਕੇ ਸ਼ਾਇਦ ਉਨ੍ਹਾਂ ਨੇ ਕੋਈ ਗਲਤੀ ਕਰ ਲਈ ਹੈ।

ਜੇ ਸਰਕਾਰੀ ਬੱਸਾਂ, ਅੱਡਿਆਂ ਦੇ ਕਾਊਂਟਰ ਉਪਰ ਪੂਰਾ ਸਮਾਂ ਖੜਨ ਲੱਗ ਜਾਣ ਅਤੇ ਨਿੱਜੀ ਬੱਸਾਂ ਵਾਲਿਆਂ ਦੀ ਪਕੜ ਅੱਡਿਆਂ ਵਿੱਚੋਂ ਖ਼ਤਮ ਹੋ ਜਾਵੇ, ਪਿੰਡਾਂ ਦੇ ਛੋਟੇ ਸਟਾਪਾਂ ਤੋਂ ਸਰਕਾਰੀ ਬੱਸਾਂ ਸਵਾਰੀਆਂ ਨੂੰ ਉਤਾਰਨ, ਚੜਾਉਣ ਲੱਗ ਪੈਣ, ਬੱਸ ਦੇ ਅੱਗੇ ਲੱਗੇ ਬੋਰਡਾਂ ਵਿੱਚ ਛੋਟੇ ਛੋਟੇ ਪਿੰਡਾਂ ਦੇ ਨਾਮ ਵੀ ਲਿਖ਼ ਲਿਆ ਕਰਨ ਅਤੇ ਬੱਸਾਂ ਛੋਟੇ ਪਿੰਡਾਂ ਵਿੱਚ ਵੀ ਖੜਨੀਆਂ ਯਕੀਨੀ ਬਣਨ, ਨਿੱਜੀ ਬੱਸਾਂ ਨੂੰ ਕਰਾਸ ਦੇਣ ਦੀ ਥਾਂ ਸਰਕਾਰੀ ਬੱਸਾਂ, ਬੱਸ ਅੱਡਿਆਂ ਵਿੱਚ ਹੀ ਸਰਕਾਰੀ ਬੱਸਾਂ ਨੂੰ ਸਵਾਰੀਆਂ ਦੇਣ ਲੱਗ ਜਾਣ ਤਾਂ ਸਰਕਾਰੀ ਬੱਸਾਂ ਵੀ ਨਿੱਜੀ ਬੱਸਾਂ ਵਾਂਗ ਪੈਪਸੂ ਅਤੇ ਸਰਕਾਰੀ ਅਦਾਰਾ ਪੀ.ਆਰ. ਟੀ.ਸੀ. ਮੋਟੀ ਕਮਾਈ ਕਰਨ ਲੱਗ ਸਕਦੀਆਂ ਹਨ। ਪਰ ਪੰਜਾਬ ਸਰਕਾਰ ਵੱਲੋਂ ਕੀਤੇ ਤਾਜ਼ਾ ਐਲਾਨ ਕਾਰਨ ਪੰਜਾਬ ਦੀਆਂ ਸਰਕਾਰੀ ਬੱਸਾਂ ਜੋ ਆਪਣੇ ਤੇਲ ਦਾ ਕੁਝ ਖ਼ਰਚਾ ਕੱਢਦੀਆਂ ਸਨ, ਉਹ ਵੀ ਨਿਕਲਣਾ ਬੰਦ ਹੋ ਜਾਵੇਗਾ। ਪੰਜਾਬ ਸਰਕਾਰ ਦਾ ਇਹ ਅਦਾਰਾ ਵੀ ਜਲਦ ਹੀ ਖ਼ਤਮ ਹੋ ਜਾਵੇਗਾ। ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਨੂੰ ਦਿੱਤੀ ਮੁਫ਼ਤ ਬੱਸ ਸਹੂਲਤ ਨੂੰ ਪੰਜਾਬ ਦੀਆਂ ਸੜਕਾਂ ਉਪਰ ਚੱਲਣ ਵਾਲੀਆਂ ਸਾਰੀਆਂ ਬੱਸਾਂ ਉਪਰ ਲਾਗੂ ਕਰੇ। ਅਜਿਹਾ ਹੋਣ ਕਾਰਨ ਨਾ ਕੇਵਲ ਸਰਕਾਰੀ ਬੱਸਾਂ ਵਿੱਚ ਮੁਫ਼ਤਖੋਰਾਂ ਦੀ ਗਿਣਤੀ ਘਟੇਗੀ, ਸਗੋਂ ਔਰਤਾਂ ਨੂੰ ਵੀ ਅੱਡਿਆਂ ਉਪਰ ਸਰਕਾਰੀ ਬੱਸਾਂ ਦੀ ਘੰਟਿਆਂਬੱਧੀ ਉਡੀਕ ਕਰਨ ਤੋਂ ਰਾਹਤ ਮਿਲੇਗੀ।


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE 916-513-8094




Put my knowledge, Service, experience and professionalism to work for you.



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਅਨੰਦਪੁਰ ਸਾਹਿਬ ਅਤੇ ਨਾਲ ਲੱਗਦੇ ਇਤਿਹਾਸਕ ਗੁਰੂਦੁਆਰੇ

ਸਿੱਖ ਵਿਰਾਸਤ

**ਮਾਸਟਰ ਮਲਕੀਤ ਸਿੰਘ**

1. ਤਖ਼ਤ ਸ੍ਰੀ ਕੇਸਗੜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) : ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1757 ਚੇਤ ਸੁਦੀ 1 ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਸੀ। ਇਸੇ ਅਸਥਾਨ ’ਤੇ ਗੁਰੂ ਜੀ ਨੇ 1756 ਬਿਕਰਮੀ ਮੁਤਾਬਕ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਹ ਗੁਰੂ ਕੀ ਨਗਰੀ ਚੰਡੀਗੜ ਤੋਂ 97 ਕਿਲੋਮੀਟਰ, ਰੋਪੜ ਤੋਂ 45, ਨੰਗਲ ਤੋਂ 20 ਕਿਲੋਮੀਟਰ ਦੀ ਦੂਰੀ ’ਤੇ ਸੁਸ਼ੋਭਿਤ ਹੈ। ਕੀਰਤਪੁਰ ਸਾਹਿਬ ਇਥੋਂ ਸਿਰਫ਼ 10 ਕਿਲੋਮੀਟਰ ਰੋਪੜ ਨੂੰ ਜਾਂਦਿਆਂ ਆਉਂਦਾ ਹੈ।

2. ਗੁਰਦੁਆਰਾ ਗੁਰੂ ਕੇ ਮਹਿਲ : ਇਹ ਅਸਥਾਨ 1665 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਰਹਿਣ ਲਈ ਉਸਾਰਿਆ ਸੀ। ਇਥੇ ਹੀ ਮਾਤਾ ਨਾਨਕੀ (ਮਾਤਾ ਸ੍ਰੀ ਗੁਰੂ ਤੇਗ ਬਹਾਦਰ ਜੀ), ਮਾਤਾ ਗੁਜਰੀ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਜੀਤ ਕੌਰ, ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ, ਚਾਰੇ ਸਾਹਿਬਜ਼ਾਦੇ ਰਹੇ ਸਨ।

3. ਗੁਰਦੁਆਰਾ ਭੋਰਾ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਥੇ ਇਕ ਭੋਰਾ ਬਣਵਾਇਆ ਹੋਇਆ ਸੀ, ਜਿਥੇ ਬੈਠ ਕੇ ਗੁਰੂ ਜੀ ਬੰਦਗੀ ਕਰਿਆ ਕਰਦੇ ਸਨ।

4. ਗੁਰਦੁਆਰਾ ਮੰਜੀ ਸਾਹਿਬ : ਇਹ ਅਸਥਾਨ ਗੁਰੂ ਕੇ ਮਹਿਲ ਦਾ ਇਕ ਹਿੱਸਾ ਹੈ, ਇਸ ਅਸਥਾਨ ’ਤੇ ਗੁਰੂ ਜੀ ਦੀਵਾਨ ਸਜਾਇਆ ਕਰਦੇ ਸਨ, ਇਸੇ ਅਸਥਾਨ ’ਤੇ 1675 ਨੂੰ ਗੁਰੂ ਜੀ ਪਾਸ, ਪੰਡਿਤ ਕਿਰਪਾ ਰਾਮ ਅਤੇ ਹੋਰ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਆਏ ਸਨ।

5. ਗੁਰਦੁਆਰਾ ਦਮਦਮਾ ਸਾਹਿਬ : ਇਹ ਅਸਥਾਨ ਵੀ ਗੁਰੂ ਕੇ ਮਹਿਲ ਦਾ ਇਕ ਹਿੱਸਾ ਹੈ, ਇਸ ਅਸਥਾਨ ’ਤੇ ਗੁਰੂ ਤੇਗ ਬਹਾਦਰ ਜੀ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਸੀ। ਇਸ ਅਸਥਾਨ ’ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦਿੱਤੀ ਗਈ ਸੀ, ਇਥੇ ਹੀ 1698 ਵਿਚ ਮਸੰਦਾਂ ਦੀ ਪਰਖ ਹੋਈ ਸੀ ਅਤੇ ਮੁਜ਼ਰਿਮ ਮਸੰਦਾਂ ਨੂੰ ਸਜ਼ਾ ਦਿੱਤੀ ਸੀ।

6. ਗੁਰਦੁਆਰਾ ਸੀਸ ਗੰਜ ਸਾਹਿਬ : ਇਸ ਪਵਿੱਤਰ ਅਸਥਾਨ ’ਤੇ 17 ਨਵੰਬਰ 1675 ਦੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ ਅਤੇ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਭਾਈ ਗੁਰਬਖ਼ਸ਼ ਦਾਸ ਉਦਾਸੀ ਨੂੰ ਇਥੋਂ ਦੀ ਸੇਵਾ ਸੰਭਾਲੀ ਸੀ।

7. ਗੁਰਦੁਆਰਾ ਅਕਾਲ ਬੁੰਗਾ ਸਾਹਿਬ : ਗੁਰੂ ਤੇਗ ਬਹਾਦਰ ਜੀ ਦੇ ਸੀਸ ਦੇ ਸਸਕਾਰ ਤੋਂ ਬਾਅਦ ਗੁਰੂ ਜੀ ਨੇ ਇਥੇ ਹਾਜ਼ਰ ਸੰਗਤਾਂ ਨੂੰ ਭਾਣਾ ਮੰਨਣ, ਧਰਮ ਦੀ ਰੱਖਿਆ ਅਤੇ ਜ਼ੁਲਮ ਦੇ ਟਾਕਰੇ ਲਈ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ ਸੀ।

8. ਗੁਰਦੁਆਰਾ ਦੁਮਾਲਗੜ ਸਾਹਿਬ : ਇਹ ਅਸਥਾਨ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਬਿਲਕੁਲ ਨਜ਼ਦੀਕ ਹੈ। ਇਥੇ ਗੁਰੂ ਜੀ, ਸਾਹਿਬਜ਼ਾਦਿਆਂ ਨੂੰ ਖੇਡਾਂ, ਤਲਵਾਰਬਾਜ਼ੀ, ਕਸਰਤ ਕਰਵਾਉਂਦੇ, ਦੁਮਾਲਾ ਸਜਾਉਣ ਦੀ ਸਿੱਖਿਆ ਦਿੰਦੇ ਸਨ।

9. ਗੁਰਦੁਆਰਾ ਸ਼ਹੀਦੀ ਬਾਗ਼ : ਇਹ ਅਸਥਾਨ ਕਿਲਾ ਅਨੰਦਗੜ ਦੇ ਸਾਹਮਣੇ, ਪਿੰਡ ਲੋਦੀਪੁਰ ਵਿਚ ਆਉਂਦਾ ਹੈ, ਜਿਥੇ ਸ੍ਰੀ ਅਨੰਦਪੁਰ ਸਾਹਿਬ ਦੇ ਲੰਮੇ ਘੇਰੇ ਸਮੇਂ ਕਈ ਸਿੰਘ ਸ਼ਹੀਦ ਹੋਏ ਸਨ। ਜੋ ਸ਼ਹੀਦੀ ਬਾਗ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

10. ਗੁਰਦੁਆਰਾ ਮਾਤਾ ਜੀਤ ਕੌਰ ਜੀ : ਇਸ ਅਸਥਾਨ ’ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਮਹਿਲ ਮਾਤਾ ਜੀਤ ਕੌਰ ਜੀ ਦਾ ਸਸਕਾਰ ਚੜਾਈ ਕਰ ਜਾਣ ਉਪਰੰਤ 5 ਦਸੰਬਰ 1700 ਨੂੰ ਕੀਤਾ ਗਿਆ ਸੀ। ਇਹ ਪਿੰਡ ਅਗੰਮਪੁਰ ਵਿਚ ਪੈਂਦਾ ਹੈ।

**ਗੁਰੂ ਜੀ ਵਲੋਂ ਉਸਾਰੇ ਗਏ ਕਿਲੇ**

1. ਕੇਸਗੜ ਸਾਹਿਬ : ਕੇਸਗੜ ਸਾਹਿਬ, ਸਿੱਖ ਪੰਥ ਦਾ ਤਖ਼ਤ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦਾ ਸਭ ਤੋਂ ਵੱਧ ਅਹਿਮ ਅਸਥਾਨ ਹੈ। ਇਹ ਇਕ ਉੱਚੀ ਪਹਾੜੀ ’ਤੇ ਬਣਿਆ ਖ਼ਾਲਸਾ ਪ੍ਰਗਟ ਕਰਨ ਵਾਲਾ ਗੁਰੂ ਜੀ ਦਾ ਕਿਲਾ ਵੀ ਸੀ। ਇਸ ਵਿਚ ਦੁਸ਼ਮਣ ਫ਼ੌਜਾਂ ਨੂੰ ਪਹੁੰਚਣ ਤੋਂ ਪਹਿਲਾਂ ਗੁਰੂ ਜੀ ਵਲੋਂ ਬਣਾਏ ਦੂਜੇ ਕਿਲਿਆਂ ਨੂੰ ਸਰ ਕਰਨਾ ਪੈਂਦਾ ਸੀ।



2. ਕਿਲਾ ਅਨੰਦਗੜ ਸਾਹਿਬ : ਇਸ ਕਿਲੇ ਦੀ ਪੁਰਾਣੀ ਇਮਾਰਤ ਨੂੰ ਅਜਮੇਰ ਚੰਦ ਦੀਆਂ ਮੁਗਲੀ ਫ਼ੌਜਾਂ ਨੇ 1705-06 ਵਿਚਕਾਰ ਢਾਹ ਦਿੱਤਾ ਸੀ। ਫਿਰ ਸਿੱਖਾਂ ਨੇ ਕਈ ਸਾਲ ਬਾਅਦ ਇਸ ਦੀ ਉਸਾਰੀ ਕਰਵਾਈ। ਬਾਉਲੀ ਸਾਹਿਬ ਵੀ ਇਥੇ ਹੀ ਹੈ। ਗੁਰੂ ਜੀ ਨੇ 5-6 ਦਸੰਬਰ 1705 ਦੀ ਰਾਤ ਨੂੰ ਇਥੋਂ ਹੀ ਅਨੰਦਪੁਰ ਸਾਹਿਬ ਨੂੰ ਛੱਡਿਆ ਸੀ।

3. ਕਿਲਾ ਲੋਹਗੜ ਸਾਹਿਬ : ਇਹ ਕਿਲਾ ਚਰਨ ਗੰਗਾ ਦੇ ਨਜ਼ਦੀਕ ਸੀ। ਇਸ ਵਿਚ ਗੁਰੂ ਜੀ ਨੇ ਹਥਿਆਰ ਬਣਾਉਣ ਦਾ ਕਾਰਖਾਨਾ ਲਗਾਇਆ ਹੋਇਆ ਸੀ। ਇਥੇ ਹੀ ਭਾਈ ਬਚਿੱਤਰ ਸਿੰਘ ਨੇ ਪਹਾੜੀ ਰਾਜਿਆਂ ਵਲੋਂ ਹਮਲਾ ਕਰਨ ਲਈ ਭੇਜੇ ਮਸਤ ਹਾਥੀ ਨੂੰ ਨਾਗਨੀ ਬਰਛਾ ਮਾਰ ਕੇ ਮੋੜਿਆ ਸੀ।

4. ਕਿਲਾ ਹੋਲਗੜ ਸਾਹਿਬ (ਅਗੰਮਪੁਰ) : ਇਹ ਕਿਲਾ ਸ੍ਰੀ ਅਨੰਦਪੁਰ ਸਾਹਿਬ ਤੋਂ ਤਕਰੀਬਨ 1-2 ਕਿਲੋਮੀਟਰ ਦੀ ਦੂਰੀ ’ਤੇ ਅਗੰਮਪੁਰ ਵਿਚ ਹੈ। ਜਿਥੇ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਹੋਲਾ ਮਹੱਲਾ ਖੇਡਦੀਆਂ ਹਨ।

# ਹਿੰਦ-ਪਾਕਿ ਬਟਵਾਰੇ ਤੋਂ ਪਹਿਲਾਂ ਦਾ ਪੰਜਾਬੀ ਸਭਿਆਚਾਰ

**ਮੁਖਤਾਰ ਗਿੱਲ**

ਹਿੰਦ-ਪਾਕਿ ਬਟਵਾਰੇ ਤੋਂ ਪਹਿਲਾਂ ਅਤੇ ਉਸ ਤੋਂ ਦੋ ਕੁ ਦਹਾਕੇ ਬਾਅਦ ਵੀ ਪੰਜਾਬ ਦੇ ਪਿੰਡਾਂ ਵਿਚ ਪੰਜਾਬੀਅਤ ਅਤੇ ਅਮੀਰ ਪੰਜਾਬੀ ਸੱਭਿਆਚਾਰਕ ਵਿਰਸਾ ਵਸਦਾ ਸੀ। ਪਿੰਡਾਂ ’ਚ ਭਾਈਚਾਰਕ ਸਾਂਝ ਬੜੀ ਪੀਡੀ ਸੀ ਅਤੇ ਆਪਸੀ ਮਿਲਵਰਤਨ ਦੀਆਂ ਝਲਕਾਂ ਅਕਸਰ ਵੇਖਣ ਨੂੰ ਮਿਲਦੀਆਂ ਸਨ। ਹੌਲੀ-ਹੌਲੀ ਖੇਤੀ ਸੰਦ, ਟਿੰਡਾਂ ਵਾਲੇ ਖੂਹ, ਖਰਾਸ, ਸਾਫ਼-ਸੁਥਰੇ ਪਾਣੀ ਵਾਲੇ ਛੱਪੜ, ਫਲੇ, ਗੱਡੇ ਆਦਿ ਵਾਂਗ ਘਰਾਂ ਵਿਚ ਨਿੱਤ ਵਰਤਣ ਵਾਲੀਆਂ, ਨਿਸ਼ਾਨੀਆਂ ਦਾ ਦਰਜਾ ਹਾਸਲ ਕਰ ਚੁੱਕੀਆਂ ਵਸਤਾਂ ਜਿਵੇਂ ਹੱਥ ਚੱਕੀ, ਮਧਾਣੀਆਂ, ਚਰਖੇ, ਗਹੀਰੇ, ਘੜੇ, ਛੱਜ, ਹਾਰੇ, ਦਾਣੇ ਭੁੰਨਣ ਵਾਲੀਆਂ ਭੱਠੀਆਂ ਅਲੋਪ ਹੋ ਗਈਆਂ। ਅਸਲ ਵਿਚ ਵਿਗਿਆਨਕ ਯੁੱਗ ’ਚ ਹੋ ਰਹੇ ਸਮਾਜਿਕ, ਸਿਆਸੀ ਤੇ ਆਰਥਿਕ ਬਦਲਾਅ ਨੇ ਸਾਡੇ ਸੱਭਿਆਚਾਰਕ ਅਮੀਰ ਵਿਰਸੇ ਨੂੰ ਢਾਹ ਲਾਈ ਹੈ। ਪੇਂਡੂ ਜੀਵਨ ’ਚ ਨਿੱਤ ਵਰਤੋਂ ਵਿਚ ਆਉਣ ਵਾਲੀਆਂ ਬਹੁਮੁੱਲੀਆਂ ਵਸਤਾਂ ਨੂੰ ਯਾਦ ਕਰੀਏ।

ਹੱਥ ਚੱਕੀ : ਹੱਥ ਚੱਕੀ ਪੰਜਾਬੀ ਜਨ-ਜੀਵਨ ਦਾ ਅਹਿਮ ਚਿੰਨ ਹੈ। ਸਾਨੂੰ ਇਕ ਵਾਰ ਪੰਜਾਬ ਦੇ ਪੁਰਾਤਨ ਪਿੰਡਾਂ ਦੇ ਪੇਂਡੂ ਮਾਹੌਲ ਵਿਚੋਂ ਦੀ ਲੰਘਣਾ ਹੋਵੇਗਾ। ਜ਼ਿਕਰ ਉਨਾਂ ਪ੍ਰਾਚੀਨ ਸਮਿਆਂ ਦਾ ਹੈ ਜਦੋਂ ਅਜੇ ਪਿੰਡਾਂ ਵਿਚ ਕਣਕ, ਮੱਕੀ ਅਤੇ ਛੋਲੇ ਆਦਿ ਪੀਸਣ ਲਈ ਮਸ਼ੀਨੀ ਚੱਕੀਆਂ ਨਹੀਂ ਸਨ ਆਈਆਂ। ਮੈਂ ਬਚਪਨ ਵਿਚ ਆਪਣੇ ਪਿੰਡ ਆਟਾ ਪਿਸਾਉਣ ਲਈ ਖਰਾਸ ਵੇਖੇ ਸਨ ਜਾਂ ਪਿੰਡ ਦੇ ਚੜਦੇ ਪਾਸਿਓਂ ਲੰਘਦੀ ਨਹਿਰ ਲਾਹੌਰ ਬ੍ਰਾਂਚ ਦੇ ਰਾਣੇਵਾਲੀ ਪੁਲ ਕੋਲ ਪਣਚੱਕੀਆਂ ਵੇਖੀਆਂ ਸਨ ਜਿਨਾਂ ਨੂੰ ਘਰਾਟ ਵੀ ਕਿਹਾ ਜਾਂਦਾ ਹੈ। ਮੇਰੀ ਸੋਝੀ ਵਿਚ ਵੱਡੇ ਗੋਲ ਪਹੀਏ ਵਾਲੇ ਡੀਜ਼ਲ ਇੰਜਣ ਵਾਲੀ ਚੱਕੀ ਲੱਗੀ ਸੀ। ਜ਼ਿਆਦਾਤਰ ਸਵਾਣੀਆਂ ਆਪੋ-ਆਪਣੇ ਘਰੀਂ ਹੱਥ ਚੱਕੀਆਂ ਨਾਲ ਕਣਕ, ਮੱਕੀ ਅਤੇ ਛੋਲਿਆਂ ਦਾ ਆਟਾ ਪੀਹ ਲੈਂਦੀਆਂ ਸਨ। ਇਸ ਹੱਥ ਚੱਕੀ ਦਾ ਆਕਾਰ ਬਹੁਤ ਛੋਟਾ ਹੁੰਦਾ ਸੀ ਜਿਸ ਨੂੰ ਆਸਾਨੀ ਨਾਲ ਇਕ ਘਰ ਤੋਂ ਦੂਸਰੇ ਘਰ ਲਿਜਾਇਆ ਜਾ ਸਕਦਾ ਸੀ। ਚੱਕੀ ਪੱਥਰ ਦੇ ਦੋ ਗੋਲ ਪੁੜ ਹੁੰਦੇ ਸਨ। ਹੇਠਲੇ ਪੱਥਰ ਦੇ ਪੁੜ ਦੇ ਅੱਧੇ ਹਿੱਸੇ ਨੂੰ ਮਿੱਟੀ ਦੇ ਬਣੇ ਗੰਡ (ਚੀਕਣੀ ਮਿੱਟੀ ਦਾ ਗੋਲ ਘੇਰਾ) ਵਿਚ ਨੱਪ ਦਿੱਤਾ ਜਾਂਦਾ ਸੀ ਜੋ ਸਥਿਰ ਹੁੰਦਾ ਸੀ। ਪੁੜਾਂ ਨੂੰ ਰਾਹੁਣ ਲਈ ਛੋਟੀ ਛੈਣੀ ਜਾਂ ਤੇਸੀ ਨਾਲ ਟੱਕ ਲਾਏ ਜਾਂਦੇ ਸਨ। ਉਪਰਲੇ ਪੁੜ ਵਿਚ ਲੱਕੜ ਦੀ ਹੱਥੀ ਲੱਗੀ ਹੁੰਦੀ ਸੀ ਜਿਸ ਨਾਲ ਉਸ ਨੂੰ ਘੁਮਾਇਆ ਜਾਂਦਾ ਸੀ। ਉਪਰੋਂ ਪੀਸਣ ਲਈ ਦਾਣੇ ਪਾਉਣ ਵਾਲਾ ਸੁਰਾਖ ਹੁੰਦਾ ਸੀ। ਆਟਾ ਗੰਡ ਵਿਚ ਇਕੱਠਾ ਹੁੰਦਾ ਰਹਿੰਦਾ ਸੀ ਜਿਸ ਨੂੰ ਰੱਖੇ ਰਾਹ ਰਾਹੀਂ ਕੱਢਿਆ ਜਾਂਦਾ ਸੀ। ਸਵਾਣੀਆਂ ਹੱਥ ਚੱਕੀ ਨਾਲ ਕਣਕ, ਛੋਲੇ, ਦਾਲਾਂ ਤੇ ਮਸਾਲੇ ਆਦਿ ਹੀ ਪੀਹ ਲੈਂਦੀਆਂ ਸਨ। ਇਸ ਤਰਾਂ ਉਨਾਂ ਦੀ ਕਸਰਤ ਵੀ ਹੋ ਜਾਂਦੀ ਸੀ। ਵਰਤਮਾਨ ਵਿਚ ਅਲੋਪ ਹੋ ਚੁੱਕੀ ਹੱਥ ਚੱਕੀ ਅਜਾਇਬਘਰਾਂ ਵਿਚ ਹੀ ਵੇਖੀ ਜਾ ਸਕਦੀ ਹੈ।

ਭੱਠੀ (ਦਾਣੇ ਭੁੰਨਣ ਵਾਲੀ ) : ਭੱਠੀ ਦਾ ਪੇਂਡੂ ਜਨ ਜੀਵਨ ਵਿਚ ਵਿਸ਼ੇਸ਼ ਸਥਾਨ ਰਿਹਾ ਹੈ। ਦਾਣੇ ਭੁੰਨਣ ਵਾਲੀ ਭੱਠੀ ਨੂੰ ਲੋਕ ਗੀਤਾਂ ਦਾ ਵਿਸ਼ਾ ਬਣਾਇਆ ਗਿਆ। ਸ਼ਿਵ ਕੁਮਾਰ ਨੇ ਆਪਣੇ ਗੀਤ ਰਹੀਂ ਭੱਠੀ ਵਾਲੀ ਦਾ ਤਰਲਾ ਮਾਰਿਆ ਸੀ, ‘ਭੱਠੀ ਵਾਲੀਏ ਚੰਬੇ ਦੀਏ ਡਾਲੀਏ ਨੀ ਪੀੜਾਂ ਦਾ ਪਰਾਗਾ ਭੁੰਨ ਦੇ...।’ ਸਾਡੇ ਪਿੰਡ ਮਾਲੋ ਕੀ ਪੱਤੀ ਦੇ ਛੱਪੜ ਦੀ ਨੁੱਕਰੇ ਭੱਠੀ ਹੁੰਦੀ ਸੀ। ਜਿਥੇ ਲੌਢੇ ਵੇਲੇ ਔਰਤਾਂ, ਮੁਟਿਆਰਾਂ ਤੇ ਚੋਬਰਾਂ ਦੀ ਦਾਣੇ ਭੁੰਨਾਉਣ ਲਈ ਭੀੜ ਹੁੰਦੀ ਸੀ। ਵਾਰੀ ਉਡੀਕ ਦੀਆਂ ਸਵਾਣੀਆਂ ਦੁੱਖ-ਸੁੱਖ ਵੀ ਫੋਲ ਲੈਂਦੀਆਂ ਸਨ। ਭੱਠੀ ਵਾਲੀ ਚੁੰਗ ਵਿਚੋਂ ਲੱਪ ਕੁ ਭਾੜਾ ਕੱਢ ਦਾਣੇ ਭੁੰਨ ਦਿੰਦੀ ਸੀ। ਭੱਠੀ ਵਿਚ ਕਮਾਦ ਦੀ ਖੋਰੀ, ਪੱਛੀਆਂ ਤੇ ਹੋਰ ਸੁੱਕੇ ਪੱਤਿਆਂ ਦੀ ਅੱਗ ਝੋਕੀ ਜਾਂਦੀ ਸੀ। ਭੱਠੀ ਉੱਤੇ ਰੱਖੀ ਕੜਾਹੀ ਵਿਚ ਰੇਤ ਹੁੰਦੀ ਸੀ ਜਿਸ ਨੂੰ ਹੇਠ ਬਲਦੀ ਅੱਗ ਗਰਮ ਕਰਦੀ ਅਤੇ ਉਸ ਵਿਚ ਦਾਣੇ ਸੁੱਟ ਉਹ ਦਾਤਰੀ ਨਾਲ ਹਿਲਾ-ਹਿਲਾ ਭੁੰਨਦੀ ਸੀ। ਕਣਕ ਤੇ ਛੋਲਿਆਂ ਦੇ ਤੱਤੇ ਦਾਣਿਆਂ ਵਿਚ ਗੁੜ ਮਿਲਾ ਕੇ ਚੱਬਣ ਦਾ ਵੱਖਰਾ ਹੀ ਸੁਆਦ ਹੁੰਦਾ ਸੀ।

ਮਧਾਣੀਆਂ : ਇਸ ਬੇਰਹਿਮ ਵਰਤਾਰੇ ਨੂੰ ਪੰਜਾਬੀਆਂ ਦੀ ਬਦਕਿਸਮਤੀ ਹੀ ਆਖਿਆ ਜਾਏਗਾ ਕਿ ਅੱਜ ਕੱਲ ਪਿੰਡਾਂ ਵਿਚ ਚਾਟੀ ਦੀ ਲੱਸੀ, ਸਰੋਂ ਦਾ ਸਾਗ ਅਤੇ ਗੰਨੇ ਦਾ ਰਸ (ਰੋਹ) ਮੁੱਲ ਵਿਕਦਾ ਹੈ। ਅਖ਼ਬਾਰਾਂ ਵਿਚ ਪੈਕਡ ਲੱਸੀ ਦੇ ਇਸ਼ਤਿਹਾਰ ਛਪਦੇ ਹਨ। ਪਤਾ ਨਹੀਂ ਲਗਦਾ ਕਿ ਮਸ਼ੀਨੀ ਮਧਾਣੀਆਂ ਨਾਲ ਬਣਾਈ ਲੱਸੀ ਕਿੰਨੀ ਕੁ ਪੁਰਾਣੀ ਹੈ। ਸਾਡੀਆਂ ਮਾਵਾਂ-ਭੈਣਾਂ ਦੁੱਧ ਰਿੜਕਦੀਆਂ ਸਨ। ਮੈਨੂੰ ਉਨਾਂ ਵੇਲਿਆਂ ਦਾ ਪ੍ਰਚਲਤ ਲੋਕ ਗੀਤ ਯਾਦ ਆ ਰਿਹਾ ਹੈ, ‘ਮੇਰੀ ਰਾਂਗਲੀ ਮਧਾਣੀ ਬਾਹਵਾਂ ਗੋਰੀਆਂ, ਮੈਂ ਲੋਏ ਲੋਏ ਦੁੱਧ ਰਿੜਕਾਂ।’

ਮਧਾਣੀ ਤਕਰੀਬਨ ਦੋ ਢਾਈ ਫੁੱਟ ਗੋਲ ਆਕਾਰ ਲੱਕੜ ਦਾ ਡੰਡਾ ਹੁੰਦਾ ਸੀ। ਜਿਸ ਦੇ ਹੇਠਲੇ ਸਿਰੇ ’ਤੇ ਚਰਖੜੀ ਵਰਗੇ ਤਿੰਨ ਚਾਰ ਇੰਚ ਦੇ ਚਾਰ ਟੁਕੜੇ ਫਿੱਟ ਕੀਤੇ ਹੁੰਦੇ ਸਨ ਜੋ ਦੁੱਧ ਦੀ ਚਾਟੀ ਨੂੰ ਘੜਵੰਜੀ ’ਤੇ ਰੱਖ ਉਸ ਨਾਲ ਲੱਗੇ ਡੰਡੇ ਨਾਲ ਘੁੱਟ ਕੇ ਬੰਨਿਆ ਜਾਂਦਾ ਸੀ ਤਾਂ ਕਿ ਚਾਟੀ ਵਿਚ ਮਧਾਣੀ ਆਸਾਨੀ ਨਾਲ ਘੁੰਮ ਸਕੇ। ਮਧਾਣੀ ਦੇ ਡੰਡੇ ਦੇ ਉਪਰਲੇ ਸਿਰੇ ’ਤੇ ਵੱਢ ਜਿਹਾ ਪਾਇਆ ਹੁੰਦਾ ਸੀ ਜਿਸ ਦੁਆਲੇ ਵਲ਼ੀ ਡੋਰੀ ਦੇ ਦੋਵਾਂ ਸਿਰਿਆਂ ’ਤੇ ਲੱਕੜ ਦੀਆਂ ਗੁੱਲੀਆਂ ਬੰਨੀਆਂ ਹੁੰਦੀਆਂ ਸਨ, ਜਿਨਾਂ ਵਿਚ ਉਂਗਲਾਂ ਫਸਾ ਕੇ ਮਧਾਣੀ ਦੇ ਗੇੜੇ ਦੇ ਕੇ ਦੁੱਧ ਰਿੜਕਿਆ ਜਾਂਦਾ ਸੀ। ਫਿਰ ਉਸ ਵਿਚੋਂ ਮੱਖਣ ਕੱਢ ਕੇ ਲੱਸੀ ਬਣਾ ਲਈ ਦੀ ਸੀ। ਅਫ਼ਸੋਸ ਅੱਜ ਵਿਰਾਸਤੀ ਮਧਾਣੀਆਂ ਅਲੋਪ ਹੋ ਗਈਆਂ ਹਨ। ਲਵੇਰੇ ਵੀ ਨਾਮਾਤਰ ਰਹਿ ਜਾਣ ਕਰਕੇ ਨਾ ਚਾਟੀ ਦੀ ਲੋੜ ਰਹੀ, ਨਾ ਮਧਾਣੀਆਂ ਦੀ। ਹਾਂ ਕਿਸੇ-ਕਿਸੇ ਘਰ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨੀ ਮਧਾਣੀਆਂ ਜ਼ਰੂਰ ਆ ਗਈਆਂ ਹਨ।

ਚਰਖਾ : ਚਰਖਾ ਪੰਜਾਬੀ ਸੱਭਿਆਚਾਰ ਦਾ ਇਕ ਅਹਿਮ ਚਿੰਨ ਸੀ। ਇਹ ਪੇਂਡੂ ਜੀਵਨ ਦੀ ਮਹੱਤਵਪੂਰਨ ਕੜੀ ਸੀ। ਉਨਾਂ ਸਮਿਆਂ ਵਿਚ ਚੰਦਨ ਦਾ ਚਰਖਾ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਅਸਲ ਵਿਚ ਚਰਖਾ ਅਜਿਹਾ ਘਰੇਲੂ ਸੰਦ/ਵਸਤ ਸੀ ਜਿਸ ਨਾਲ ਰੂੰ ਨੂੰ ਕੱਤ ਕੇ ਸੂਤ ਤਿਆਰ ਕੀਤਾ ਜਾਂਦਾ ਸੀ। ਸੂਤ ਤੋਂ ਖੱਦਰ (ਸੂਤੀ) ਦਾ ਕੱਪੜਾ ਤਿਆਰ ਹੁੰਦਾ ਸੀ। ਉਨਾਂ ਸਮਿਆਂ ਵਿਚ ਜਿਥੇ ਪੇਂਡੂ ਮੁਟਿਆਰਾਂ ਬਾਗ਼ ਫੁਲਕਾਰੀਆਂ ਕੱਢਦੀਆਂ ਸਨ, ਉਥੇ ਖੱਡੇ ਲਾ ਕੇ ਤਾਣਾ ਤਿਆਰ ਕਰਕੇ ਦਰੀਆਂ ਖੇਸ ਵੀ ਬੁਣਦੀਆਂ ਸਨ। ਤ੍ਰਿੰਝਣ ਦੀ ਆਪਣੀ ਮਹੱਤਤਾ ਹੁੰਦੀ ਸੀ ਮੁਟਿਆਂਰਾ ਰਾਤਾਂ ਨੂੰ ਚਰਖੇ ’ਤੇ ਸੂਤ ਕੱਤਦੀਆਂ ਸਨ। ਮੁਟਿਆਰਾਂ ਰੂੰ ਦੀਆਂ ਪੂਣੀਆਂ ਵੱਟ ਛਿੱਕੂਆਂ ਵਿਚ ਰੱਖ ਲੈਂਦੀਆਂ ਸਨ। ਲੰਮੇ ਲੰਮੇ ਤੰਦਾਂ ਨਾਲ ਬਾਰੀਕ ਸੂਤ ਕੱਤਦੀਆਂ ਨਾਲ-ਨਾਲ ਖਾਂਦੀਆਂ-ਪੀਂਦੀਆਂ ਗੀਤ ਗਾਉਂਦੀਆਂ ਸਨ, ‘ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਦਨ ਦਾ।’ ਸਿਆਣੇ ਕਹਿੰਦੇ ਸਨ ਕਿ ‘ਬੇੜੀ ਦਾ ਪੂਰ ਤੇ ਤ੍ਰਿੰਝਣ ਦੀਆਂ ਕੁੜੀਆਂ ਫਿਰ ਨਾ ਬੈਠਣ ਰਲ ਕੇ।’ ਚਰਖਾ ਲੱਕੜ ਦੀ ਕਾਰੀਗਾਰੀ ਦਾ ਉੱਤਮ ਨਮੂੰਨਾ ਹੁੰਦਾ ਸੀ। ਜਿਸ ਨੂੰ ਇਕ ਵਿਸ਼ੇਸ਼ ਕਿਸਮ ਦੀ ਕਾਲੀ ਟਾਹਲੀ ਦੀ ਲੱਕੜ ਨੂੰ ਤਰਾਸ਼ ਕੇ ਬਣਾਇਆ ਜਾਂਦਾ ਸੀ। ਉਸ ਨੂੰ ਕੋਕਿਆਂ ਅਤੇ ਸੁਨਹਿਰੀ ਮੇਖਾਂ ਨਾਲ ਸ਼ਿੰਗਾਰਿਆ ਜਾਂਦਾ ਸੀ । ਮਾਵਾਂ ਧੀਆਂ ਨੂੰ ਦਾਜ ਵਿਚ ਅਕਸਰ ਰਾਂਗਲਾ ਚਰਖਾ ਦਿੰਦੀਆਂ ਸਨ। ਸਹੁਰੇ ਘਰ ਜਾ ਕੇ ਧੀ ਮਾਣ ਨਾਲ ਚਰਖਾ ਕੱਤਦੀ ਮਾਂ ਨੂੰ ਯਾਦ ਕਰਦੀ ਸੀ, ‘ਮਾਂ ਮੇਰੀ ਨੇ ਚਰਖਾ ਦਿੱਤਾ ਵਿਚ ਸ਼ੀਸ਼ੇ, ਕੋਕੇ ਤੇ ਮੇਖਾਂ। ਮਾਏ ਤੈਨੂੰ ਯਾਦ ਕਰਾਂ ਜਦ ਚਰਖੇ ਵੱਲ ਵੇਖਾਂ।’

ਟੋਕਰੇ ਤੇ ਟੋਕਰੀਆਂ : ਨਿੱਤ ਵਰਤੋਂ ਦੀਆਂ ਲੋੜੀਂਦੀਆਂ ਘਰੇਲੂ ਵਸਤਾਂ ਵਿਚ ਟੋਕਰੇ-ਟੋਕਰੀਆਂ ਦਾ ਅਹਿਮ ਸਥਾਨ ਸੀ। ਤੂਤ ਦੀਆਂ ਛਮਕਾਂ ਦਾ ਛਾਬਾ, ਟੋਕਰਾ ਅਤੇ ਟੋਕਰੀ ਸਾਡੀ ਪੇਂਡੂ ਕਲਾ ਦਾ ਸ਼ਾਨਦਾਰ ਨਮੂਨਾ ਹੁੰਦਾ ਸੀ। ਸਿਆਲ ਵਿਚ ਕਿਸਾਨ ਤੂਤਾਂ ਨੂੰ ਛਾਂਗ ਲੈਂਦੇ ਸਨ। ਟਾਹਣੀਆਂ ਤੇ ਛਮਕਾਂ ਨੂੰ ਕੱਟ ਕੇ ਪਤਲੀਆਂ ਅਤੇ ਮੋਟੀਆਂ ਵੱਖੋ-ਵੱਖਰੀਆਂ ਕਰ ਲਈਆਂ ਜਾਂਦੀਆਂ ਸਨ। ਉਨੀਂ ਦਿਨੀਂ ਭਾਵੇਂ ਪਿੰਡਾਂ ਵਿਚ ਟੋਕਰੇ ਬਣਾਉਣ ਦੀ ਕਲਾ ਵਾਲੇ ਵਿਰਲੇ ਲੋਕ ਹੀ ਹੁੰਦੇ ਸਨ ਪਰ ਫਿਰ ਵੀ ਟੋਕਰੇ ਬਣਾਉਣ ਦੀ ਕਲਾ ਨੂੰ ਸਮਰਪਿਤ ਕਲਾਕਾਰ/ਮਾਹਰ ਕਾਰੀਗਰ ਮਿਲ ਜਾਂਦੇ ਸਨ।

ਛੱਜ : ਪ੍ਰਾਚੀਨ ਪਿੰਡਾਂ ਦੇ ਘਰਾਂ ਵਿਚ ਕਦੇ ਛੱਜ ਦੀ ਟੌਹਰ ਹੁੰਦੀ ਸੀ ਕਿਉਂਕਿ ਛੱਜ ਵਿਚ ਸਵਾਣੀਆਂ ਅਨਾਜ ਨੂੰ ਸਾਫ਼ ਕਰਨ ਲਈ ਛੱਟਦੀਆਂ ਸਨ। ਖੇਤਾਂ ਵਿਚ ਫਲਿਆਂ ਨਾਲ ਗਾਹੀ ਕਣਕ ਦੀ ਲਾਈ ਧੜ ਵਿਚੋਂ ਤੂੜੀ ਅਤੇ ਦਾਣੇ ਵੱਖ ਕਰਨ ਲਈ ਉਡਾਵੇ ਹਵਾ ਦਾ ਰੁੱਖ ਵੇਖ ਉਡਾਉਂਦੇ ਸਨ। ਇਸ ਤਰਾਂ ਕਣਕ ਤੇ ਤੂੜੀ ਵੱਖ-ਵੱਖ ਹੋ ਜਾਂਦੇ ਸਨ। ਛੱਜ ਘਰੇਲੂ ਔਰਤਾਂ ਅਤੇ ਖੇਤਾਂ ਵਿਚ ਕਿਰਤੀਆਂ ਦੇ ਲਈ ਅਹਿਮ ਵਸਤ ਹੁੰਦੇ ਸਨ। ਇਸ ਲਈ ਇਸ ਨੂੰ ਘਰ ਤੇ ਖੇਤੀ ਦਾ ਸ਼ਿੰਗਾਰ ਵੀ ਕਿਹਾ ਜਾਂਦਾ ਹੈ।

ਛੱਜ ਨੂੰ ਕਾਨਿਆਂ ਅਤੇ ਉਸ ਦੀਆਂ ਤੀਲਾਂ, ਚਮੜੇ ਦੀ ਡੋਰੀ (ਜੋ ਬੱਕਰੇ ਦੀਆਂ ਨਾੜਾਂ ਦੀ ਬਣਾਈ ਜਾਂਦੀ ਸੀ) ਜਾਂ ਪੱਕੇ ਧਾਗੇ ਗੰਢ ਕੇ ਬਣਾਇਆ ਜਾਂਦਾ ਹੈ। ਛੱਜ ਦਾ ਹੇਠਲਾ ਤਲਾ ਬਣਾਉਣ ਲਈ ਕਾਨਿਆਂ ਦੇ ਉੱਤਲੇ ਢਾਈ ਤਿੰਨ ਫੁੱਟ ਲੰਮੀਆਂ ਨਰਮ ਤੇ ਪਤਲੀਆਂ ਤੀਲੀਆਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਤਲੇ ਦੇ ਹੇਠਲੇ ਪਾਸੇ ਮੂੰਹ ਅੱਗੇ ਪੋਟਾ ਪੋਟਾ ਬਾਂਸ ਦੀਆਂ ਬਰੀਕ ਫੱਟੀਆਂ ਰੱਖ ਕੇ ਬੰਨੀਆਂ ਜਾਂਦੀਆਂ ਹਨ ਤਾਂ ਕਿ ਤਲੇ ਨੂੰ ਮਜ਼ਬੂਤੀ ਮਿਲ ਸਕੇ ਅਤੇ ਤੀਲਾਂ ਆਪਸ ’ਚ ਸਿੱਧੀਆਂ ਜੁੜੀਆਂ ਰਹਿਣ। ਤਲੇ ਦੇ ਪਿੱਛੋਂ ਤੀਲਾਂ ਉੱਤੇ ਵਾਲੇ ਪਾਸੇ ਨੂੰ ਚਾਰ ਕੁ ਇੰਚ ਮੋੜਨ/ਭੰਨਣ ਲਈ ਨਰਮ ਤੀਲਾਂ ਦੀ ਵਰਤੋਂ ਕਰਨੀ ਪੈਂਦੀ ਸੀ। ਇਹ ਅਨਾਜ ਡਿਗਣ ਤੋਂ ਬਚਾਉਣ ਲਈ ਭੰਨੀਆਂ ਜਾਂਦੀਆਂ ਸਨ। ਛੱਜ ਦੇ ਉੱਤਲੇ ਸਿਰੇ ’ਤੇ 5-7 ਕਾਨਿਆਂ ਦਾ ਮੁੱਠਾ ਜਿਹਾ ਬਣਾਇਆ ਜਾਂਦਾ ਸੀ ਜਿਸ ਦੇ ਸੱਜੇ ਖੱਬੇ ਸਿਰਿਆਂ ਨੂੰ ਪੱਕੇ ਧਾਗੇ ਨਾਲ ਕੱਸ ਕੇ ਬੰਨਿਆ ਜਾਂਦਾ ਸੀ। ਸੋ ਛੱਜ ਤਿਆਰ। ਮਹਿੰਗਾਈ ਵਧ ਜਾਣ ਕਰਕੇ ਅੱਜ ਕੱਲ ਛੱਜ ਤੇ ਟੋਕਰੇ ਟੋਕਰੀਆਂ ਬਣਾਉਣ ਵਾਲੇ ਕਾਰੀਗਰ ਇਸ ਕਲਾ ਤੋਂ ਦੂਰ ਹੁੰਦੇ ਜਾ ਰਹੇ ਹਨ।

ਗਹੀਰੇ: ਇਕ ਜ਼ਮਾਨਾ ਸੀ ਜਦੋਂ ਪਿੰਡਾਂ ਦੇ ਸਿੱਧੇ ਸਾਦੇ ਤੇ ਆਲੇ-ਭੋਲੇ ਲੋਕ ਖੁੱਲੇ-ਡੁੱਲੇ ਪੇਂਡੂ ਮਾਹੌਲ ਵਿਚ ਰਹਿਣ ਨੂੰ ਤਰਜੀਹ ਦਿੰਦੇ ਸਨ। ਅਸਲ ਵਿਚ ਉਹ ਆਪਣੇ-ਆਪ ਨੂੰ ਪੰਜਾਬੀ ਸੱਭਿਆਚਾਰ ਦੇ ਅਸਲੀ ਵਾਰਿਸ ਸਮਝਦੇ ਸਨ।

ਉਨਾਂ ਸਮਿਆਂ ਵਿਚ ਘਰਾਂ ਦਾ ਖਾਣਾ ਚੁੱਲਿਆਂ ’ਤੇ ਬਣਦਾ ਸੀ ਜਿਸ ਵਿਚ ਪਾਥੀਆਂ ਤੇ ਲੱਕੜੀ ਦਾ ਬਾਲਣ ਬਲਦਾ ਸੀ। ਪਾਥੀਆਂ ਨੂੰ ਮੀਂਹ ਕਣੀ ਤੋਂ ਬਚਾਉਣ ਲਈ ਸਵਾਣੀਆਂ ਪਾਥੀਆਂ ਨੂੰ ਹੇਠਾਂ ਉੱਤੇ ਜੋੜ ਕੇ ਗਹੀਰਾ ਬਣਾ ਲੈਂਦੀਆਂ ਸਨ ਅਤੇ ਬਾਰਿਸ਼ ਤੋਂ ਬਚਾਉਣ ਲਈ ਉਸ ਨੂੰ ਤੂੜੀ ਰਲੀ ਮਿੱਟੀ ਨਾਲ ਲਿੱਪ ਲੈਂਦੀਆਂ ਸਨ।

ਕਾੜਨੀਆਂ ਅਤੇ ਭੜੋਲੀ : ਪੰਜਾਬੀਆਂ ਦਾ ਦੁੱਧ ਘਿਉ, ਦਹੀਂ, ਮੱਖਣ ਤੇ ਲੱਸੀ ਨਾਲ, ਗੂੜਾ ਰਿਸ਼ਤਾ ਰਿਹਾ ਹੈ ਜਿਸ ਕਰਕੇ ਪੰਜਾਬ ਵਿਚ ਦੁੱਧਾਰੂ ਪਸ਼ੂ (ਲਵੇਰਾ) ਤਕਰੀਬਨ ਹਰ ਘਰ ਹੂੰਦਾ ਸੀ। ਉਨਾਂ ਸਮਿਆਂ ਵਿਚ ਦੁੱਧ ਵੇਚਣ ਨੂੰ ਪੁੱਤ ਵੇਚਣ ਬਰਾਬਰ ਸਮਝਿਆ ਜਾਂਦਾ ਸੀ ਜਿਸ ਦੀ ਬਦੌਲਤ ਹਰ ਘਰੋਂ ਕਿਰਤੀ ਕਾਮਿਆਂ ਨੂੰ ਦੁੱਧ ਲੱਸੀ ਆਮ ਮਿਲ ਜਾਂਦੀ ਸੀ। ਭੜੋਲੀ ਗੋਲ ਮਿੱਟੀ ਦੇ ਅੱਧੇ ਘੜੇ ਵਰਗੀ ਹੁੰਦੀ ਸੀ ਜਿਸ ਨੂੰ ਆਮ ਤੌਰ ’ਤੇ ਸਵਾਣੀਆਂ ਕੰਧ ਵਿਚ ਕੱਢੇ ਆਲੇ ਵਿਚ ਟਿਕਾ ਦਿੰਦੀਆਂ ਸਨ ਅਤੇ ਅੱਗੇ ਬਿੱਲੀ ਕੁੱਤੇ ਦੇ ਡਰ ਵਜੋਂ ਖਿੜਕੀ ਲਗਾਈ ਜਾਂਦੀ ਸੀ। ਹਾਰੇ ਵਿਚ ਚਿਣ ਕੇ ਪਾਥੀਆਂ ਰੱਖ ਕੇ ਅੱਗ ਪਾ ਦੇਣੀ ਜਦੋਂ ਅੱਗ ਭਖ ਜਾਣੀ ਤਾਂ ਕਾੜਨੀ ਵਿਚ ਦੁੱਧ ਪਾ ਕੇ ਰੱਖ ਦੇਣਾ। ਕਾੜਨੀ ਵਿਚ ਸਾਰਾ ਸਾਰਾ ਦਿਨ ਮੱਠੀ ਮੱਠੀ ਅੱਗ ’ਤੇ ਕੜਦਾ ਦੁੱਧ ਲਾਲ ਗੁਲਾਬੀ ਹੋ ਜਾਂਦਾ ਅਤੇ ਉਪਰ ਮੋਟਾ ਖਲੇਪੜ (ਪਰਤ) ਮਲਾਈ ਦਾ ਹੁੰਦਾ ਸੀ। ਅੱਜ ਇਹ ਸਭ ਬੀਤੇ ਦੀਆਂ ਗੱਲਾਂ ਹੋ ਗਈਆਂ।

# 31 ਮਾਰਚ 1522 ਨੂੰ ਮਾਤਾ ਖੀਵੀ ਜੀ ਦਾ ਅਨੰਦ ਕਾਰਜ ਗੁਰੂ ਅੰਗਦ ਦੇਵ ਜੀ ਨਾਲ ਹੋਇਆ ਸੀ। ਆਓ ਮਾਤਾ ਖੀਵੀ ਜੀ ਦੇ ਜੀਵਨ ਕਾਲ ’ਤੇ ਸੰਖੇਪ ਝਾਤ ਮਾਰੀਏ।

ਜੋਰਾਵਰ ਸਿੰਘ ਤਰਸਿੱਕਾ

ਮਾਤਾ ਖੀਵੀ ਜੀ ਦਾ ਜਨਮ ਸੰਨ 1506 ਈ: ਵਿੱਚ ਭਾਈ ਦੇਵੀ ਚੰਦ ਖੱਤਰੀ ਦੇ ਗ੍ਰਹਿ, ਮਾਤਾ ਕਰਮ ਦੇਵੀ ਦੀ ਕੁੱਖੋਂ ਹੋਇਆ। ਭਾਈ ਦੇਵੀ ਚੰਦ ਓਸ ਸਮੇਂ ਦੇ ਜ਼ਿਲਾ ਅੰਮ੍ਰਿਤਸਰ ਦੇ ਨੱਗਰ ਸੰਘਰ ਦੇ ਵਸਨੀਕ ਸਨ ਅਤੇ ਹੁਣ ਇਹ ਨੱਗਰ ਜ਼ਿਲਾ ਤਰਨਤਾਰਨ ਵਿੱਚ ਹੈ। ਭਾਈ ਦੇਵੀ ਚੰਦ ਇਕ ਦੁਕਾਨਦਾਰ ਸਨ ਅਤੇ ਛੋਟੇ ਪੱਧਰ ਉੱਤੇ ਸ਼ਾਹੂਕਾਰੇ ਦਾ ਕੰਮ ਵੀ ਕਰਦੇ ਸਨ। ਬਚਪਨ ਵਿੱਚ ਹੀ ਸਾਊ, ਮਿਠਬੋਲੜਾ ਅਤੇ ਮਸਤ ਸੁਭਾਅ ਹੋਣ ਕਰਕੇ ਮਾਤਾ-ਪਿਤਾ ਨੇ ਆਪਣੀ ਬੱਚੀ ਦਾ ਨਾਮ ਖੀਵੀ ਰੱਖਿਆ।

ਖੀਵੀ ਜੀ ਦੇ ਮਾਤਾ-ਪਿਤਾ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ ਅਤੇ ਦੇਵੀ ਦੇ ਪੁਜਾਰੀ ਸਨ।ਬਾਲ ਅਵਸਥਾ ਵਿੱਚ ਮਾਤਾ-ਪਿਤਾ ਦੇ ਧਾਰਮਿਕ ਜੀਵਨ ਦਾ ਪ੍ਰਭਾਵ ਬੀਬੀ ’ਤੇ ਪੈਣਾ ਕੁਦਰਤੀ ਸੀ। ਇਸ ਤਰਾਂ ਬਾਲ ਅਵਸਥਾ ਵਿੱਚ ਹੀ ਬੀਬੀ ਖੀਵੀ ਜੀ ਨੇ ਸੰਤੋਖ, ਸੰਜਮ ਅਤੇ ਸੱਚ ਦੇ ਸ਼ੁਭ ਗੁਣ ਗ੍ਰਹਿਣ ਕਰ ਲਏ ਸਨ। ਬੀਬੀ ਖੀਵੀ ਜੀ ਦੁਕਾਨ ਉੱਤੇ ਆਪਣੇ ਪਿਤਾ ਨਾਲ ਕੰਮ ਵਿੱਚ ਹਥ ਵਟਾਉਂਦੇ ਸਨ ਅਤੇ ਘਰ-ਪਰਵਾਰ ਵਿੱਚ ਮਾਤਾ-ਪਿਤਾ ਦੁਆਰਾ ਪੂਜਾ ਕਰਨ ਸਮੇਂ ਨਿੱਤ ਉਨਾਂ ਪਾਸ ਬੈਠਦੇ ਸਨ।

ਬੀਬੀ ਵਿਰਾਈ ਜੀ (ਜਾਂ ਬੀਬੀ ਭਰਾਈ ਜੀ) ਖਡੂਰ ਸਾਹਿਬ ਦੇ ਵਸਨੀਕ ਸਨ ਅਤੇ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਨ। ਭਾਈ ਫੇਰੂ ਮੱਲ ਵੀ ਖਡੂਰ ਸਾਹਿਬ ਦੇ ਵਸਨੀਕ ਸਨ ਅਤੇ ਇਕ ਫਿਰੋਜ਼ਪੁਰ ਦੇ ਅਧਿਕਾਰੀ ਪਾਸ ਨੌਕਰੀ ਕਰਦੇ ਸਨ। ਬੀਬੀ ਵਿਰਾਈ ਜੀ ਦੇ ਭਾਈ ਫੇਰੂ ਮੱਲ ਨਾਲ ਨੇੜਲੇ ਸਬੰਧ ਸਨ ਅਤੇ ਭਾਈ ਦੇਵੀ ਚੰਦ ਦੇ ਪਰਿਵਾਰ ਦੇ ਵੀ ਨੇੜੇ ਤੋਂ ਭੂਆ ਜੀ ਸਨ।

ਓਸ ਸਮੇਂ ਦੀਆਂ ਰੀਤਾਂ ਅਨੁਸਾਰ, ਬੀਬੀ ਵਿਰਾਈ ਦੇ ਕਹਿਣ ਉੱਤੇ ਬੀਬੀ ਖੀਵੀ ਦਾ ਵਿਆਹ ਭਾਈ ਫੇਰੂ ਮੱਲ ਦੇ ਬੇਟੇ ਭਾਈ ਲਹਿਣਾ ਜੀ ਨਾਲ ਸੰਨ 1522 ਈ: ਵਿੱਚ ਹੋ ਗਿਆ। ਭਾਈ ਲਹਿਣਾ ਜੀ ਆਪਣੇ ਪਿਤਾ ਭਾਈ ਫੇਰੂ ਮੱਲ ਅਤੇ ਪਰਿਵਾਰ ਨਾਲ ਵੈਸ਼ਨੋ ਦੇਵੀ ਦੇ ਤੀਰਥ ਯਾਤਰਾ ਉੱਤੇ ਜਾਇਆ ਕਰਦੇ ਸਨ। ਇਸ ਤਰਾਂ ਦੋਹਾਂ ਪਰਿਵਾਰਾਂ ਵਿੱਚ ਸਮਾਜਿਕ ਸਾਂਝ ਦੇ ਨਾਲ-ਨਾਲ ਧਾਰਮਿਕ ਸਾਂਝ ਵੀ ਸੀ। ਇਸ ਸੋਚ, ਸੁਭਾਅ, ਸਮਾਜਿਕ ਅਤੇ ਧਾਰਮਿਕ ਸਾਂਝ ਦੇ ਕਾਰਨ ਇਹ ਨਵ-ਵਿਆਹੀ ਜੋੜੀ ਇਕਸਾਰਤਾ ਅਤੇ ਇਕਸੁਰਤਾ ਵਾਲੀ ਆਦਰਸ਼ਕ ਜੋੜੀ ਹੋ ਨਿੱਬੜੀ। ਦੋਹਾਂ ਨੇ ਆਪਣੀ ਨਿੱਜੀ ਹਉਮੈ ਸਮਾਪਤ ਕਰਕੇ ਆਪਣੀ ਹਸਤੀ ਇਕ-ਦੂਜੇ ਵਿੱਚ ਸਮੋ ਦਿੱਤੀ ਅਤੇ ਇਹ ‘ਏਕ ਜੋਤਿ ਦੁਇ ਮੂਰਤੀ’ ਬਣ ਗਏ।

ਗ੍ਰਿਹਸਤੀ ਜੀਵਨ ਜਿਉਂਦਿਆਂ ਇਸ ਜੋੜੀ ਦੇ ਗ੍ਰਹਿ ਵਿਖੇ ਦੋ ਪੁੱਤਰਾਂ ਅਤੇ ਦੋ ਧੀਆਂ ਨੇ ਜਨਮ ਲਿਆ। ਵੱਡੇ ਪੁੱਤਰ ਦਾਸੂ ਜੀ ਦਾ ਜਨਮ 9 ਭਾਦਰੋਂ 1532, ਬੀਬੀ ਅਨੋਖੀ ਜੀ ਦਾ ਜਨਮ 29 ਜੇਠ 1534 ਅਤੇ ਭਾਈ ਦਾਸੂ ਜੀ ਦਾ ਜਨਮ 1 ਵੈਸਾਖ 1537 ਨੂੰ ਅਤੇ ਬੀਬੀ ਅਮਰੋ ਜੀ ਦਾ ਜਨਮ 2 ਪੋਹ 1538 ਨੂੰ ਹੋਇਆ। ਦੋਹਾਂ ਜੀਆਂ ਨੇ ਆਪਣੇ ਗ੍ਰਹਿਸਤ ਦੀਆਂ ਜ਼ਿੰਮੇਂਵਾਰੀਆਂ ਚੰਗੀ ਤਰਾਂ ਨਿਭਾਉਂਦਿਆਂ ਹੋਇਆਂ ਬੱਚਿਆਂ ਦਾ ਵਧੀਆ ਤਰੀਕੇ ਨਾਲ ਪਾਲਣ-ਪੋਸ਼ਣ ਕੀਤਾ ਅਤੇ ਉਨਾਂ ਅੰਦਰ ਵੀ ਧਾਰਮਿਕ ਸੰਸਕਾਰ ਪੈਦਾ ਕੀਤੇ।

ਜਦੋਂ ਭਾਈ ਫੇਰੂ ਮੱਲ ਅਤੇ ਭਾਈ ਦੇਵੀ ਚੰਦ ਹਰ ਵਰੇ ਧਾਰਮਿਕ ਯਾਤਰਾ ਉੱਤੇ ਜਾਇਆ ਕਰਦੇ ਸਨ ਤਾਂ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਜੀ ਨਾਲ ਹੀ ਹੁੰਦੇ ਸਨ। ਭਾਈ ਫੇਰੂ ਮੱਲ ਜੀ ਦੇ ਅਕਾਲ ਚਲਾਣੇ ਮਗਰੋਂ ਭਾਈ ਲਹਿਣਾ ਜੀ ਨੇ ਆਪਣੇ ਪਿਤਾ ਦੀਆਂ ਸਾਰੀਆਂ ਜਿੰਮੇਵਾਰੀਆਂ ਸੰਭਾਲੀਆਂ। ਹੁਣ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਵਾਂਗ ਹੋਰ ਦਰਸ਼ਨ-ਅਭਿਲਾਖੀਆਂ ਨੂੰ ਨਾਲ ਲੈ ਕੇ ਤੀਰਥ ਯਾਤਰਾ ਉੱਤੇ ਜਾਣ ਲੱਗ ਪਏ। ਪ੍ਰੰਤੂ ਭਾਈ ਲਹਿਣਾ ਜੀ ਨੂੰ ਆਤਮਿਕ ਤ੍ਰਿਪਤੀ ਨਹੀਂ ਸੀ ਹੋ ਰਹੀ।



ਭਾਈ ਲਹਿਣਾ ਜੀ ਆਤਮਿਕ ਤ੍ਰਿਪਤੀ ਦੀ ਭਾਲ ਵਿੱਚ ਹਮੇਸ਼ਾ ਹੀ ਆਸ਼ਾਵਾਦੀ ਅਤੇ ਤਾਂਘ ਵਿੱਚ ਰਹਿੰਦੇ ਸਨ। ਭਾਈ ਲਹਿਣਾ ਜੀ ਦੀ ਮਾਨਸਿਕ ਦਸ਼ਾ ਤੋਂ ਬੀਬੀ ਖੀਵੀ ਜੀ ਪੂਰੀ ਤਰਾਂ ਜਾਣੂ ਸਨ ਅਤੇ ਉਹ ਆਪ ਵੀ ਉਨਾਂ ਨਾਲ ਪੂਰੀ ਤਰਾਂ ਸਹਿਮਤ ਸਨ। ਅੰਤ ਉਹ ਸੁਭਾਗਾ ਦਿਹਾੜਾ ਵੀ ਆ ਗਿਆ ਜਦੋਂ ਭਾਈ ਲਹਿਣਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕਰਤਾਰਪੁਰ ਚਲੇ ਗਏ। ਬਸ ਫਿਰ ਕੀ ਸੀ, ਪਹਿਲੀ ਮੁਲਾਕਾਤ ਵਿੱਚ ਹੀ ਭਾਈ ਲਹਿਣਾ ਜੀ ਨੂੰ ਆਪਣੀ ਮਨ ਬਾਂਛਤ ਵਸਤੂ, ਸੱਚ, ਸੰਤੋਖ, ਆਤਮਿਕ ਤ੍ਰਿਪਤੀ ਅਤੇ ਸ਼ਾਂਤੀ ਦੀ ਪ੍ਰਾਪਤੀ ਹੋ ਗਈ ਅਤੇ ਉਹ ਨਿਹਾਲ ਹੋ ਗਏ। ਹੁਣ ਤੋਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਹੋ ਕੇ ਰਹਿ ਗਏ ਅਤੇ 7 ਸਾਲ ਗੁਰੂ ਜੀ ਦੀ ਸੰਗਤ ਕੀਤੀ।

## 31 ਮਾਰਚ ਦਾ ਇਤਿਹਾਸ

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਭਾਵ: ਇਸੇ ਜੀਵਨ ਦੇ ਪਹਿਲਾਂ ਬੀਤ ਚੁਕੇ ਸਮੇਂ ਵਿੱਚ ਕੀਤੇ ਕੰਮਾਂ-ਕਾਰਾਂ ਅਤੇ ਉਨਾਂ ਅਨੁਸਾਰ ਬਣੀਆਂ ਆਦਤਾਂ ਅਤੇ ਅਪਨਾਈਆਂ ਕਦਰਾਂ ਕੀਮਤਾਂ ਅਨੁਸਾਰ... ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ (ਪੰਨਾ 204)

ਕਰਤਾਰਪੁਰ ਤੋਂ, ਕਦੇ ਕਦੇ ਭਾਈ ਲਹਿਣਾ ਜੀ ਖਡੂਰ ਵਾਪਸ ਜਾਂਦੇ ਅਤੇ ਆਪਣੇ ਪਰਿਵਾਰ ਦੀ ਜਾਣਕਾਰੀ ਲੈਂਦੇ। ਇਸੇ ਤਰਾਂ, ਮਾਤਾ ਖੀਵੀ ਜੀ ਵੀ ਕਈ ਵਾਰ, ਭਾਈ ਲਹਿਣਾ ਜੀ ਨੂੰ ਮਿਲਨ ਲਈ ਕਰਤਾਰ ਪੁਰ ਜਾਂਦੇ ਅਤੇ ਗੁਰੂ ਨਾਨਕ ਦੇ ਦਰਬਾਰ ਵਿੱਚ ਜਾ ਕੇ ਗੁਰੂ ਜੀ ਦੇ ਵਿਚਾਰ ਅਤੇ ਪ੍ਰਚਾਰ ਨੂੰ ਸੁਣਦੇ, ਸਮਝਦੇ ਅਤੇ ਬੜੇ ਉਤਸ਼ਾਹਤ ਹੁੰਦੇ। ਇਥੇ ਮਾਤਾ ਖੀਵੀ ਜੀ ਨੇ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਤੀਂਵੀ ਨੂੰ ਬਹੁਤ ਸਤਿਕਾਰ ਬਖਸ਼ਦੇ ਹਨ ਅਤੇ ਤੀਂਵੀਆਂ ਨੂੰ ਘੁੰਡ ਕੱਢਣ ਤੋਂ ਬਗੈਰ ਸੰਗਤ ਵਿੱਚ ਆਉਣ ਲਈ ਪ੍ਰਚਾਰਦੇ ਸਨ। ਤੀਂਵੀ ਜਾਤੀ ਲਈ ਘੁੰਡ ਕਢਣ ਦੇ ਬਗੈਰ ਆਉਣਾ ਇਕ ਨਵੀਂ ਰੀਤ ਸੀ। ਸਮਾਜ ਲਈ ਸਦੀਆਂ ਪੁਰਾਨੀ ਤੀਂਵੀ ਦੀ ਘੁੰਢ ਕੱਢਕੇ ਸਮਾਜ ਵਿੱਚ ਵਿਚਰਨ ਦੀ ਰੀਤ ਨੂੰ ਬਦਲਣਾ ਇਕ ਬੜੀ ਅਚੰਭੇ ਦੀ ਗੱਲ ਸੀ। ਇਸੇ ਤਰਾਂ ਮਾਤਾ ਖੀਵੀ ਜੀ ਨੇ ਇਹ ਵੀ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਵਲੋਂ ਸੰਗਤਾਂ ਲਈ ਲੰਗਰ ਚ.ਲ ਰਿਹਾ ਹੈ ਜਿਥੇ ਮਰਦ ਅਤੇ ਤੀਂਵੀਆਂ ਲੰਗਰ ਵਿੱਚ ਇਕੱਠੇ ਜ਼ੁਮੇਵਾਰੀ ਨਿਭਾ ਰਹੇ ਸਨ ਅਤੇ ਸੇਵਾ ਕਰ ਰਹੇ ਸਨ।

ਗੁਰੂ ਨਾਨਕ ਦੇਵ ਜੀ ਦੇ ਇਸ ਦੁਨੀਆਂ ਵਿੱਚ ਆਉਣ ਸਮੇਂ, ਲੋਕ ਸਮਾਜਕ ਤੌਰ ’ਤੇ ਅਖੌਤੀ ਜਾਤ-ਪਾਤ, ਊਚ ਨੀਚ, ਛੂਤ ਆਦਿ ਦੀ ਵਰਨ-ਆਸ਼ਰਮ ਵੰਡ ਕਰਕੇ ਬੁਰੀ ਤਰਾਂ ਵੰਡੇ ਹੋਏ ਸਨ। ਧਾਰਮਿਕ ਤੌਰ ’ਤੇ, ਸ਼ੂਦਰ ਅਤੇ ਨੀਵੀਆਂ ਜਾਤੀਆਂ ਨੂੰ ਮੰਦਰਾਂ ਵਿੱਚ ਜਾਣਾ ਅਤੇ ਰੱਬ ਦੀ ਪੂਜਾ ਕਰਨੀ ਮਨਾ ਸੀ। ਉਚ ਜਾਤੀ ਅਨੁਸਾਰ, ਅਖੌਤੀ ਸ਼ੂਦਰ ਅਤੇ ਨੀਵੀਆਂ ਜਾਤੀਆਂ ਨੂੰ ਰੱਬ ਦੀ ਪੂਜਾ ਕਰਨ ਦਾ ਕੋਈ ਹਕ ਨਹੀਂ ਸੀ।

ਤੀਵੀਂ ਭਾਵੇਂ ਅਖੌਤੀ ਉੱਚੀ ਜਾਤ ਦੇ ਪਰਿਵਾਰ ਵਿੱਚੋਂ ਹੋਵੇ ਜਾਂ ਅਖੌਤੀ ਨੀਵੀਂ ਜਾਤ ਦੀ ਹੋਵੇ, ਉਹ ਮੰਦਰਾਂ ਵਿੱਚ ਨਹੀਂ ਸੀ ਜਾ ਸਕਦੀ ਅਤੇ ਰੱਬ ਦੀ ਪੂਜਾ ਨਹੀਂ ਸੀ ਕਰ ਸਕਦੀ। ਅਮੀਰ, ਸ਼ਾਹੂਕਾਰ ਅਤੇ ਜਾਗੀਰਦਾਰ ਲੋਕ ਗਰੀਬ ਲੋਕਾਂ ਨੂੰ ਹਰ ਤਰੀਕੇ ਨਾਲ ਤੰਗ ਕਰਦੇ ਅਤੇ ਲੁਟਦੇ ਸਨ। ਰਾਜਨੀਤਕ ਤੌਰ ’ਤੇ ਗਰੀਬ ਅਤੇ ਅਖੌਤੀ ਨੀਵੀਂ ਜਾਤ ਨੂੰ ਕੋਈ ਇਨਸਾਫ ਨਹੀਂ ਸੀ ਮਿਲਦਾ। ਸਰਕਾਰੀ ਅਫਸਰ ਵੱਡੀ ਖੋਰ ਅਤੇ ਭ੍ਰਿਸ਼ਟ ਸਨ ਜੋ ਗਰੀਬਾਂ ਅਤੇ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਤੰਗ ਅਤੇ ਪ੍ਰੇਸ਼ਾਨ ਕਰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬਪੱਖੀ ਇਨਕਲਾਬੀ ਲਹਿਰ ਅਰੰਭੀ ਜਿਸ ਰਾਹੀਂ ਆਪ ਨੇ ਭਾਰਤ ਅਤੇ ਖਾਸ ਕਰਕੇ ਪੰਜਾਬ ਦੀ ਹਰ ਪੱਖੋਂ ਕਾਇਆ ਕਲਪ ਕਰ ਦਿੱਤੀ। ਹਰ ਖੇਤਰ ਵਿੱਚ ਅਸਚਰਜ ਕਰਨ ਵਾਲੇ ਕਾਰਨਾਮੇ ਕੀਤੇ ਅਤੇ ਕਿਸੇ ਵੀ ਸੋਚ ਤੋਂ ਪਰੇ ਦੀਆਂ ਤਬਦੀਲੀਆਂ ਲਿਆਂਦੀਆਂ। ਨਤੀਜੇ ਵਜੋਂ ਸਮਾਜਿਕ ਪਖੋਂ ਧਾਰਮਿਕ ਪਖੋਂ ਰਾਜਨੀਤਿਕ ਪਖੋਂ ਸਮਾਜਕ ਮਾਨਸਿਕਤਾ ਪਖੋਂ ਅਤੇ ਆਰਥਿਕ ਖੇਤਰ ਵਿੱਚ ਇਤਿਹਾਸ ਨੇ ਇਕ ਨਵਾਂ ਮੋੜ ਲਿਆਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਣੇ ਜਗੀਰਦਾਰੀ ਸਰਮਾਏਦਾਰੀ ਅਜਾਰੇਦਾਰੀ, ਪੂੰਜੀਪਤੀ ਸਿਸਟਮ ਨੂੰ ਅਤੇ ਕਰਮਕਾਂਡੀ ਪਾਖੰਡੀ, ਕਪਟੀ ਅਤੇ ਛਲੀ ਲੋਕਾਂ ਵਲੋਂ ਅਖੌਤੀ ਧਾਰਮਿਕ ਰਹੁਰੀਤੀਆਂ ਨੂੰ ਬਦਲਣ ਬਾਰੇ ਲੋਕਾਂ ਵਿੱਚ ਜਾਗ੍ਰਤੀ ਲਿਆਂਦੀ। ਐਸ਼ਪ੍ਰਸਤੀ ਵਿੱਚ ਗ੍ਰਸੇ ਹੋਏ ਜਗੀਰਦਾਰ ਅਤੇ ਅਖੌਤੀ ਉੱਚ ਜਾਤੀਆਂ ਦੇ ਲੋਕ, ਸਾਧਾਰਨ ਪਰਜਾ ਉਤੇ ਜ਼ੁਲਮ ਢਾਹੁਣ ਵਾਲੇ ਰਜਵਾੜੇ ਅਤੇ ਉਨਾਂ ਦੇ ਭ੍ਰਿਸ਼ਟ ਪ੍ਰਸ਼ਾਸਨ ਦੇ ਕਰਮਚਾਰੀ ਗਰੀਬ ਕਿਰਤੀਆਂ ਅਤੇ ਅਖੌਤੀ ਸ਼ੂਦਰਾਂ ਦੀਆਂ ਜਿੰਦਗੀਆਂ ਨਾਲ ਖਿਲਵਾੜ ਅਤੇ ਸ਼ੋਸ਼ਣ ਕਰ ਰਹੇ ਸਨ। ਸਮਾਜ ਦੇ ਠੇਕੇਦਾਰ ਤੀਵੀਂ ਜਾਤੀ ਨੂੰ ਉਸਦਾ ਬਣਦਾ ਸਨਮਾਨ ਦੇਣ ਤੋਂ ਇਨਕਾਰੀ ਸਨ। ਇਨਾਂ ਸਭ ਦੇ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ ਅਤੇ ਦਸ ਜਾਮਿਆਂ ਵਿੱਚ ਇਨਾਂ ਸਭ ਪਹਿਲੂਆਂ ਵਿੱਚ ਸੁਧਾਰ ਲਿਆਂਦਾ। ਲੋਕ-ਮਾਰੂ, ਭ੍ਰਿਸ਼ਟ ਅਤੇ ਜ਼ੁਲਮੀ ਸਿਸਟਮ ਨੂੰ ਤਹਿਸ-ਨਹਿਸ ਕਰ ਕੇ ‘ਨਾਨਕ ਨਿਰਮਲ ਪੰਥ ਚਲਾਇਆ॥’ ਅਨੁਸਾਰ ਇੱਕ ਨਵੇਂ ਸਮਾਜ ਦੀ ਨੀਂਹ ਰੱਖੀ ਜਿਸ ਰਾਹੀਂ ਹਰ ਮਨੁਖ ਨੂੰ ਬਰਾਬਰਤਾ ਅਤੇ ਸਮਾਜ ਵਿੱਚ ਪੂਰੇ ਹੱਕ ਲੈਣ ਲਈ ਜਾਗਰਤ ਅਤੇ ਉਤਸ਼ਾਹਤ ਕੀਤਾ।

ਗੁਰੂ ਜੀ ਨੇ ਸਾਰੀ ਮਨੁਖ ਜਾਤੀ ਦੀ ਹਰ ਪਖੋਂ ਪ੍ਰਫੁਲਤਾ ਦੇ ਇਸ ਸੰਘਰਸ਼ ਦੀ ਸਫਲਤਾ ਲਈ ਆਪਣਾ ਨਿੱਜੀ ਅਮਲੀ ਜੀਵਨ ਅਤੇ ਇਕ ਆਦਰਸ਼ਕ ਜੀਵਨ ਰੋਲ-ਮਾਡਲ ਦੇ ਤੌਰ ’ਤੇ ਸੰਸਾਰ ਸਾਹਮਣੇ ਪੇਸ਼ ਕੀਤਾ।

ਸੰਸਾਰ ਵਿੱਚ ਬਹੁਤ ਇਨਕਲਾਬ ਅਤੇ ਕ੍ਰਾਂਤੀਆਂ ਆਈਆਂ ਅਤੇ ਕਈ ਖੇਤਰਾਂ ਵਿੱਚ ਉਨਾਂ ਦੇ ਸਾਰਥਕ ਨਤੀਜੇ ਵੀ ਨਿਕਲੇ ਪ੍ਰੰਤੂ ਇਹ ‘ਸਿੱਖ ਕ੍ਰਾਂਤੀ’ ਅਤੇ ‘ਸਿੱਖ ਇਨਕਲਾਬ’ ਆਪਣੀ ਹੀ ਕਿਸਮ ਦਾ ਮੁਕੰਮਲ, ਨਿਰਾਲਾ ਅਤੇ ਨਿਵੇਕਲਾ ਸੀ ਜੋ ਸਾਰਥਕ ਸੀ।

ਇਸ ਕ੍ਰਾਂਤੀ ਵਿੱਚ ਹੋਰਨਾਂ ਪਹਿਲੂਆਂ ਦੇ ਨਾਲ-ਨਾਲ ਸਮੇਂ ਦੇ ਸਮਾਜ ਵਿੱਚ ਤੀਵੀਂ ਦੀ ਦੁਰਗਤੀ, ਅਪਮਾਨ, ਸ਼ੋਸ਼ਣ ਅਤੇ ਬੇਹੁਰਮਤੀ ਹੋ ਰਹੀ ਸੀ ਜਿਸ ਕਾਰਨ ਤੀਵੀਂ ਅਬਲਾ, ਨਿਮਾਣੀ, ਨਿਤਾਣੀ, ਪੈਰ ਦੀ ਜੁੱਤੀ ਅਤੇ ਕਲੰਕਣ ਗਰਦਾਨੀ ਗਈ ਸੀ।

ਭਾਰਤ ਵਿੱਚ ਪੱਥਰ ਦੀ ਮੂਰਤੀ ਬਣਾ ਕੇ ਦੇਵੀ ਦੀ ਪੂਜਾ ਤਾਂ ਕੀਤੀ ਜਾਂਦੀ ਸੀ ਜੋ ਅੱਜ ਵੀ ਜਾਰੀ ਹੈ ਪਰ ਹੱਡ-ਮਾਸ ਦੀ ਜਿਉਂਦੀ-ਜਾਗਦੀ ਔਰਤ ਨਾਲ ਘਿਰਣਾ ਅਤੇ ਦੁਰ-ਵਿਵਹਾਰ ਕੀਤਾ ਜਾਂਦਾ ਸੀ। ਦੇਵੀ ਦੇ ਰੂਪ ਵਿੱਚ ਨਾਰੀ ਸ਼ਕਤੀ ਨੂੰ ਪ੍ਰਵਾਨਿਆ ਤਾਂ ਜਾਂਦਾ ਸੀ ਪਰ ਉਸ ਦੀ ਜੀਵਤ ਹੋਂਦ-ਹਸਤੀ ਨੂੰ ਧਿਰਕਾਰਿਆ ਅਤੇ ਤ੍ਰਿਸਕਾਰਿਆ ਜਾਂਦਾ ਸੀ। ਇਹ ਸ਼ੋਸ਼ਣ, ਹਿੰਦੂ ਭਾਈਚਾਰੇ, ਸਿਖ ਭਾਈਚਾਰੇ ਅਤੇ ਮੁਸਲਮਾਨ ਭਾਈਚਾਰੇ ਵਿੱਚ ਅਜ ਵੀ ਜਾਰੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ‘ਇਸਤਰੀ ਜਾਤੀ’ ਦੇ ਸਨਮਾਨ, ਸਤਿਕਾਰ ਅਤੇ ਸਵੈਮਾਣ ਦੀ ਬਹਾਲੀ ਲਈ ਵੀ ਭਰਪੂਰ ਹੰਭਲਾ ਮਾਰਿਆ। ਗੁਰੂ ਨਾਨਕ ਦੇਵ ਜੀ ਨੇ ਠੋਸ ਦਲੀਲਾਂ ਦੇ ਕੇ ਔਰਤ ਨੂੰ ਜਗਤ-ਜਣਨੀ, ਸਮਾਜ ਦਾ ਧੁਰਾ ਅਤੇ ਸੰਸਾਰ ਦਾ ਕੇਂਦਰ-ਬਿੰਦੂ ਸਿੱਧ ਕੀਤਾ। ਇਹ ਸਭ ਕੁਝ ਇਸ ਲਈ ਕੀਤਾ ਤਾਂ ਜੋ ਗ੍ਰਹਿਸਤੀ ਸਮਾਜ ਦਾ ਸਹੀ ਸੰਤੁਲਨ ਕਾਇਮ ਕੀਤਾ ਜਾ ਸਕੇ, ਗ੍ਰਹਿਸਤ-ਸਮਾਜ ਖੁਸ਼ਹਾਲ ਹੋ ਸਕੇ, ਸਮਾਜ ਵਿੱਚ ਆਪਸੀ ਪਿਆਰ, ਸਤਿਕਾਰ, ਸਹਿਨਸ਼ੀਲਤਾ ਅਤੇ ਸਹਿਯੋਗ ਪੂਰੀ ਤਰਾਂ ਕਾਇਮ ਹੋ ਸਕੇ।

(ਚਲਦਾ...)

---

# ਮੰਜੀ ਸਾਹਿਬ

ਡਾ. ਪਰਮਵੀਰ ਸਿੰਘ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਗੁਰੂ ਤੇਗ ਬਹਾਦਰ ਜੀ ਦੇ ਕੁੱਝ ਚਰਨ-ਛੋਹ ਪ੍ਰਾਪਤ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਤਾਂ ਪਤਾ ਲੱਗਿਆ ਕਿ ਵਿਰਾਸਤੀ ਨਿਸ਼ਾਨੀਆਂ ਲਗਭਗ ਅਲੋਪ ਹੋ ਗਈਆਂ ਹਨ। ਹਰ ਗੁਰਧਾਮ ਵਿਖੇ ਸੰਗਮਰਮਰ ਜਾਂ ਟਾਈਲਾਂ ਹੀ ਦਿਖਾਈ ਦਿੰਦੀਆਂ ਹਨ।

ਪੁਰਾਤਨ ਨਿਸ਼ਾਨੀਆਂ ਖਤਮ ਕਰਨ ਦੀ ਰੁਚੀ ਨੇ ਇਤਿਹਾਸ ਦੀਆਂ ਘਟਨਾਵਾਂ ਅਤੇ ਭਾਵਨਾਵਾਂ ਨੂੰ ਧੁੰਦਲਾ ਕਰਨ ਵਿਚ ਵੱਡਾ ਯੋਗਦਾਨ ਪਾਇਆ ਹੈ।

ਗੁਰਦੁਆਰਾ ਸਾਹਿਬਾਨ ਦੀਆਂ ਮਹਿਲਨੁਮਾ ਇਮਾਰਤਾਂ ਦੇਖ ਕੇ ਕਿਤੇ-ਕਿਤੇ ਬਚੀਆਂ ਰਹਿ ਗਈਆਂ ਪੁਰਾਤਨ ਨਿਸ਼ਾਨੀਆਂ ਵੀ ਸ਼ੱਕ ਦੇ ਘੇਰੇ ਵਿਚ ਆ ਗਈਆਂ ਹਨ ਕਿ ਇਹ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਹੋਣਗੀਆਂ ਜਾਂ ਨਹੀਂ ?

ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ’ਤੇ ਪਹਿਲਾਂ ਮੰਜੀ ਸਾਹਿਬ ਬਣਾਏ ਗਏ ਸਨ। ਇਨਾਂ ਥੜਿਆਂ ਦੀ ਦਿੱਖ ਮੰਜੀ ਵਰਗੀ ਹੁੰਦੀ ਸੀ। ਇਨਾਂ ਮੰਜੀ ਸਾਹਿਬ ਦੇ ਆਲੇ-ਦੁਆਲੇ ਦੀਵਾਰਾਂ ਉਸਾਰ ਕੇ ਇਕ ਛੋਟਾ ਜਿਹਾ ਕਮਰਾ ਤਿਆਰ ਕੀਤਾ ਜਾਂਦਾ ਸੀ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ ਅਤੇ ਆਲੇ-ਦੁਆਲੇ ਚਾਰ-ਪੰਜ ਬੰਦਿਆਂ ਦੇ ਬੈਠਣ ਦੀ ਥਾਂ ਹੁੰਦੀ ਸੀ। ਨਿਰਮਲਿਆਂ, ਉਦਾਸੀਆਂ ਆਦਿ ਨੇ ਇਨਾਂ ਦੀ ਸਾਂਭ-ਸੰਭਾਲ ਵਿਚ ਵੱਡਾ ਯੋਗਾਦਾਨ ਪਾਇਆ ਤਾਂ ਹੀ ਇਹ ਹੁਣ ਤੱਕ ਬਚੀਆਂ ਹੋਈਆਂ ਹਨ।

ਮਿਸਲਾਂ ਦੇ ਸਮੇਂ ਇਨਾਂ ਮੰਜੀ ਸਾਹਿਬ ਨੂੰ ਛੇੜਿਆ ਨਹੀਂ ਜਾਂਦਾ ਸੀ ਅਤੇ ਜਿਥੇ ਕਿਤੇ ਸੰਗਤ ਵੱਧ ਜਾਂਦੀ ਉਥੇ ਇਸ ਦੇ ਦੁਆਲੇ ਖੁੱਲੇ ਦਰਬਾਰ ਹਾਲ ਤਿਆਰ ਕੀਤੇ ਜਾਣ ਲੱਗੇ। ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ ’ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਜਿਨਾਂ ਅਸਥਾਨਾਂ ’ਤੇ ਸੰਗਤ ਘੱਟ ਸੀ ਜਾਂ ਨਾ-ਮਾਤਰ ਹੀ ਸੀ, ਉਥੇ ਪੁਰਾਤਨ ਮੰਜੀ ਸਾਹਿਬ ਵਾਲੇ ਅਸਥਾਨ ਨੂੰ



ਛੇੜਿਆ ਨਹੀਂ ਗਿਆ।

ਪਿਛਲੇ 50 ਸਾਲ ਵਿਚ ਪੁਰਾਤਨ ਇਮਾਰਤਾਂ ਦੀ ਜਗਾ ਨਵੇਂ ਦਰਬਾਰ ਹਾਲ ਉਸਾਰੇ ਗਏ। ਵੱਡੇ ਦਰਬਾਰ ਹਾਲ ਬਣਾਉਣ ਦੀ ਰੁਚੀ ਨੇ ਪੁਰਾਤਨ ਮੰਜੀ ਸਾਹਿਬ ਅਤੇ ਇਹਨਾਂ ਦੇ ਨਾਲ ਲੱਗਦੇ ਪੁਰਾਤਨ ਖੂਹ ਬੰਦ ਕਰ ਦਿੱਤੇ। ਜਿਥੇ ਕਿਤੇ ਨੇੜੇ ਕੋਈ ਪੁਰਾਤਨ ਰੁੱਖ ਸੀ ਉਹ ਵੀ ਮਿਟਾ ਦਿੱਤਾ ਗਿਆ।

ਕਿਤੇ-ਕਿਤੇ ਆਮ ਲੋਕਾਂ ਦੇ ਪ੍ਰਭਾਵ ਜਾਂ ਪ੍ਰਬੰਧਕਾਂ ਦੀ ਸੂਝ-ਬੂਝ ਨਾਲ ਪੁਰਾਤਨ ਮੰਜੀ ਸਾਹਿਬ ਬੱਚ ਗਏ ਹਨ ਅਤੇ ਇਹ ਵਰਤਾਰਾ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿਚ ਹੀ ਵਧੇਰੇ ਦੇਖਣ ਨੂੰ ਮਿਲਦਾ ਹੈ। ਮੰਜੀ ਸਾਹਿਬ ਵਾਲੇ ਅਸਥਾਨ ਨੂੰ ਭੋਰੇ ਵਿਚ ਤਬਦੀਲ ਕਰਕੇ ਆਲੇ-ਦੁਆਲੇ ਵੱਡੇ ਦਰਬਾਰ ਹਾਲ ਉਸਾਰ ਲਏ ਗਏ ਹਨ। ਆਮ ਲੋਕਾਂ ਵਿਚ ਇਹ ਪੁਰਾਤਨ ਨਿਸ਼ਾਨੀਆਂ ਖਿੱਚ ਪੈਦਾ ਕਰਦੀਆਂ ਹਨ ਅਤੇ ਲੋਕਾਂ ਨੂੰ ਮੰਜੀ ਸਾਹਿਬ ਦੇ ਸੰਕਲਪ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਇਹ ਮੰਜੀ ਸਾਹਿਬ ਹਰਿਆਣਾ ਦੇ ਬਨੀ-ਬਦਰਪੁਰ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਹੈ।

# ਨਿਊਜ਼ੀਲੈਂਡ ਦੇ ਸਿੱਖਾਂ ਨੇ ਕੌਮ ਦੀ ਪੱਗ ਪੂਰੀ ਦੁਨੀਆਂ ਵਿੱਚ ਕੀਤੀ ਉੱਚੀ

## 11 ਏਕੜ ਵਿੱਚ 25 ਮਿਲੀਅਨ ਡਾਲਰ ਦੀ ਲਾਗਤ ਨਾਲ ਕੀਤਾ ਬਹੁਮੰਤਵੀ ਸਪੋਰਟਸ ਕੰਪਲੈਕਸ ਤਿਆਰ



**ਜਗਰੂਪ ਸਿੰਘ ਜਰਖੜ**

9814300722

ਸਿੱਖ ਦੁਨੀਆਂ ਵਿੱਚ ਜਿੱਥੇ ਵੀ ਗਏ ਨੇ ਹਰ ਜਗਾ ਇਨਾਂ ਨੇ ਆਪਣੀ ਵੱਖਰੀ ਦੁਨੀਆ ਵਸਾਈ ਹੈ।ਆਪਣੇ ਕਾਰਨਾਮਿਆਂ ਨਾਲ ਪੰਜਾਬੀਆਂ ਨੇ ਹਰ ਥਾਂ 'ਤੇ ਕੌਮ ਨੂੰ ਵੱਡਾ ਨਾਮਣਾ ਦਿੱਤਾ ਅਤੇ ਪੂਰੀ ਦੁਨੀਆਂ ਦਾ ਧਿਆਨ ਸਿੱਖ ਫਲਸਫੇ ਵੱਲ ਖਿੱਚਿਆ ਹੈ। ਅਜਿਹਾ ਹੀ ਕਾਰਨਾਮਾ ਨਿਊਜ਼ੀਲੈਂਡ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਕਰ ਵਿਖਾਇਆ ਜਦੋਂ ਸੁਪਰੀਮ ਸਿੱਖ ਸੁਸਾਇਟੀ ਨੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਦੇ ਨਾਲ ਆਕਲੈਂਡ ਦੇ ਸ਼ਹਿਰ ਟਾਕਾਨਿਨੀ ਵਿਖੇ 11 ਏਕੜ ਦੇ ਵਿੱਚ ਅੰਤਰਰਾਸ਼ਟਰੀ ਪੱਧਰ ਦਾ ਬਹੁਮੰਤਵੀ ਮਲਟੀਪਰਪਜ਼ ਸਪੋਰਟਸ ਕੰਪਲੈਕਸ ਬਣਾਇਆ ਹੈ। ਇਸ ਸਪੋਰਟਸ ਕੰਪਲੈਕਸ ਉਪਰ ਜ਼ਮੀਨ ਦੀ ਲਾਗਤ ਸਮੇਤ 25 ਮਿਲੀਅਨ ਡਾਲਰ ਦੇ ਕਰੀਬ ਖਰਚ ਆਇਆ ਹੈ। ਇਸ ਬਹੁਮੰਤਵੀ ਸਪੋਰਟਸ ਕੰਪਲੈਕਸ ਦਾ ਉਦਘਾਟਨ ਉੱਥੋਂ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਆਰਨ ਨੇ ਕੀਤਾ। ਇਸ ਸਮਾਗਮ ਵਿਚ ਵਿਰੋਧੀ ਧਿਰ ਦੇ ਆਗੂ ਜੂਡਿਥ ਕੋਲਿਨਜ਼ ਤੋਂ ਇਲਾਵਾ ਨਿਊਜ਼ੀਲੈਂਡ ਦੀਆਂ ਹੋਰ ਉੱਘੀਆਂ ਰਾਜਨੀਤਕ ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ। ਸੁਪਰੀਮ ਸਿੱਖ ਸੁਸਾਇਟੀ ਦੇ ਮੁੱਖ ਬੁਲਾਰੇ ਡਾ. ਦਲਜੀਤ ਸਿੰਘ ਨੇ ਆਏ ਮਹਿਮਾਨਾਂ ਅਤੇ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਸਿੱਖ ਫਲਸਫੇ ਤੋਂ ਜਾਣੂ ਕਰਵਾਇਆ। ਨਿਊਜ਼ੀਲੈਂਡ ਮੁਲਕ ਦੀ ਸਿਆਸਤ ਦੇ ਰਹਿਨੁਮਾ ਬੀਬਾ ਜੈਸਿੰਡਾ ਆਰਨ ਨੇ ਵੀ ਸਿੱਖ ਕੌਮ ਦੀ ਫਿਲਾਸਫੀ ਅਤੇ ਗੁਰੂਆਂ ਦੇ ਦਿੱਤੇ ਸਿਧਾਂਤਾਂ ਦੀ ਰੱਜ ਕੇ ਸ਼ਲਾਘਾ ਕੀਤੀ। ਸਿੱਖਾਂ ਦੇ ਇਸ ਉੱਦਮ ਦੇ ਨਾਲ ਸਿੱਖ ਕੌਮ ਦੀ ਪਹਿਚਾਣ ਪੂਰੀ ਦੁਨੀਆ ਵਿਚ ਬਣੀ ਹੈ।

ਜਦੋਂ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਸਿੱਖਾਂ ਦੇ ਵਡਮੁੱਲੇ ਕਾਰਜ ਦੀ ਤਾਰੀਫ਼ ਕਰ ਰਹੇ ਸੀ ਤਾਂ ਇੰਝ ਲੱਗ ਰਿਹਾ ਸੀ ਕਿ ਵਾਕਿਆ ਹੀ ਨਿਊਜ਼ੀਲੈਂਡ ਦੇ ਸਿੱਖਾਂ ਨੇ ਕੌਮ ਦੀ ਪੱਗ ਪੂਰੀ ਦੁਨੀਆ ਵਿਚ ਉੱਚੀ ਕਰ ਦਿੱਤੀ ਹੈ ਨਿਊਜ਼ੀਲੈਂਡ ਵਿੱਚ ਵਸਦਾ ਸਿੱਖ







ਭਾਈਚਾਰਾ ਇਸ ਲਈ ਵਧਾਈ ਦਾ ਪਾਤਰ ਹੈ।

ਨਿਊਜ਼ੀਲੈਂਡ ਸੁਪਰੀਮ ਸਿੱਖ ਸੁਸਾਇਟੀ ਜੋ ਸਾਲ 1982 ਵਿੱਚ ਹੋਂਦ 'ਚ ਆਈ ਹੈ ਇਸ ਤੋਂ ਇਲਾਵਾ 1989 ਤੋਂ ਹੈਰੀਟੇਜ ਸਕੂਲ ਚਲਾ ਰਹੀ ਹੈ, ਸੁਪਰੀਮ ਸਿੱਖ ਸੁਸਾਇਟੀ ਕਈ ਹੋਰ ਵਧੀਆ ਸਮਾਜ ਸੇਵੀ ਕੰਮ ਕਰ ਰਹੀ ਹੈ। ਜੋ ਸਪੋਰਟਸ ਕੰਪਲੈਕਸ 11 ਏਕੜ ਦੇ ਵਿੱਚ ਉਸਾਰਿਆ ਗਿਆ ਹੈ ਉਸ ਵਿੱਚ ਫੀਫਾ ਤੋਂ ਮਾਨਤਾ ਪ੍ਰਾਪਤ ਫੁੱਟਬਾਲ ਗਰਾਊਂਡ ਅਤੇ ਐੱਫਆਈਐੱਚ ਦੀਆਂ ਸ਼ਰਤਾਂ ਪੂਰੀਆਂ ਕਰਦਾ ਹਾਕੀ ਗਰਾਊਂਡ, ਪੰਜਾਬੀਆਂ ਦੀ ਮਕਬੂਲ ਖੇਡ ਕਬੱਡੀ ਨਾਲ ਸਬੰਧਤ ਆਲੀਸ਼ਾਨ ਫਲੱਡ ਲਾਈਟਸ ਅਤੇ ਅਟੈਚ ਸਾਊਂਡ ਸਿਸਟਮ ਗਰਾਊਂਡ, 4 ਰਨਿੰਗ ਟ੍ਰੈਕ, ਨੈਟਬਾਲ, ਵਾਲੀਬਾਲ, ਬਾਸਕਟਬਾਲ ਅਤੇ ਹੋਰ ਖੇਡ ਮੈਦਾਨ, ਕਾਰ ਪਾਰਕਿੰਗ ਬਾਥਰੂਮ ਆਦਿ ਸਾਰੀਆਂ ਸਹੂਲਤਾਂ ਉਪਲਬਧ ਹਨ।

ਸੁਪਰੀਮ ਸਿੱਖ ਸੁਸਾਇਟੀ ਦਾ ਅਗਲਾ ਨਿਸ਼ਾਨਾ 16 ਤੋਂ 20 ਮਿਲੀਅਨ ਡਾਲਰ ਦੀ ਲਾਗਤ ਨਾਲ ਇਕ ਸਕੂਲ ਬਣਾਉਣਾ ਹੈ ਜਿਸ ਵਿੱਚ ਪੰਜਾਬੀ ਵਿਸ਼ਾ ਬੱਚਿਆਂ ਦੇ ਪੜਨ ਲਈ ਸਪੈਸ਼ਲ ਹੋਵੇਗਾ। 5 ਮਿਲੀਅਨ ਵਸੋਂ ਵਾਲੇ ਮੁਲਕ ਨਿਊਜ਼ੀਲੈਂਡ ਵਿੱਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਵੱਲੋਂ ਇਹ ਸਪੋਰਟਸ ਕੰਪਲੈਕਸ ਬਣਾਉਣ ਦਾ ਕਾਰਨਾਮਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੈ।

ਇਕ ਪਾਸੇ ਨਿਊਜ਼ੀਲੈਂਡ ਦੀ 'ਬਿਗਾਨੀ ਧਰਤੀ ਤੇ ਅਸੀਂ ਉਸ ਧਰਤੀ ਤੇ ਬਿਗਾਨੇ ਲੋਕ' ਤੇ ਸਾਨੂੰ ਸਾਡੇ ਕੰਮ ਬਦਲੇ ਉੱਥੋਂ ਦੀਆਂ ਸਰਕਾਰਾਂ ਨੇ ਇੰਨਾ ਵੱਡਾ ਮਾਣ ਦਿੱਤਾ ਹੈ ਪਰ ਦੂਜੇ ਪਾਸੇ ਭਾਰਤ ਦੀ ਸਾਡੀ 'ਆਪਣੀ ਧਰਤੀ ਅਤੇ ਸਾਡੇ ਆਪਣੇ ਲੋਕ' ਸਾਡਾ ਉਹ ਮੁਲਕ ਜਿਸਦੀ ਅਜ਼ਾਦੀ ਵਿੱਚ ਪੰਜਾਬੀਆਂ ਦੀਆਂ 90 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ ਹੋਣ, ਦੇਸ਼ ਦੀ ਖੇਤੀਬਾੜੀ ਅਤੇ ਆਰਥਿਕਤਾ ਮਜ਼ਬੂਤ ਕਰਨ ਵਿੱਚ ਪੰਜਾਬੀਆਂ ਦਾ 70 ਪ੍ਰਤੀਸ਼ਤ ਰੋਲ ਹੋਵੇ; ਪਰ ਜਦੋਂ ਅਸੀਂ ਉੱਥੇ ਆਪਣੇ ਕਿਸੇ ਹੱਕ ਦੀ ਮੰਗ ਕਰੀਏ ਤਾਂ ਇੱਥੋਂ ਦੀਆਂ ਸਰਕਾਰਾਂ ਸਾਨੂੰ ਕਦੇ ਅੱਤਵਾਦੀ, ਕਦੇ ਵੱਖਵਾਦੀ, ਕਦੇ ਇਹ ਨਕਸਲਾਈਟ, ਕਦੇ ਖ਼ਾਲਿਸਤਾਨੀ ਕਹਿ ਕੇ ਪੂਰੀ ਦੁਨੀਆ ਵਿਚ ਭੰਡਦੇ ਹਨ ਪਰ ਕਸੂਰ ਸਾਡਾ ਸਿਰਫ ਇਹੀ ਹੁੰਦਾ ਹੈ ਕਿ ਜਦੋਂ ਅਸੀਂ ਆਪਣਾ ਹੱਕ ਜਾਂ ਇਨਸਾਫ ਮੰਗ ਰਹੇ ਹੁੰਦੇ ਹਾਂ ਤੇ ਸਾਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਂਦਾ ਹੈ। ਸਾਡੇ ਵੱਡੇ ਵਡੇਰੇ ਬਾਬਿਆਂ ਨੇ 1947 ਦਾ ਉਜਾੜਾ ਵੇਖਿਆ ਸੀ, ਅਸੀਂ 1984 ਦੀ ਤਬਾਹੀ ਵੇਖੀ, ਸਾਡੀ ਅਗਲੀ ਪੀੜੀ ਨੇ 2020 ਵਿਚ ਕਿਸਾਨੀ ਦੀ ਤਬਾਹੀ ਦੇਖੀ, ਪਰ ਖੁਸ਼ੀ ਇਸ ਗੱਲ ਦੀ ਹੈ ਕਿ ਸਾਡੀ ਇੱਕ ਪੀੜੀ ਨਿਊਜ਼ੀਲੈਡ ਵਿੱਚ ਸਿੱਖ ਫਲਸਫੇ 'ਤੇ ਪਹਿਰਾ ਦਿੰਦੀ ਹੋਈ ਹੱਕ, ਸੱਚ, ਵਿਸਵਾਸ਼, ਪਿਆਰ ਦੀ ਜੰਗ ਜਿੱਤ ਰਹੀ ਹੈ ਅਤੇ ਕੌਮ ਦਾ ਨਾਮ ਪੂਰੀ ਦੁਨੀਆ ਵਿੱਚ ਰੋਸ਼ਨ ਕਰ ਰਹੀ ਹੈ। ਪ੍ਰਮਾਤਮਾ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰਨਾਂ ਮੁਲਕਾਂ ਵਿੱਚ ਜਿੱਥੇ ਸਿੱਖ ਵਸਦੇ ਨੇ, ਨੂੰ ਵੀ ਸੁਮੱਤ ਦੇਵੇ ਕਿ ਉਹ ਆਪੋ ਆਪਣੇ ਮੁਲਕਾਂ ਵਿੱਚ ਨਿਊਜ਼ੀਲੈਂਡ ਦੇ ਸਿੱਖਾਂ ਵਾਲਾ ਇਤਿਹਾਸ ਦੁਹਰਾਉਣ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)



○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਕਿਸਾਨ ਅੰਦੋਲਨ ਵਿਚ ਪੰਜਾਬੀ ਭਾਈਚਾਰਾ ਤੇ ਸਿੱਖ ਸਭਿਆਚਾਰ

**ਡਾ. ਵਿਸ਼ਾਲ**

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਕਿਸਾਨਾਂ ਦਾ ਚਲਾਇਆ ਅੰਦੋਲਨ ਪੰਜਾਬੀਅਤ ਲਈ ਨਵੇਂ ਮੀਲ ਪੱਥਰ ਗੱਡ ਰਿਹਾ ਹੈ। ਅੰਦੋਲਨ ਨੇ ਪੰਜਾਬ ਦੀਆਂ ਹੱਦਾਂ ਟੱਪ ਕੇ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਹੱਦਾਂ ਨੂੰ ਜਾ ਛੋਹਿਆ ਹੈ। ਇਸ ਦਾ ਸਿੱਧਾ-ਅਸਿੱਧਾ ਪ੍ਰਭਾਵ ਸੰਸਾਰ ਪੱਧਰ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਅੰਦੋਲਨ ਦੇ ਪੰਜਾਬੀ ਸਮਾਜ ਤੇ ਪੰਜਾਬੀਅਤ ਦੀ ਪਛਾਣ ਉੱਤੇ ਸਥਾਈ ਪ੍ਰਭਾਵ ਪੈ ਰਹੇ ਹਨ। ਅੰਦੋਲਨ ਪਿੱਛੇ ਕੰਮ ਕਰਨ ਵਾਲੀ ਵਿਚਾਰਧਾਰਾ ਪੰਜਾਬੀਆਂ ਦੀ ਹੈ ਅਤੇ ਇਸ ਪਿੱਛੇ ਪੰਜਾਬੀ ਖਾਸਾ, ਪੰਜਾਬੀ ਜੀਵਨ ਜਾਚ ਅਤੇ ਪੰਜਾਬੀਆਂ ਦਾ ਚਰਿੱਤਰ ਕੰਮ ਕਰ ਰਿਹਾ ਹੈ। ਵੀਰਤਾ, ਕਾਬਲੀਅਤ, ਮਿਹਨਤ, ਜੋਸ਼ ਤੇ ਉਤਸ਼ਾਹ ਪੰਜਾਬੀਆਂ ਦੇ ਮੁੱਢਲੇ ਗੁਣ ਹਨ ਅਤੇ ਇਸੇ ਲਈ ਸੁਭਾਅ ਪੱਖੋਂ ਨਿਡਰ ਹੋਣ ਕਰ ਕੇ ਪੰਜਾਬੀ ਹਰ ਜੰਗ ਵਿਚ ਅੱਗੇ ਲੱਗ ਤੁਰਦੇ ਹਨ। 'ਤੈਂ ਨਾ ਮੰਨਣ ਵਾਲੀ' ਪ੍ਰਵਿਰਤੀ ਇਨਾਂ ਨੂੰ ਸੰਘਰਸ਼ ਦੇ ਰਾਹ ਪਾਉਂਦੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬੀ ਤਾਂ ਉਹ ਹਨ ਜੋ ਸਿਰਫ਼ ਲੱਤਾਂ ਹਿਲਾਉਣ ਲਈ ਹੀ ਪੰਜਾਹ ਕੋਹ ਦਾ ਪੈਂਡਾ ਸਰ ਕਰ ਲੈਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਦੁਆਰਾ ਦਰਸਾਏ ਬਰਾਬਰੀ, ਸਰਬ-ਸਾਂਝੀਵਾਲਤਾ, ਕਿਰਤ ਕਰਨ ਅਤੇ ਜਬਰ ਦਾ ਵਿਰੋਧ ਕਰਨ ਦੀ ਹਾਮੀ ਭਰਨ ਵਾਲੇ ਪੰਜਾਬੀ ਗੁਰੂ ਹਰਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਅਤੇ ਗੁਰੂ ਗੋਬਿੰਦ ਸਿੰਘ ਦੇ 'ਸਵਾ ਲਾਖ ਸੇ ਏਕ ਲੜਾਊਂ' ਵਾਲੀ ਬਿਰਤੀ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ। ਇਹ ਨਾ ਤਾਂ ਕਿਸੇ ਤੋਂ ਭੈਅ ਖਾਂਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾ ਧਮਕਾ ਕੇ ਆਪਣੀ ਚੌਧਰ ਬਣਾਉਣ ਵਿਚ ਯਕੀਨ ਰੱਖਦੇ ਹਨ। ਸੱਤਾ ਦੇ ਜਾਬਰ ਵਰਤੀਰੇ ਪ੍ਰਤੀ ਨਾਬਰੀ ਪੰਜਾਬੀਆਂ ਦੇ ਚਰਿੱਤਰ ਦਾ ਖਾਸਾ ਹੈ।

ਜੂਨ, 2020 ਵਿਚ ਤਿੰਨ ਨਵੇਂ ਖੇਤੀ ਆਰਡੀਨੈਂਸ ਜਾਰੀ ਹੋਏ ਤਾਂ ਇਨਾਂ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਹਲੂਣਾ ਦਿੱਤਾ। ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਵੱਖੋ-ਵੱਖਰੇ ਢੰਗਾਂ ਨਾਲ ਇਨਾਂ ਦਾ ਵਿਰੋਧ ਹੋਇਆ। 25 ਨਵੰਬਰ, 2020 ਨੂੰ ਕਿਸਾਨ ਦਿੱਲੀ ਦੀਆਂ ਹੱਦਾਂ ਉੱਤੇ ਜਾ ਬੈਠੇ ਤਾਂ ਜੋ ਸੱਤਾਧਾਰੀ ਹੁਕਮਰਾਨਾਂ ਨੂੰ ਆਪਣੇ ਵਿਰੋਧ ਤੋਂ ਜਾਣੂ ਕਰਵਾ ਸਕਣ। ਇਸ ਵਿਰੋਧ ਪ੍ਰਦਰਸ਼ਨ ਵਿਚ ਉਨਾਂ ਨਾਲ ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੀ ਸ਼ਾਮਲ ਹੋ ਗਏ। ਇਸ ਮਗਰੋਂ ਕਿਸਾਨੀ ਤੋਂ ਇਲਾਵਾ ਦੂਜੇ ਕਿੱਤਿਆਂ ਨਾਲ ਜੁੜੇ ਲੋਕ ਵੀ ਜੁੜਨ ਲੱਗੇ ਅਤੇ ਸੰਸਾਰ ਭਰ ਦੇ ਬਾਕੀ ਦੇਸ਼ਾਂ ਦੇ ਲੋਕਾਂ ਦਾ ਸਮਰਥਨ ਵੀ ਇਸ ਸੰਘਰਸ਼ ਨੂੰ ਮਿਲਣ ਲੱਗਾ। ਹੁਣ ਚਾਰ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉੱਤੇ ਚੱਲ ਰਿਹਾ ਅੰਦੋਲਨ ਸਿਰਫ਼ ਸਿੱਖਾਂ ਜਾਂ ਪੰਜਾਬੀਆਂ ਦਾ ਨਹੀਂ ਬਲਕਿ ਸੰਸਾਰ ਪੱਧਰੀ ਜਨ ਅੰਦੋਲਨ ਬਣ ਚੁੱਕਿਆ ਹੈ।



ਸੰਸਾਰ ਪੱਧਰ ਤੇ ਵੱਡੀਆਂ ਹਸਤੀਆਂ ਤੋਂ ਮਿਲਿਆ ਸਮਰਥਨ ਵੀ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਇਹ ਅੰਦੋਲਨ ਪੰਜਾਬੀ ਸਮਾਜ ਨੂੰ ਨਵੀਂ ਦਿਸ਼ਾ ਵੱਲ ਲਿਜਾ ਰਿਹਾ ਹੈ। ਇਸ ਅੰਦੋਲਨ ਦੇ ਪ੍ਰਭਾਵਾਂ ਨੂੰ ਇੰਝ ਵਾਚਿਆ ਜਾ ਸਕਦਾ ਹੈ :

ਕਿਸਾਨੀ ਅੰਦੋਲਨ ਸਦਕਾ ਪੰਜਾਬੀ ਅਤੇ ਹਰਿਆਣਵੀ ਨਾ ਕੇਵਲ ਇਕ ਦੂਜੇ ਦੇ ਹਮਾਇਤੀ ਬਣੇ ਬਲਕਿ ਉਹ ਇਕ ਦੂਜੇ ਨੂੰ ਛੋਟਾ ਵੱਡਾ ਭਰਾ ਹੋਣ ਦਾ ਲਕਬ ਵੀ ਬਖ਼ਸ਼ ਚੁੱਕੇ ਹਨ। ਪੰਜਾਬੀਆਂ ਨੂੰ ਹੁਣ ਹੁੱਕਾ ਪੀਣ ਵਾਲੇ ਹਰਿਆਣਵੀ ਜਾਂ ਯੂਪੀ ਦੇ ਬਜ਼ੁਰਗਾਂ ਕੋਲ ਬੈਠਣ ਜਾਂ ਵਿਚਾਰ-ਵਟਾਂਦਰਾ ਕਰਨ ਤੋਂ ਕੋਈ ਗੁਰੇਜ਼ ਨਹੀਂ ਅਤੇ ਉਹ ਵੀ ਬੜੀ ਸ਼ਾਨ ਨਾਲ ਪੱਗ ਬੰਨ ਕੇ ਪੰਜਾਬ ਨੂੰ ਆਪਣਾ ਆਗੂ ਮੰਨ ਚੁੱਕੇ ਹਨ। ਪੰਜਾਬ ਅਤੇ ਹਰਿਆਣਾ ਵਿਚ ਪਈਆਂ ਸਮਾਜਿਕ, ਸੱਭਿਆਚਾਰਕ ਅਤੇ ਰਾਜਸੀ ਦੂਰੀਆਂ ਵੀ ਹੁਣ ਮਿਟ ਰਹੀਆਂ ਹਨ। ਹਰਿਆਣਾ ਤੇ ਪੰਜਾਬ ਦਾ ਭਾਸ਼ਾ ਅਤੇ ਪਾਣੀਆਂ ਦਾ ਮੁੱਦਾ ਦੋਹਾਂ ਧਿਰਾਂ ਲਈ ਹਾਲ ਦੀ ਘੜੀ ਗ਼ੈਰ ਵਾਜਿਬ ਹੋ ਗਿਆ ਜਾਪਦਾ ਹੈ।

ਮੱਧਕਾਲ ਅਤੇ ਆਧੁਨਿਕ ਕਾਲ ਵਿਚ ਵਿਕਸਿਤ ਹੋਈਆਂ ਲੋਕ ਲਹਿਰਾਂ- ਗੁਰਮਤਿ ਲਹਿਰ, ਭਗਤੀ ਲਹਿਰ, ਸੂਫ਼ੀ ਲਹਿਰ, ਸਿੰਘ ਸਭਾ ਲਹਿਰ, ਗਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਨਕਸਲਬਾੜੀ ਲਹਿਰ ਦੀ ਬਦੌਲਤ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਰਚਿਆ ਗਿਆ। ਇਸੇ ਤਰਾਂ ਕਿਸਾਨੀ ਲਹਿਰ ਵਿਚੋਂ ਵੀ ਲਗਾਤਾਰ ਸਾਹਿਤ ਸਿਰਜਣਾ ਦਾ ਸਿਲਸਿਲਾ ਜਾਰੀ ਹੈ। ਪਿਛਲੇ ਕੁਝ ਸਮੇਂ ਵਿਚ ਹੀ ਇਸ ਅੰਦੋਲਨ ਨਾਲ ਸਬੰਧਤ ਕਵਿਤਾ, ਨਾਟਕ, ਲੇਖ ਨਾ ਕੇਵਲ ਲਿਖੇ ਅਤੇ ਛਾਪੇ ਜਾ ਰਹੇ ਹਨ ਬਲਕਿ ਲੋਕਾਂ ਵੱਲੋਂ ਪੜੇ ਅਤੇ ਸਲਾਹੇ ਵੀ ਜਾ ਰਹੇ ਹਨ। ਕਿਸਾਨੀ ਦੇ ਹੱਕ ਵਿਚ ਰਚੇ ਜਾ ਰਹੇ ਸਾਹਿਤ ਦਾ ਹੜ ਆ ਜਾਣਾ ਵਿਚਾਰਧਾਰਕ ਖਲਾਅ ਦੇ ਖ਼ਾਤਮੇ ਦਾ ਐਲਾਨ ਹੈ। ਇਸ ਨਾਲ ਲੋਕ ਵਿਹਾਰ ਵਿਚ ਤਬਦੀਲੀ ਦੀਆਂ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ। ਪੰਜਾਬੀ ਸਮਾਜ ਵਿਚ ਨਵ-ਚੇਤਨਾ ਅਤੇ ਜਾਗ੍ਰਿਤੀ ਆ ਗਈ ਹੈ।

ਅੰਦੋਲਨ ਨੇ ਪੰਜਾਬੀ ਬੌਧਿਕ ਜਗਤ ਨੂੰ ਵੀ ਨਵੀਂ ਸੇਧ ਦਿੱਤੀ ਹੈ। ਪੰਜਾਬ ਦਾ ਬੁੱਧੀਜੀਵੀ ਵਰਗ ਹਰਕਤ ਵਿਚ ਆ ਗਿਆ ਹੈ। ਵੱਖ ਵੱਖ ਵਿਧਾਵਾਂ ਦਾ ਸਾਹਿਤ ਰਚਣ ਤੋਂ ਲੈ ਕੇ ਪੁਸਤਕ ਪ੍ਰਕਾਸ਼ਨਾ, ਮੀਡੀਆ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਹੋਣ ਵਾਲੀ ਵਿਚਾਰ-ਚਰਚਾ ਵਿਚ ਹਿੱਸਾ ਲੈ ਕੇ ਉਹ ਆਮ ਲੋਕਾਂ ਨੂੰ ਇਨਾਂ ਕਾਨੂੰਨਾਂ ਦੇ ਨਫ਼ੇ ਨੁਕਸਾਨ ਦੀ ਜਾਣਕਾਰੀ ਵੀ ਦੇ ਰਹੇ ਹਨ। ਪੰਜਾਬੀ ਮੀਡੀਆ ਦਾ ਅਕਸ ਵੀ ਪਹਿਲਾਂ ਨਾਲੋਂ ਬਿਹਤਰ ਹੋਇਆ ਹੈ ਅਤੇ ਇਸ ਵਿਚ ਗੁਣਾਤਮਕ ਉਭਾਰ ਦੇਖਣ ਨੂੰ ਮਿਲ ਰਿਹਾ ਹੈ। ਟਰਾਲੀ ਟਾਈਮਜ਼, ਗੁਰਮੁਖੀ, ਵੰਗਾਰ ਆਦਿ ਅਖ਼ਬਾਰਾਂ ਦਾ ਆਰੰਭ ਹੋਣਾ ਇਸੇ ਕੜੀ ਦਾ ਸ਼ੁਭ ਸ਼ਗਨ ਹੈ। ਜਿਨਾਂ ਜਿਨਾਂ ਬਾਰਡਰਾਂ ਉੱਤੇ ਕਿਸਾਨ ਅੰਦੋਲਨ ਚੱਲ ਰਿਹਾ ਹੈ, ਉੱਥੇ ਉੱਥੇ ਲਾਇਬਰੇਰੀਆਂ, ਵਿਸ਼ੇਸ਼ ਕਰ ਪੰਜਾਬੀ ਪੁਸਤਕਾਂ ਦਾ ਹੋਣਾ ਵੀ ਪੰਜਾਬੀ ਸਮਾਜ ਵਿਚ ਦਿਸ ਰਹੀ ਵੱਡੀ ਤਬਦੀਲੀ ਵੱਲ ਸੰਕੇਤ ਕਰਦਾ ਹੈ। ਕਿਸਾਨੀ ਅੰਦੋਲਨ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਪੈਰੋਕਾਰ ਇਹ ਲੋਕ, ਲਾਲਾ ਲਾਜਪਤ ਰਾਇ ਅਤੇ ਮਹਾਤਮਾ ਗਾਂਧੀ ਦੇ ਸ਼ਾਂਤੀ ਸਿਧਾਂਤਾਂ ਨੂੰ ਅਪਣਾ ਕੇ ਸ਼ਾਂਤੀ ਦੂਤ ਬਣ ਰਹੇ ਹਨ।

ਕਿਸਾਨੀ ਅੰਦੋਲਨ ਕਰ ਕੇ ਪੰਜਾਬੀ ਗੀਤਕਾਰੀ ਵਿਚ ਸਾਕਾਰਾਤਮਕ ਤਬਦੀਲੀ ਹੋ ਰਹੀ ਹੈ। ਪੰਜਾਬੀ ਗੀਤਕਾਰੀ ਵਿਚ ਜਿੱਥੇ ਪਹਿਲਾਂ ਲੱਚਰਤਾ, ਹਿੰਸਾ, ਆਸ਼ਕੀ-ਮਾਸ਼ੂਕੀ ਦੇ ਵਿਸ਼ੇ ਹਾਵੀ ਸਨ, ਉੱਥੇ ਹੁਣ ਕਿਸਾਨੀ ਨਾਲ ਸਬੰਧਤ ਮੁੱਦਿਆਂ ਨੂੰ ਬੜੀ ਬੇਬਾਕੀ ਨਾਲ ਉਭਾਰਿਆ ਜਾ ਰਿਹਾ ਹੈ। ਇਸ ਅੰਦੋਲਨ ਦੇ ਖ਼ਾਸੇ ਸਦਕਾ ਹੀ ਪੰਜਾਬੀ ਲੋਕ ਮਾਨਸਿਕਤਾ ਧਰਮ, ਜਾਤੀ ਦੀਆਂ ਸੌੜੀਆਂ ਵਲਗਣਾਂ ਤੋੜ ਕੇ ਮਿੱਟੀ ਨਾਲ ਜੁੜ ਰਹੀ ਹੈ। ਸਪੱਸ਼ਟ ਹੈ ਕਿ ਇਹ ਅੰਦੋਲਨ ਪੰਜਾਬੀ ਜਵਾਨੀ ਦੀ ਦਿਸ਼ਾ ਤੈਅ ਕਰਨ ਵਿਚ ਅਹਿਮ ਰੋਲ ਅਦਾ ਕਰੇਗਾ।

ਦਿੱਲੀ ਦੀਆਂ ਬਰੂਹਾਂ ਉੱਤੇ ਅੱਜ ਕੱਲ ਪੰਜਾਬੀ ਲੋਕ ਖੇਡਾਂ, ਲੋਕ ਗੀਤਾਂ, ਲੋਕ ਨਾਟ ਸ਼ੈਲੀਆਂ, ਲੋਕ ਨਾਚਾਂ ਰਾਹੀਂ ਮਨੋਰੰਜਨ ਦੇ ਨਾਲ ਨਾਲ ਜੀਵਨ ਸ਼ੈਲੀ ਦਾ ਮਿਆਰੀਕਰਨ ਵੀ ਕੀਤਾ ਜਾ ਰਿਹਾ ਹੈ। ਕਿਸਾਨੀ ਅੰਦੋਲਨ ਦੀ ਬਦੌਲਤ ਹੀ ਪੰਜਾਬੀ ਜ਼ੁਬਾਨ ਵਿਚ ਵੀ ਅਮੀਰੀ ਆ ਰਹੀ ਹੈ ਅਤੇ ਇਸ ਦਾ ਘੇਰਾ ਵਸੀਹ ਹੋਇਆ ਹੈ।

ਬਾਕੀ ਸਫ਼ਾ 31 'ਤੇ

# 26 ਜਨਵਰੀ : ਲਾਲ ਕਿਲੇ ਦੀ ਘਟਨਾ ਦਾ ਅਸਲ ਹੀਰੋ ਜੁਗਰਾਜ ਸਿੰਘ

## ਸਾਡੇ ਪੋਤੇ ਨੇ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਅ ਕੇ ਮਾਣਮੱਤਾ ਇਤਿਹਾਸ ਸਿਰਜਿਆ ਹੈ

26



**ਰਣਜੀਤ ਸਿੰਘ ਦਮਦਮੀ ਟਕਸਾਲ**
**(ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**
**88722-93883**







ਜਨਵਰੀ ਨੂੰ ਲਾਲ ਕਿਲੇ 'ਚ ਜੋ ਹੋਇਆ ਉਹ ਇੱਕ ਇਤਿਹਾਸਕ ਵਰਤਾਰਾ ਸੀ। ਅਜਿਹੀਆਂ ਘਟਨਾਵਾਂ ਸਦੀਆਂ ਬਾਅਦ ਵਾਪਰਦੀਆਂ ਹਨ। ਕਿਸਾਨ ਟਰੈਕਟਰ ਪਰੇਡ ਦੌਰਾਨ ਲਾਲ ਕਿਲੇ 'ਤੇ ਖ਼ਾਲਸਾਈ ਝੰਡਾ ਅਤੇ ਕਿਸਾਨੀ ਝੰਡਾ ਝੁੱਲਣਾ ਇਹ ਮੋਦੀ ਹਕੂਮਤ ਅਤੇ ਦਿੱਲੀ ਦਰਬਾਰ ਨੂੰ ਇੱਕ ਵੰਗਾਰ ਹੈ। ਅੱਜ ਤੋਂ 238 ਸਾਲ ਪਹਿਲਾਂ 11 ਮਾਰਚ 1783 ਨੂੰ ਜਥੇਦਾਰ ਬਾਬਾ ਬਘੇਲ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਦਿੱਲੀ ਫ਼ਤਹਿ ਕਰਕੇ ਲਾਲ ਕਿਲੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾਇਆ ਸੀ। ਇਸੇ ਖ਼ਾਲਸਾਈ ਨਿਸ਼ਾਨ ਸਾਹਿਬ ਦੀ ਅਗਵਾਈ ਅਤੇ ਛਾਂ ਹੇਠ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਾਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਸੀ। 26 ਜਨਵਰੀ 2021 ਨੂੰ ਸਿੱਖ ਨੌਜਵਾਨ ਭਾਈ ਜੁਗਰਾਜ ਸਿੰਘ ਨੇ ਲਾਲ ਕਿਲੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਗੱਡ ਕੇ ਸਿੱਖ ਇਤਿਹਾਸ ਦਾ ਇੱਕ ਹੋਰ ਸੁਨਹਿਰੀ ਪੰਨਾ ਸਿਰਜ ਦਿੱਤਾ ਜਿਸ 'ਤੇ ਕੌਮ ਨੂੰ ਸਦੀਆਂ ਤਕ ਮਾਣ ਰਹੇਗਾ। ਜੁਗਰਾਜ ਸਿੰਘ ਨੇ ਦੱਸ ਦਿੱਤਾ ਕਿ ਸਿੱਖ ਅੱਜ ਵੀ ਦਿੱਲੀ ਦੇ ਲਾਲ ਕਿਲੇ 'ਤੇ ਖ਼ਾਲਸਾਈ ਝੰਡੇ ਗੱਡ ਸਕਦੇ ਹਨ। ਜੁਗਰਾਜ ਸਿੰਘ ਦਾ ਇਹ ਐਕਸ਼ਨ ਸਾਡੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ ਅਤੇ ਪੰਥ ਤੇ ਪੰਜਾਬ ਦੀ ਅਣਖ਼, ਹੋਂਦ ਤੇ ਇੱਜਤ ਖਾਤਰ ਸਾਨੂੰ ਜੂਝਣ ਲਈ ਉਤਸ਼ਾਹਿਤ ਕਰਦਾ ਹੈ।

ਇਹ ਪਹਿਲੀ ਵਾਰ ਹੋਇਆ ਕਿ ਲਾਲ ਕਿਲੇ 'ਤੇ ਖ਼ਾਲਸਾਈ ਝੰਡਾ ਝੁੱਲਦਾ ਪੂਰੀ ਦੁਨੀਆਂ ਨੇ ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਲਾਈਵ ਵੇਖਿਆ। ਇਸ ਐਕਸ਼ਨ ਨਾਲ ਹਿੰਦ ਹਕੂਮਤ, ਦਿੱਲੀ ਦਰਬਾਰ, ਭਾਰਤੀ ਮੀਡੀਆ ਤੇ ਏਜੰਸੀਆਂ ਦੀ ਨੀਂਦ ਹਰਾਮ ਹੋ ਗਈ। ਜੁਗਰਾਜ ਸਿੰਘ ਨੇ ਪਲਾਂ 'ਚ ਹੀ ਹਿੰਦੂ ਰਾਸ਼ਟਰ ਦਾ ਸੁਪਨਾ ਚਕਨਾ-ਚੂਰ ਕਰ ਦਿੱਤਾ। ਲਾਲ ਕਿਲੇ ਦੀ ਇਸ ਘਟਨਾ 'ਚ ਜੁਗਰਾਜ ਸਿੰਘ, ਦੀਪ ਸਿੱਧੂ, ਲੱਖਾ ਸਿਧਾਣਾ ਅਤੇ ਇਕਬਾਲ ਸਿੰਘ ਤੇ ਹੋਰਾਂ ਦਾ ਨਾਂ ਬਹੁਤ ਚਰਚਿਤ ਹੋਇਆ। ਇਹਨਾਂ ਯੋਧਿਆਂ ਉੱਤੇ ਮੋਦੀ ਸਰਕਾਰ ਅਤੇ ਦਿੱਲੀ ਪੁਲੀਸ ਨੇ ਇੱਕ-ਇੱਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ, 200 ਤੋਂ ਵੱਧ ਨੌਜਵਾਨਾਂ ਤੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ। ਹਾਲਾਂਕਿ ਲੱਖਾ ਸਿਧਾਣਾ ਲਾਲ ਕਿਲੇ 'ਚ ਨਹੀਂ ਗਿਆ ਪਰ ਸਰਕਾਰ ਨੇ ਉਸ ਨੂੰ ਵੀ ਨਿਸ਼ਾਨਾ ਬਣਾਇਆ ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਉੱਤੇ ਵੀ ਕੇਸ ਦਰਜ ਕੀਤੇ।

ਇਸ ਸਾਰੇ ਘਟਨਾਕ੍ਰਮ ਅਤੇ ਵਰਤਾਰੇ 'ਚ ਜੁਗਰਾਜ ਸਿੰਘ ਦਾ ਜਿੰਨਾ ਜ਼ਿਕਰ ਹੋਣਾ ਚਾਹੀਦਾ ਸੀ ਓਨਾ ਨਹੀਂ ਹੋਇਆ ਜਦ ਕਿ ਸੱਚ ਇਹ ਹੈ ਕਿ ਲਾਲ ਕਿਲੇ ਦੀ ਘਟਨਾ ਦਾ ਅਸਲ ਹੀਰੋ ਤਾਂ ਭਾਈ ਜੁਗਰਾਜ ਸਿੰਘ ਹੀ ਹੈ ਜੋ ਬੜੀ ਫੁਰਤੀ ਨਾਲ ਬੂਟ-ਜੁਰਾਬਾਂ ਲਾਹ ਕੇ ਇੱਕ ਲੰਬੀ ਅਤੇ ਪਤਲੀ ਪਾਈਪ (ਖਾਲੀ ਪੋਲ) 'ਤੇ ਆਪਣੀਆਂ ਲੱਤਾਂ-ਬਾਂਹਾਂ ਦੇ ਜ਼ੋਰ ਨਾਲ ਖ਼ਾਲਸਾਈ ਝੰਡਾ ਅਤੇ ਕਿਸਾਨੀ ਝੰਡਾ ਲੈ ਕੇ ਚੜ ਗਿਆ ਤੇ ਉਸ ਨੇ ਧੁਰ ਉੱਪਰ ਇਹ ਝੰਡੇ ਗੱਡ ਕੇ ਸਿੱਖ ਜਵਾਨੀ ਤੇ ਕਿਸਾਨੀ 'ਚ ਜੋਸ਼ ਭਰ ਦਿੱਤਾ।

21 ਮਾਰਚ 2021 ਨੂੰ ਜਦ ਅਸੀਂ ਜੁਗਰਾਜ ਸਿੰਘ ਦੇ ਘਰ ਗਏ ਤੇ ਸਾਰੇ ਪਰਿਵਾਰ ਨੂੰ ਮਿਲੇ। ਜਾਣਕਾਰੀ ਅਨੁਸਾਰ ਜੁਗਰਾਜ ਸਿੰਘ ਦਾ ਜਨਮ 11 ਜਨਵਰੀ 1994 ਦਾ ਹੈ। ਪਿਤਾ ਸ. ਬਲਦੇਵ ਸਿੰਘ ਜੋ ਅੰਮ੍ਰਿਤਧਾਰੀ ਅਤੇ ਬਾਣੀ-ਬਾਣੇ ਦੇ ਧਾਰਨੀ ਹਨ ਤੇ ਮਾਤਾ ਦਾ ਨਾਂ ਭਗਵੰਤ ਕੌਰ ਹੈ। ਦਾਦਾ ਜੀ ਸ. ਮਹਿਲ ਸਿੰਘ ਬੜੇ ਚੜਦੀ ਕਲਾ ਵਾਲੇ ਗੁਰਸਿੱਖ ਹਨ ਤੇ ਦਾਦੀ ਗੁਰਬਚਨ ਕੌਰ ਹਨ। ਜੁਗਰਾਜ ਸਿੰਘ ਜ਼ਿਲਾ ਤਰਨ ਤਾਰਨ ਦੀ ਤਹਿਸੀਲ ਭਿੱਖੀਵਿੰਡ 'ਚ ਪਿੰਡ 'ਤਾਰਾ ਸਿੰਘ ਵਾਂ' ਦਾ ਰਹਿਣ ਵਾਲਾ ਹੈ। ਉਸ ਦੀਆਂ ਦੋ ਵੱਡੀਆਂ ਭੈਣਾਂ ਕੁਲਦੀਪ ਕੌਰ, ਸੰਦੀਪ ਕੌਰ ਤੇ ਛੋਟੀ ਪ੍ਰਵੀਨ ਕੌਰ ਹੈ। ਜੁਗਰਾਜ ਸਿੰਘ ਨੇ ਬਾਰਵੀਂ ਤੱਕ ਪੜਾਈ ਕੀਤੀ ਤੇ ਹੁਣ ਉਹ ਖੇਤੀਬਾੜੀ ਕਰਦਾ ਸੀ। ਬਾਰਡਰ ਨਾਲ ਲਗਦੀਆਂ ਕੰਢਿਆਲੀਆਂ ਤਾਰਾਂ ਕੋਲ਼ ਪਰਿਵਾਰ ਦੀ ਦੋ ਏਕੜ ਜ਼ਮੀਨ ਹੈ। ਘਰ ਕੱਚਾ, ਸਾਦਾ ਅਤੇ ਆਮ ਜਿਹਾ ਬਣਿਆ ਹੈ, ਗ਼ਰੀਬੀ ਸਾਫ਼ ਝਲਕਦੀ ਹੈ। ਟਰੈਕਟਰ ਕਈ ਸਾਲਾਂ ਤੋਂ ਖ਼ਰਾਬ ਖੜਾ ਹੈ, ਪਰਿਵਾਰ ਉੱਤੇ ਚਾਰ ਲੱਖ ਦਾ ਕਰਜਾ ਵੀ ਹੈ। ਜੁਗਰਾਜ ਸਿੰਘ ਨੇ ਫ਼ੌਜ ਵਿੱਚ ਭਰਤੀ ਹੋਣ ਦੀ ਵੀ ਕਾਫ਼ੀ ਕੋਸ਼ਿਸ਼ ਕੀਤੀ ਸੀ।

ਬਾਕੀ ਸਫ਼ਾ 31 'ਤੇ

# ਕਲਾ ਦੇ ਰੂਪ ਵਿੱਚ ਸਿੱਖ ਇਤਿਹਾਸ, ਅਮਰੀਕਾ ਦੇ ਨੋਰਵਿਚ ਦੀ ਸ਼ਾਨ

**ਸਰਬਜੀਤ ਕੌਰ 'ਸਰਬ'**





ਸਿੱਖ ਕੌਮ ਇਕ ਅਜਿਹੀ ਕੌਮ ਹੈ, ਜੋ ਸੰਸਾਰ ਦੇ ਕਿਸੇ ਵੀ ਖਿੱਤੇ ਵਿੱਚ ਰਹਿੰਦੀ ਹੋਵੇ ਪਰ ਉਸ ਦਾ ਮੂਲ ਪੰਜਾਬ ਨਾਲ ਹੀ ਜੁੜਿਆ ਰਹਿੰਦਾ ਹੈ। ਇਸੇ ਕਰਕੇ ਪੰਜਾਬ ਦਾ ਸਭਿਆਚਾਰਕ ਵਿਰਾਸਤ ਧਰਮ ਤੇ ਇਤਿਹਾਸ ਦੇ ਚਰਚੇ ਸੰਸਾਰ ਭਰ ਵਿੱਚ ਹੁੰਦੇ ਹਨ । ਸਿੱਖੀ ਨੂੰ ਪਿਆਰ ਕਰਨ ਵਾਲਿਆਂ ਨੇ ਆਪਣੇ ਰਹਿੰਦੇ ਖਿੱਤੇ ਵਿਚ ਵੀ ਸਿੱਖੀ ਨੂੰ ਰੁਸ਼ਨਾਇਆ ਹੈ । ਸਿੱਖ ਵਿਰਾਸਤ ਨੂੰ ਪਿਆਰ ਕਰਨ ਵਾਲਿਆਂ ਵਿੱਚ ਸਵਰਨਜੀਤ ਸਿੰਘ ਖਾਲਸਾ ਇਕ ਹਨ, ਜਿਨਾਂ ਨੇ ਸਿੱਖ ਇਤਿਹਾਸ ਨੂੰ ਆਰਟ ਗੈਲਰੀ ਦੇ ਨਾਮ ਹੇਠ ਸੰਭਾਲ ਕੇ ਰੱਖ ਲਿਆ ਹੈ । ਜਿੰਨਾ ਇਤਿਹਾਸ ਕਲਾ ਦੇ ਰੂਪ ਵਿਚ ਉਨਾਂ ਨੇ ਬੇਗਾਨੇ ਮੁਲਕ ਵਿੱਚ ਸੰਭਾਲਿਆ ਹੋਇਆ ਹੈ, ਅਨੁਮਾਨ ਹੈ ਕਿ ਪੰਜਾਬ ਵਿੱਚ ਆਪਣੇ ਇਤਿਹਾਸ ਨੂੰ ਇੰਨਾ ਸੰਭਾਲ ਕੇ ਨਾ ਰੱਖਿਆ ਗਿਆ ਹੋਵੇ , ਜਿੰਨਾ ਕਿ ਸਵਰਨਜੀਤ ਸਿੰਘ ਖਾਲਸਾ ਜੀ ਨੇ ਇੰਗਲੈਂਡ ਦੇ ਸ਼ਹਿਰ ਨੌਰਵਿਚ ਰੱਖਿਆ ਹੈ। ਕਲੀਨਿਕ ਡਰਾਈਵ ਤੇ ਇਕ ਮੰਜ਼ਲਾ ਇਮਾਰਤ ਵਿਚਲੀ ਹਰ ਇੰਚ ਦੀ ਕੰਧ ਉੱਤੇ ਉੱਘੇ ਸਿੱਖ ਨੇਤਾਵਾਂ ਅਤੇ ਪਛਾਣ ਚਿੰਨਾਂ ਦੇ ਰੰਗੀਨ ਕਲਾ ਨਾਲ ਸਜੀ ਹੋਈ ਹੈ, ਜਿਸ ਵਿਚ ਸ਼ਾਮਲ ਹੁੰਦੇ ਇੱਕ ਸਾਰ ਆਰਾਮਦਾਇਕ ਜਗਾ ਮਹਿਸੂਸ ਹੁੰਦੀ ਹੈ।

ਇਹ ਸਿੱਖ ਆਰਟ ਗੈਲਰੀ ਪੂਰਬੀ ਕਨੈਕਟੀਕਟ ਦੇ ਸਭ ਤੋਂ ਵਿਭਿੰਨ ਸ਼ਹਿਰਾਂ ਵਿਚੋਂ ਇਕ ਹੈ, ਜੋ ਸਿੱਖ ਸੱਭਿਆਚਾਰ ਦੀ ਰੂਹ ਮੰਨੀ ਜਾਂਦੀ ਹੈ ਜੋ ਨਵੰਬਰ 2020 ਵਿਚ ਮਹਾਂਮਾਰੀ ਦੇ ਮੱਧ ਵਿਚ ਬਣਾਈ ਗਈ ਸੀ । ਇਸ ਗੈਲਰੀ ਦੇ ਮਾਲਕ ਅਤੇ ਸਿਰਜਣਾਤਮਕ ਨਿਰਦੇਸ਼ਕ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ, 'ਕਲਾ ਇਕ ਅਜਿਹੀ ਭਾਸ਼ਾ ਹੈ ਜੋ ਲੋਕਾਂ ਦੇ ਦਿਲਾਂ ਨੂੰ ਜੋੜ ਸਕਦੀ ਹੈ,' ਅਤੇ ਅਸੀਂ ਇਸ ਭਾਈਚਾਰੇ ਵਿਚ ਏਕਤਾ ਲਿਆਉਣ ਦੀ ਉਮੀਦ ਕਰਦੇ ਹਾਂ।' ਸਵਰਨਜੀਤ ਸਿੰਘ ਖਾਲਸਾ, ਜੋ ਕਿ ਨੌਰਵਿਚ ਟਾਊਨ ਵਿੱਚ ਇੱਕ ਗੈਸ ਸਟੇਸ਼ਨ ਦਾ ਮਾਲਕ ਵੀ ਹੈ। ਉਹ ਗਿਆਰਾਂ ਸਾਲ ਪਹਿਲਾਂ ਨੋਰਵਿਚ ਆਇਆ ਜਿਸ ਨੇ ਸਿੱਖ ਇਤਿਹਾਸ ਨੂੰ ਕਲਾ ਦੇ ਰੂਪ ਵਿੱਚ ਸੰਭਾਲ ਕੇ ਰੱਖਣ ਦਾ ਆਪਣਾ ਇੱਕ ਮਿਸ਼ਨ ਬਣਾ ਲਿਆ ਤਾਂ ਜੋ ਉਸ ਖਿੱਤੇ ਵਿਚ ਰਹਿੰਦੇ ਪੰਜਾਬੀਆਂ ਨੂੰ ਪੰਜਾਬ ਦੀ ਵਿਰਾਸਤ ਅਤੇ ਇਤਿਹਾਸ ਨਾਲ ਜੋੜਿਆ ਜਾਵੇ । ਖ਼ਾਲਸੇ ਦੇ ਇਸ ਮਿਸ਼ਨ ਨੇ ਸਿੱਖ ਕੌਮ ਨੂੰ ਇੱਕ ਅਜਿਹਾ ਸੰਦੇਸ਼ ਦਿੱਤਾ ਜਿਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਵੇਗਾ ਕਿਉਂਕਿ ਸਿੱਖ ਇਤਿਹਾਸ ਨੂੰ ਇਕ ਕਲਾ ਦੇ ਰੂਪ ਵਿੱਚ ਸਮੋਅ ਕੇ ਰੱਖਣ ਦਾ ਕੰਮ ਕਿਸੇ ਬੇਗਾਨੀ ਧਰਤੀ ਉੱਤੇ ਸਿੱਖ ਇਤਿਹਾਸ ਤੇ ਸੱਭਿਆਚਾਰ ਦਾ ਅਜਿਹਾ ਪ੍ਰਚਾਰ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ । ਇਸ ਕੰਮ ਪ੍ਰਤੀ ਸਿਟੀ ਕੌਂਸਲ ਦੇ ਮੈਂਬਰ ਡੈਰੇਲ ਵਿਲਸਨ ਨੇ ਕਿਹਾ, 'ਨਾਰਵਿਚ ਸ਼ਹਿਰ ਵਿੱਚ ਵੱਖ ਵੱਖ ਭਾਈਚਾਰੇ ਦੀਆਂ ਸੱਭਿਆਚਾਰਕ ਤਸਵੀਰਾਂ ਵੇਖੀਆਂ ਜਾ ਸਕਦੀਆਂ ਹਨ ਪਰ ਸਿੱਖ ਕੌਮ ਦੀਆਂ ਵੱਖ ਵੱਖ ਕਲਾ ਕ੍ਰਿਤੀਆਂ ਦਾ ਗਿਆਨ ਕਮਿਊਨਿਟੀ ਨੂੰ ਵਿਰਾਸਤ ਅਤੇ ਸੱਭਿਆਚਾਰ ਦੀ ਪ੍ਰਦਰਸ਼ਨੀ ਰਾਹੀਂ ਅਨੋਖੇ ਢੰਗ ਨਾਲ ਜੋੜੀ ਰੱਖਣਾ ਕਾਬਲੇ ਤਾਰੀਫ਼ ਕੰਮ ਮੰਨਿਆ ਗਿਆ ਹੈ ।

ਇਹ ਗੈਲਰੀ ਇਕ ਸਰੋਤ ਕੇਂਦਰ ਅਤੇ ਅਜਾਇਬ ਘਰ ਹੈ ਜੋ ਕਿ ਸਿੱਖ ਸੱਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਹੈ। 1 ਨਵੰਬਰ ਨੂੰ ਇਸ ਦਾ ਉਦਘਾਟਨ 1984 ਦੇ ਸਿੱਖ ਨਸਲਕੁਸ਼ੀ ਦੇ 36ਵੇਂ ਯਾਦਗਾਰੀ ਸਮਾਰੋਹ ਵੇਲੇ ਹੋਇਆ ਸੀ, ਜਦੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਇਸ ਦਾ ਉਦਘਾਟਨ ਸਮਾਰੋਹ ਵੀ ਇਕ ਯਾਦਗਾਰੀ ਪਲ ਸੀ । ਸਵਰਨਜੀਤ ਸਿੰਘ ਖ਼ਾਲਸਾ ਦੀ ਸੋਚ ਸੀ ਕਿ ਸਿੱਖ ਇਤਿਹਾਸ ਨੂੰ ਭਾਰਤ ਸਰਕਾਰ ਦੀ ਦਖਲਅੰਦਾਜ਼ੀ ਤੋਂ ਬਿਨਾਂ, ਆਪਣੀ ਰੂਹ ਦੇ ਅਨੁਸਾਰ ਉਸ ਨੂੰ ਲੋਕਾਂ ਸਾਹਮਣੇ ਪ੍ਰਗਟ ਕਰ ਸਕੇ । ਇਸ ਲਈ ਉਹ ਹਮੇਸ਼ਾ ਕਨੈਟੀਕਟ ਵਿਚ ਇਕ ਜਗਾ ਚਾਹੁੰਦਾ ਸੀ ਤਾਂ ਜੋ ਉਹ ਆਪਣੀ ਸਿੱਖ ਕੌਮ ਦੀ ਕਹਾਣੀ ਨੂੰ ਬਿਰਤਾਂਤ ਰੂਪ ਵਿਚ ਸੁਣਾ ਸਕੇ । ਖ਼ਾਲਸਾ ਦਾ ਅੱਗੇ ਕਹਿਣਾ ਸੀ ਕੀ ਉਸ ਦੇ ਜੀਵਨ ਦਾ ਇਕ ਟੀਚਾ ਇਹ ਵੀ ਸੀ ਕਿ ਸਾਡੀ ਸਿੱਖ ਕਮਿਊਨਿਟੀ ਨੂੰ ਸਿੱਖੀ ਵਿਰਾਸਤ ਸੱਭਿਆਚਾਰ ਪ੍ਰੀਤ ਕਲਾ ਦੇ ਪ੍ਰਦਰਸ਼ਨ ਰਾਹੀਂ ਜਾਗਰੂਕ ਕੀਤਾ ਜਾ ਸਕੇ। ਅਜਿਹੀਆਂ ਕਲਾਕ੍ਰਿਤੀਆਂ ਨੂੰ ਲਾਇਬ੍ਰੇਰੀਆਂ ਅਤੇ ਹੋਰ ਜਨਤਕ ਥਾਵਾਂ ਉੱਤੇ ਪ੍ਰਦਰਸ਼ਤ ਕਰ ਕੇ ਸਿੱਖ ਭਾਈਚਾਰੇ ਵਿਚ ਇਕ ਅਜਿਹੀ ਉੱਚੀ ਸੋਚ ਦਾ ਵਿਕਾਸ ਕੀਤਾ ਜਾਵੇ ਤਾਂ ਜੋ ਉਹ ਆਪਣੀ ਆਉਣ ਵਾਲੀ ਪੀੜੀ ਨੂੰ ਸਿੱਖ ਵਿਰਾਸਤ ਤੇ ਸੱਭਿਆਚਾਰ ਨਾਲ ਜੋੜੀ ਰੱਖੇ। ਇਹ ਕਲਾ ਗੈਲਰੀ 600-ਵ. ਫੁੱਟ ਦੇ ਦੌਰਾਨ, ਯਾਤਰੀਆਂ ਨੂੰ ਪੰਜਾਬ ਦੇ ਇਤਿਹਾਸ ਦੀ ਇਕ ਵਿਦਿਅਕ ਟਾਈਮਲਾਈਨ 'ਤੇ ਲੈ ਜਾਂਦੀ ਹੈ ਜਿਸ ਵਿਚ ਇਕ ਭਾਰਤੀ ਦੇਸ਼ ਜੋ ਕਿ ਪਾਕਿਸਤਾਨ ਦੀ ਸਰਹੱਦ ਉੱਤੇ ਸਥਿਤ ਹੈ ਤੇ ਇਸ ਵਿਚ ਹੀ ਪੰਜਾਬ, ਪੰਜਾਬੀਅਤ ਦਾ ਰਾਜ ਹੈ ਜਿਸ ਦੀ ਵਿਲੱਖਣ ਵਿਰਾਸਤ ਵਿੱਚ, ਸਿੱਖ ਝੰਡਾ ਕੀ ਦਰਸਾਉਂਦਾ ਹੈ, ਸਿੱਖਾਂ ਨਾਲ ਕੀ ਹੋਇਆ, 1984 ਕੀ ਸੀ ਅਤੇ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਲਈ ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਦਾ ਅਨੁਭਵ ਕਿਵੇਂ ਕੀਤਾ ਜਾ ਸਕਦਾ ਹੈ ।

ਇਨਾਂ ਸਭ ਦੀ ਸਮੁੱਚੀ ਜਾਣਕਾਰੀ ਇੱਕ ਕਲਾ ਦੇ ਰਾਹੀਂ ਇਸ ਗੈਲਰੀ ਵਿੱਚ ਸਮੋਈ ਹੋਈ ਹੈ । ਖਾਲਸੇ ਨੇ ਕਿਹਾ ਕਿ ਅਮਰੀਕਾ ਦਾ ਇਕ ਹਿੱਸਾ ਅਤੇ ਸਿੱਖ ਕਦਰਾਂ ਕੀਮਤਾਂ ਅਤੇ ਅਮਰੀਕੀ ਸੰਵਿਧਾਨ ਦਾ ਆਪਸੀ ਸਬੰਧ ਵੀ ਦਰਸਾਉਂਦਾ ਹੈ, ਜੋ ਧਾਰਮਿਕ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ 'ਤੇ ਕੇਂਦ੍ਰਤ ਹੈ। ਜੋ ਇਹ ਸੰਦੇਸ਼ ਦਿੰਦਾ ਹੈ ਕਿ ਅਸੀਂ ਆਪਣੀ ਵਿਲੱਖਣਤਾ ਦਾ ਸਤਿਕਾਰ ਕਰਦੇ ਹਾਂ ਅਤੇ ਇਸ ਨੂੰ ਅਪਨਾਉਂਦੇ ਵੀ ਹਾਂ । ਇਸ ਕਲਾ ਗੈਲਰੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਵਿਚ ਸਿੱਖ ਧਰਮ ਬਾਰੇ ਦੱਸਣ ਲਈ ਵੱਖ-ਵੱਖ ਭਾਸ਼ਾਵਾਂ ਵਿਚ ਬਰੋਸ਼ਰ ਉਪਲੱਬਧ ਹਨ, ਇਸ ਤੋਂ ਇਲਾਵਾ ਜੋ ਵੀ ਵੱਖ ਵੱਖ ਭਾਸ਼ਾਵਾਂ ਵਿਚ ਇਕ ਬਹੁ ਭਾਸ਼ਾਈ ਸਵਾਗਤ ਸੰਕੇਤ ਤਸਵੀਰ ਵੀ ਲੱਗੀ ਹੋਈ ਹੈ ਜੋ ਕਿ ਸਭ ਤੋਂ ਵੱਧ ਵਧਾਈ ਦਾ ਕੰਮ ਕਰਦੀ ਹੈ।

ਇਸ ਸਭ ਦੇ ਨਾਲ ਹੀ ਸਿੱਖ ਇਤਿਹਾਸ ਵਿਚ ਸਿੱਖ ਬੀਬੀਆਂ ਦੀ ਭੂਮਿਕਾ ਅਤੇ ਯੁੱਧ ਵਿੱਚ ਨੁਮਾਇੰਦਗੀ ਕਰਨ ਵਾਲੀ ਕਲਾਕਾਰੀ ਨਾਲ ਸਬੰਧਿਤ ਕਿਤਾਬਾਂ ਇਤਿਹਾਸਿਕ ਲੇਖਾਂ ਅਤੇ ਹੋਰ ਅਨੇਕਾਂ ਮਹੱਤਵਪੂਰਨ ਮਤੇ ਦੇ ਦਸਤਾਵੇਜ਼ਾਂ ਦੇ ਭਾਗ ਵੀ ਇਸ ਵਿੱਚ ਉਪਲਬਧ ਹਨ । ਇਸ ਸਭ ਵਿਚ ਅਨੇਕਾਂ ਕਲਾਕਾਰਾਂ ਨੇ ਆਪਣੀ ਵੱਖੋ ਵੱਖਰੀ ਭੂਮਿਕਾ ਨਿਭਾਈ ਹੈ ਜਿਸ ਵਿਚ ਕੈਨੇਡਾ, ਰੂਸ, ਜਰਮਨੀ ਅਤੇ ਯੂਐਸਏ ਦੇ ਕਲਾਕਾਰ ਸ਼ਾਮਲ ਹਨ। ਸਵਰਨਜੀਤ ਸਿੰਘ ਖ਼ਾਲਸੇ ਦਾ ਕਹਿਣਾ ਹੈ ਕਿ ਉਹ ਆਨਲਾਈਨ ਖੋਜ ਕਰ ਕੇ ਹੋਰ ਵੀ ਸਥਾਨਕ ਕਲਾਕਾਰਾਂ ਨੂੰ ਇਸ ਨਾਲ ਜੋੜਨ ਦੀ ਉਮੀਦ ਵਿੱਚ ਹਨ। ਸਿੱਖੀ ਸਰੂਪ ਦੀ ਇਹ ਆਰਟ ਗੈਲਰੀ ਸ਼ਾਨਦਾਰ ਅਤੇ ਸਿੱਖ ਕੌਮ ਦੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਵਾਉਂਦੀ ਹੈ ।

ਗੈਲਰੀ ਵਿੱਚ ਪੋਰਟਰੇਟ ਸ਼ਾਮਲ ਹਨ: ਮਹਾਰਾਜਾ ਰਣਜੀਤ ਸਿੰਘ, ਸ਼ੇਰ-ਏ-ਪੰਜਾਬ ਜਾਂ 'ਪੰਜਾਬ ਦਾ ਸ਼ੇਰ' ਵਜੋਂ ਪ੍ਰਸਿੱਧ ਹੈ, ਜੋ ਸਿੱਖ ਸਾਮਰਾਜ ਦਾ ਨੇਤਾ ਸੀ, ਜਿਸ ਨੇ ਉੱਤਰ-ਪੱਛਮੀ ਭਾਰਤੀ ਉਪ-ਮਹਾਂਦੀਪ ਉੱਤੇ 19ਵੀਂ ਸਦੀ ਦੇ ਅਰੰਭ ਵਿਚ ਰਾਜ ਕੀਤਾ; ਮਹਾਰਾਜਾ ਦਲੀਪ ਸਿੰਘ, ਜਿਸ ਨੂੰ ਮਹਾਰਾਜਾ ਮਹਾਰਾਜਾ ਸਰ ਦਲੀਪ ਸਿੰਘ, ਜੀ ਸੀ ਐਸ ਆਈ, ਜਾਂ ਸਰ ਦਲੀਪ ਸਿੰਘ ਵੀ ਕਿਹਾ ਜਾਂਦਾ ਹੈ ਅਤੇ ਬਾਅਦ ਵਿਚ ਜੀਵਨ ਨੂੰ 'ਬਲੈਕ ਪ੍ਰਿੰਸ' ਵਜੋਂ ਜਾਣਿਆ ਜਾਂਦਾ ਸੀ , ਜੋ ਸਿੱਖ ਸਾਮਰਾਜ ਦਾ ਆਖਰੀ ਮਹਾਰਾਜਾ ਸੀ, ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨਾਂ ਨੇ ਸਮੇਂ ਦੇ ਸ਼ਾਸਨ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਸਾਰਿਆਂ ਲਈ ਧਾਰਮਿਕ ਅਜ਼ਾਦੀ ਲਈ ਖੜੇ ਹੋ ਗਏ, ਇਸ ਗੈਲਰੀ ਵਿਚ ਅਕਾਲ ਤਖਤ ਦਾ ਇਕ ਲੇਗੋ ਮਾਡਲ ਵੀ ਪੇਸ਼ ਕੀਤਾ ਗਿਆ ਹੈ, ਜਿਹੜਾ ਸਿੱਖ ਕੌਮ ਦਾ ਰਾਜਨੀਤਿਕ ਕੇਂਦਰ ਹੈ ਅਤੇ ਜੂਨ 1984 ਵਿਚ 37 ਹੋਰ ਸਿੱਖ ਧਾਰਮਿਕ ਅਸਥਾਨਾਂ ਦੇ ਨਾਲ ਤਬਾਹ ਕਰ ਦਿੱਤਾ ਗਿਆ ਸੀ ਜਦੋਂ ਭਾਰਤੀ ਫੌਜ ਨੇ ਦਰਬਾਰ ਉਤੇ ਹਮਲਾ ਕੀਤਾ ਸੀ। ਖਾਲਸਾ ਨੇ ਕਿਹਾ ਕਿ



ਸਿੱਖ ਆਰਟ ਗੈਲਰੀ ਕਿਸੇ ਵੀ ਗੈਲਰੀ, ਅਜਾਇਬਘਰ ਜਾਂ ਲਾਇਬ੍ਰੇਰੀ ਨੂੰ ਕਲਾਕਾਰੀ ਦਾਨ ਕਰਨ ਵਿੱਚ ਖੁਸ਼ ਹੈ ਜੋ ਵੀ ਇਨਸਾਨ ਸਿੱਖ ਕਲਾ ਅਤੇ ਕਲਾਤਮਕ ਕਲਾਵਾਂ ਪ੍ਰਦਰਸ਼ਤ ਕਰਨ ਵਿੱਚ ਦਿਲਚਸਪੀ ਰੱਖਦਾ ਹੈ।ਅੱਗੇ ਓਨਾਂ ਨੇ ਕਿਹਾ ਕਿ, ਅਸੀਂ ਸਕੂਲਾਂ, ਯੂਨੀਵਰਸਿਟੀਆਂ ਆਦਿ ਨਾਲ ਨੇੜਿਓਂ ਕੰਮ ਕਰਨ ਦਾ ਇਰਾਦਾ ਰੱਖਦੇ ਹਾਂ ਅਤੇ ਉਨਾਂ ਦੇ ਪਾਠਕ੍ਰਮ ਨੂੰ ਹੋਰ ਵਧੇਰੇ ਸ਼ਾਮਲ ਕਰਨ ਵਿੱਚ ਸਹਾਇਤਾ ਕਰਾਂਗੇ ਅਤੇ ਸਿੱਖ ਇਤਿਹਾਸ ਦੇ ਸਬੰਧ ਵਿੱਚ ਹੋਰ ਵਧੇਰੇ ਜਾਣਕਾਰੀ ਨੂੰ ਇਸ ਗੈਲਰੀ ਵਿਚ ਸ਼ਾਮਲ ਕਰਾਂਗੇ। 'ਮੈਂ ਚਾਹੁੰਦਾ ਹਾਂ ਕਿ ਸਾਡਾ ਰਾਜ ਅਤੇ ਸੰਘੀ ਨੇਤਾ ਇੱਥੇ ਆ ਕੇ ਸੋਚਣ ਕਿ ਇਸ ਸਿੱਖਿਆ ਨੂੰ ਸੰਘੀ ਪੱਧਰ 'ਤੇ ਕਿਵੇਂ ਸਾਂਝਾ ਕੀਤਾ ਜਾ ਸਕਦਾ ਹੈ। ਸਵਰਨਜੀਤ ਸਿੰਘ ਖ਼ਾਲਸਾ ਦੀ ਇਹ ਆਰਟ ਗੈਲਰੀ ਸੰਸਾਰ ਭਰ ਵਿਚ ਰਹਿੰਦੇ ਸਿੱਖ ਭਾਈਚਾਰੇ ਲਈ ਇਕ ਪ੍ਰੇਰਨਾ ਸਰੋਤ ਹੈ ਜੋ ਕਿ ਸਿੱਖ ਇਤਿਹਾਸ ਸੱਭਿਆਚਾਰ ਨੂੰ ਆਪਣੀ ਆਉਣ ਵਾਲੀਆਂ ਪੀੜੀਆਂ ਲਈ ਫ਼ਖਰ ਦੀ ਸੌਗਾਤ ਦੇ ਰੂਪ ਵਿਚ ਸਮਰਪਿਤ ਕਰਦਾ ਹੈ ।

( ... ਅੱਗੇ ਚਲਦਾ)

# ਏਕਤਾ ਜਾਂ ਇਕਰੂਪਤਾ ਦਾ ਬੋਲਬਾਲਾ



**ਸਤਿੰਦਰ ਕੌਰ**

**ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ**

ਏਕਤਾ ਭਾਵ ਮਿਲਾਪ, ਆਪਸੀ ਭਾਈਚਾਰਾ, ਮਿਲਵਰਤਨ ਜਾਂ ਜਦੋਂ ਹਰ ਕੋਈ ਇਕ ਦੂਜੇ ਨਾਲ ਸਹਿਮਤ ਹੁੰਦਾ ਹੈ ਜਾਂ ਏਕਤਾ ਦੇ ਨਾਲ ਰਹਿਣਾ ਚਾਹੁੰਦਾ ਹੈ। ਏਕਤਾ ਅਤੇ ਇਕਰੂਪਤਾ ਵੇਖਣ ਵਿਚ ਇਹ ਦੋਵੇਂ ਸ਼ਬਦ ਇਕੋ ਜਿਹੇ ਹੀ ਲੱਗਦੇ ਹਨ ਪਰ ਅਸਲ ਵਿਚ ਇਹ ਇੱਕ ਦੂਜੇ ਨਾਲੋਂ ਬਹੁਤ ਵੱਖ ਹਨ। ਅੱਜ ਦੇ ਦੌਰ ਵਿਚ ਏਕਤਾ ਦਾ ਬਹੁਤ ਬੋਲਬਾਲਾ ਹੋ ਰਿਹਾ ਹੈ। ਹਰ ਇਕ ਨੂੰ ਏਕਤਾ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਇਹ ਕੋਸ਼ਿਸ਼ ਜ਼ੋਰ ਨਾਲ ਜਬਰਦਸਤੀ ਇਕ ਕਰਨ ਦੀ ਕਿਉਂ ਨਾ ਹੋਵੇ ਜੋ ਕਿ ਕੁਦਰਤ ਦੇ ਕਾਨੂੰਨ ਅਨੁਸਾਰ ਸੰਭਵ ਨਹੀਂ। ਅਸਲ ਵਿਚ ਇਹ ਏਕਤਾ ਨਹੀਂ ਸਗੋਂ ਇਕਰੂਪਤਾ ਹੈ। ਇਸ ਸੰਸਾਰ ਵਿਚ ਹਰ ਇਕ ਦਾ ਵੱਖਰਾ ਅਕੀਦਾ, ਵੱਖਰਾ ਧਰਮ, ਵੱਖਰੀ ਸੋਚ, ਵੱਖਰਾ ਪਹਿਰਾਵਾ, ਵੱਖਰੀ ਬੋਲੀ, ਵੱਖਰਾ ਰੰਗ ਅਤੇ ਵੱਖਰਾ ਧਰਾਤਲ ਹੈ। ਇਹ ਸਭ ਕੁਦਰਤ ਦੀ ਦੇਣ ਹੈ। ਅੱਜ ਦਾ ਯੁੱਗ ਅਤੇ ਨੌਜਵਾਨ ਪੀੜੀ ਏਕਤਾ ਅਤੇ ਇਕਰੂਪਤਾ ਵਿਚਲੇ ਫ਼ਰਕ ਨੂੰ ਸਮਝ ਰਹੇ ਹਨ। ਅੱਜ ਦੀ ਪੀੜੀ ਬਾਹਾਂ ਖਲਾਰ ਕੇ ਪਰਿਵਰਤਨ ਨੂੰ ਸਵੀਕਾਰ ਕਰ ਰਹੀ ਹੈ ਤੇ ਪੁਰਾਣੇ, ਖੋਖਲੇ ਵਿਚਾਰਾਂ ਦੀ ਧਾਰਨੀ ਨਹੀਂ ਹੈ। ਪਰ ਕਿਤੇ ਨਾ ਕਿਤੇ ਆਪਣੇ ਵਿਸ਼ਵਾਸ ਤੋਂ ਦੂਰ ਹੋਣਾ ਖ਼ਤਰਨਾਕ ਵੀ ਹੋ ਸਕਦਾ ਹੈ। ਅਸੀਂ ਆਪਣੀਆਂ ਜੜਾਂ ਨੂੰ ਭੁੱਲ ਕੇ ਜਾਂ ਛੱਡ ਕੇ ਵਿਕਾਸ ਨਹੀਂ ਕਰ ਸਕਦੇ ਹਾਂ ਪਰ ਦੂਜੇ ਪਾਸੇ ਆਪਣੀ ਵਿਚਾਰਧਾਰਾ ਕਿਸੇ ਦੂਜੇ ਤੇ ਜਬਰਦਸਤੀ ਥੋਪਣੀ ਵੀ ਸਹੀ ਨਹੀਂ। ਜੜਾਂ ਨਾਲ ਜੁੜੇ ਰਹਿ ਕੇ ਬਦਲਾਅ ਨੂੰ ਗਲਵੱਕੜੀ ਵਿਚ ਲੈਣ ਨਾਲ ਦੁਨੀਆ ਦੇ ਨਕਸ਼ੇ ਉੱਤੇ ਅਗਾਂਹਵਧੂ ਪਰਿਵਰਤਨ ਹੋਣੇ ਲਾਜ਼ਮੀ ਹਨ। ਪਰ ਮੌਜੂਦਾ ਸਮੇਂ ਇਕ ਬੋਲੀ, ਇਕ ਰੰਗ ਅਤੇ ਇਕ ਧਰਮ ਦਾ ਬਹੁਤ ਪ੍ਰਚਲਨ ਹੋ ਰਿਹਾ ਹੈ। ਧਰਮ ਦੇ ਨਾਂ ਤੇ ਇਕਰੂਪਤਾ ਸਿਰਫ਼ ਤੁਹਾਨੂੰ ਗ਼ਰਕ ਕਰ ਸਕਦੀ ਹੈ ਵਿਕਾਸ ਵੱਲ ਨਹੀਂ ਲਿਜਾ ਸਕਦੀ। ਅਜਿਹਾ ਸੰਭਵ ਹੈ ਕਿ ਤੁਸੀਂ ਪਾਖੰਡ ਦਾ ਵਿਰੋਧ ਕਰ ਸਕਦੇ ਹੋ ਪਰ ਕਿਸੇ ਦੇ ਵਿਸ਼ਵਾਸ ਨੂੰ ਹਾਨੀ ਪਹੁੰਚਾਉਣ ਦਾ ਹੱਕ ਤੁਹਾਨੂੰ ਨਹੀਂ ਹੈ। ਜਿਨਾਂ ਸੰਕੀਰਨ ਸੋਚਾਂ ਤੋਂ ਨਿਕਲਣ ਲਈ ਸਾਨੂੰ ਕਿੰਨੇ ਸੌ ਵਰੇ ਲੱਗ ਗਏ ਤੇ ਅੱਜ ਵੀ ਅਸੀਂ ਲਗਾਤਾਰ ਉਸ ਦਲਦਲ ਵਿਚੋਂ ਨਿਕਲਣ ਦੇ ਬਰਾਬਰ ਯਤਨ ਕਰ ਰਹੇ ਹਾਂ ਤਾਂ ਕੀ ਉਨਾਂ ਹੀ ਰਾਹਵਾਂ ਤੇ ਮੁੜ ਚੱਲ ਕੇ ਅਸੀਂ ਸਮੇਂ ਦੇ ਹਾਣੀ ਬਣ ਸਕਦੇ ਹਾਂ ? ਇਹ ਸ਼ਾਇਦ ਸੰਭਵ ਹੀ ਨਹੀਂ ਹੈ। ਅਨੇਕਤਾ ਵਿਚ ਏਕਤਾ ਨੂੰ ਬਰਕਰਾਰ ਰੱਖਣ ਲਈ ਸਿੱਖ ਧਰਮ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਜਿਸ ਏਕਤਾ ਦੀ ਗੱਲ ਗੁਰੂ ਨਾਨਕ ਸਾਹਿਬ ਨੇ ਕੀਤੀ ਉਹ ਅਨੇਕਤਾ ਵਿਚ ਏਕਤਾ ਸੀ ਨਾ ਕਿ ਇਕਰੂਪਤਾ। ਗੁਰੂ ਨਾਨਕ ਸਾਹਿਬ ਦਾ ਰੱਬ ਆਪ ਇਕ ਹੋ ਕੇ ਸਾਰਿਆਂ ਲਈ ਸੀ ਨਾ ਕਿ ਸਿਰਫ਼ ਕਿਸੇ ਇਕ ਖ਼ਾਸ ਖਿੱਤੇ, ਜਾਤ, ਧਰਮ, ਭਾਸ਼ਾ ਅਤੇ ਰੰਗ ਦੇ ਲੋਕਾਂ ਲਈ। ਗੁਰਬਾਣੀ ਅਨੁਸਾਰ ਜੋ ਸਿਰਫ਼ ਮੇਰਾ ਹੈ ਉਹ ਰੱਬ ਨਹੀਂ ਹੋ ਸਕਦਾ ਰੱਬ ਸਭਨਾਂ ਲਈ, ਸਾਰਿਆਂ ਦਾ, ਅਤੇ ਉਹ ਹੀ ਸਭ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਜਾਂ ਕਿਸੇ ਵੀ ਸਿੱਖ ਗੁਰੂ ਸਾਹਿਬਾਨ ਨੇ ਕਦੀ ਵੀ ਕਿਸੇ ਵੀ ਮਨੁੱਖ ਨੂੰ ਇਕਰੂਪਤਾ ਵਿਚ ਢਾਲਣ ਦਾ ਯਤਨ ਨਹੀਂ ਕੀਤਾ ਇਸ ਦੀ ਗਵਾਹੀ ਖੁਦ ਇਤਿਹਾਸ ਭਰਦਾ ਹੈ ਕਿ ਕਿਵੇਂ ਅਨੇਕਤਾ ਵਿਚ ਏਕਤਾ ਨੂੰ ਬਰਕਰਾਰ ਰੱਖਣ ਲਈ ਨੌਂਵੇਂ ਗੁਰੂ ਨਾਨਕ (ਗੁਰੂ ਤੇਗ਼ ਬਹਾਦਰ ਸਾਹਿਬ) ਨੇ ਚਾਂਦਨੀ ਚੌਂਕ ਵਿਖੇ ਸ਼ਹੀਦੀ ਦਿੱਤੀ। ਏਕਤਾ ਦੇ ਸਹੀ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਧ ਕੇ ਕਿਤੇ ਵੀ ਨਹੀਂ ਮਿਲਦੇ ਜਿੱਥੇ ਵੱਖ ਵੱਖ ਜਾਤਾਂ, ਧਰਮਾਂ, ਬੋਲੀਆਂ ਵਾਲੇ ਇਕ ਰੱਬ ਦੇ ਪਿਆਰਿਆਂ ਨੂੰ ਏਕਤਾ ਦੀ ਲੜੀ ਵਿਚ ਪਿਰੋ ਕੇ ਸੰਸਾਰ ਦੇ ਅੱਗੇ ਅਦਭੁਤ ਮਿਸਾਲ ਪੇਸ਼ ਕੀਤੀ ਹੈ, ਸੁਮੇਲ ਦਾ ਅਜਿਹਾ ਵਿਲੱਖਣ ਧਾਰਮਿਕ ਗ੍ਰੰਥ ਹੋਰ ਕਿਤੇ ਨਹੀਂ ਮਿਲਦਾ। ਏਕਤਾ, ਕਦੀ ਵੀ ਵਿਭਿੰਨਤਾ ਅਤੇ ਵਿਸ਼ੇਸ਼ਤਾ ਦੀ ਵਿਰੋਧੀ ਨਹੀਂ ਹੁੰਦੀ। ਇਹ ਕਦੀ ਵੀ ਥੋਪੀ ਨਹੀਂ ਜਾ ਸਕਦੀ ਜਦੋਂ ਵੀ ਅਜਿਹਾ ਹੁੰਦਾ ਹੈ ਉਦੋਂ ਏਕਤਾ ਭੰਗ ਹੁੰਦੀ ਹੈ ਅਤੇ ਇਹ ਆਪਣਾ ਅਸਲ ਸਰੂਪ ਗਵਾ ਕੇ ਉਨੀਂ ਵੀ ਨਹੀਂ ਰਹਿੰਦੀ ਜਿੰਨੀ ਕਿ ਥੋਪਣ ਤੋਂ ਪਹਿਲਾਂ ਸੀ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਏਕਤਾ ਸੰਤਰੇ ਵਰਗੀ ਨਹੀਂ, ਖਰਬੂਜੇ ਵਰਗੀ ਹੋਣੀ ਚਾਹੀਦੀ ਹੈ। ਅੱਜ ਦੇ ਸਮੇਂ ਏਕਤਾ ਦੀ ਲੋੜ ਸ਼ਾਇਦ ਪਿਛਲੇ ਸਮਿਆਂ ਤੋਂ ਵੀ ਕਿਤੇ ਵੱਧ ਹੈ। ਜਿੱਥੇ ਏਕਤਾ ਆਪਣੇ ਮੁੱਢਲੇ ਸਰੂਪ ਨੂੰ ਗਵਾ ਕੇ ਭਿਆਨਕ ਰੂਪ ਵਿਚ ਸਾਹਮਣੇ ਆ ਰਹੀ ਹੈ। ਇਸ ਦੇ ਸਿੱਟੇ ਅਜਿਹੇ ਰੂਪ ਵਿਚ ਆਉਣਗੇ ਜਿਹੜੇ ਕਿ ਮਨੁੱਖਤਾ ਨੂੰ ਤਬਾਹ ਕਰ ਦੇਣਗੇ। ਇਸ ਲਈ ਸਾਨੂੰ ਇਕ ਦੂਜੇ ਦੀ ਵਿਲੱਖਣਤਾ ਨੂੰ ਸਵੀਕਾਰ ਕਰਨਾ ਉਸਦਾ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਜੋ ਇਨਸਾਨੀਅਤ ਨੂੰ ਸਹੀ ਅਰਥਾਂ ਵਿਚ ਬਚਾਇਆ ਜਾ ਸਕੇ। ਅੰਤ ਵਿਚ, 'ਵਖਰੇਵੇਂ ਵਿਚ ਹੀ ਸਵਾਦ ਹੈ ਹਰ ਕੋਈ ਤੁਹਾਡੇ ਵਰਗਾ ਨਹੀਂ ਹੁੰਦਾ ਅਤੇ ਨਾ ਹੋ ਸਕਦਾ ਹੈ, ਕਿਸੇ ਨੂੰ ਆਪਣੇ ਮੁਤਾਬਿਕ ਢਾਲਣ ਦਾ ਯਤਨ ਨਾ ਕਰੋ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੁਝਾਰੂ ਫਲਸਫਾ

ਸਤਨਾਮ ਚਾਨਾ

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਦੇ ਇਤਿਹਾਸ ਵਿਚ ਇਕ ਯੁੱਗ ਪਲਟਾਊ ਘਟਨਾ ਸੀ। ਇਸ ਨੇ ਪੰਜਾਬ ਦੇ ਇਤਿਹਾਸ ਨੂੰ ਨਵਾਂ ਅਤੇ ਕ੍ਰਾਂਤੀਕਾਰੀ ਮੋੜ ਦਿੱਤਾ। ਤਾਰੀਖ ਵਿਚ ਬਹੁਤ ਸ਼ਹੀਦੀਆਂ ਅਤੇ ਕੁਰਬਾਨੀਆਂ ਹੋਈਆਂ ਹਨ ਪਰ ਬਹੁਤ ਘੱਟ ਨੇ ਕੌਮਾਂ ਅਤੇ ਖੇਤਰਾਂ ਦੇ ਇਤਿਹਾਸ 'ਤੇ ਇੰਨਾ ਅਸਰ ਪਾਇਆ ਹੈ ਜਿੰਨਾ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ। ਸਾਰੀ ਦੁਨੀਆਂ 1 ਅਪ੍ਰੈਲ 20 21 ਨੂੰ ਗੁਰੂ ਸਾਹਿਬ ਦਾ 400ਵਾਂ ਪ੍ਰਕਾਸ਼ ਪੁਰਬ ਮਨਾ ਰਹੀ ਹੈ

ਕਿਰਤ ਦੀ ਕ੍ਰਾਂਤੀ ਲਈ ਗੁਰੂ ਤੇਗ ਬਹਾਦਰ ਦਾ ਯੋਗਦਾਨ ਸਭ ਤੋਂ ਵਧੇਰੇ ਸੰਜੀਦਾ ਖੋਜ ਦਾ ਵਿਸ਼ਾ ਹੈ। ਇਹ ਨਿਰਵਿਵਾਦ ਹੈ ਕਿ ਗੁਰੂ ਤੇਗ ਬਹਾਦਰ ਦੇ ਸੰਘਰਸ਼ ਦਾ ਕੇਂਦਰੀ ਨੀਤੀਵਾਕ ਸੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।' ਪਿੰਨਕੋਟ ਦੇ ਹਵਾਲੇ ਨਾਲ ਇੰਦੂ ਭੂਸ਼ਨ ਬੈਨਰਜੀ ਨੇ ਲਿਖਿਆ ਹੈ ਕਿ 'ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਤੇਗ ਬਹਾਦਰ ਨੇ ਆਪਣਾ ਜੀਵਨ ਮੁਗ਼ਲਾਂ ਦੀ ਹਕੂਮਤ ਦੇ ਹਥਿਆਰਬੰਦ ਵਿਰੋਧ ਵਿੱਚ ਗੁਜ਼ਾਰਿਆ।' ਉਹ ਆਪਣੀ ਚੜ੍ਹਦੀ ਜਵਾਨੀ ਤੋਂ ਹੀ ਦਿਲ ਗੁਰਦੇ ਵਾਲੇ ਜੁਝਾਰੂ ਸਨ। ਉਨਾਂ ਨੇ ਗੁਰੂ ਹਰਿਗੋਬਿੰਦ ਦੀ, ਕਰਤਾਪੁਰ ਵਿਚ ਲੜੀ ਗਈ ਜੰਗ ਸਮੇਂ ਬਹਾਦਰੀ ਦੇ ਕਰਤਬ ਦਿਖਾਏ ਸਨ। ਬੈਨਰਜੀ ਅਨੁਸਾਰ 'ਗੁਰੂ ਹਰਿਗੋਬਿੰਦ ਜੀ ਨੇ ਆਪਣੇ ਛੋਟੇ ਪੁੱਤਰ ਨੂੰ ਤਲਵਾਰ ਦੇ ਜੌਹਰ ਦਿਖਾਉਂਦਿਆਂ ਦੇਖ ਫਰਮਾਇਆ ਸੀ, 'ਤੂੰ ਤਿਆਗ ਮੱਲ ਨਹੀਂ, ਤੇਗ ਬਹਾਦਰ ਹੈਂ।' ਗੁਰੂ ਤੇਗ ਬਹਾਦਰ ਜੀ ਦਾ ਮੁੱਢਲਾ ਨਾਮ ਤਿਆਗ ਮੱਲ ਸੀ। ਇੱਥੇ ਕੁਝ ਇਤਿਹਾਸਕਾਰਾਂ ਨੇ ਕਿਹਾ ਹੈ ਕਿ ਇਸ ਜੰਗ ਉਪਰੰਤ ਗੁਰੂ ਤੇਗ ਬਹਾਦਰ ਦੀ ਮਾਨਸਿਕਤਾ ਵਿਚ ਪਰਿਵਰਤਨ ਆ ਗਿਆ ਤੇ ਉਹ ਭਜਨ ਬੰਦਗੀ ਵਿਚ ਲੱਗ ਗਏ। ਅਮਨ ਚੈਨ ਅਤੇ ਭਗਤੀ ਵਿਚੋਂ ਬਹੁਤ ਸਾਰੇ ਲੇਖਕਾਂ ਨੇ ਸ਼ਕਤੀ ਦੀ ਭੂਮਿਕਾ ਨੂੰ ਉੱਕਾ ਹੀ ਖਾਰਜ ਕਰ ਦਿੱਤਾ ਹੈ।

ਗੁਰੂ ਸਾਹਿਬ ਵੱਲੋਂ ਗੱਦੀ ਸੰਭਾਲਣ ਉਪਰੰਤ ਜਦੋਂ ਧੀਰ ਮੱਲੀਆਂ ਨੇ ਹਿੰਸਾ ਕੀਤੀ ਅਤੇ ਗੁਰੂ ਸਾਹਿਬ 'ਤੇ ਗੋਲ਼ੀ ਵੀ ਚਲਾਈ ਤਾਂ ਗੁਰੂ ਸਾਹਿਬ ਦੇ ਸ਼ਰਧਾਲੂਆਂ ਨੇ ਭਾਈ ਮੱਖਣ ਸ਼ਾਹ ਲੁਬਾਣਾ ਦੀ ਅਗਵਾਈ ਵਿਚ ਧੀਰ ਮੱਲੀਆਂ ਵਿਰੁੱਧ ਸ਼ਸਤਰਾਂ ਦਾ ਪ੍ਰਯੋਗ ਕੀਤਾ ਸੀ। ਉਸ ਉਪਰੰਤ ਪੂਰੀ ਤਰਾਂ ਅਮਨ ਚੈਨ ਹੋ ਗਿਆ ਸੀ। ਗੁਰਗੱਦੀ ਉੱਪਰ ਬੈਠਦੇ ਸਾਰ ਹੀ ਵਿਰੋਧੀਆਂ ਨੇ ਗੁਰੂ ਸਾਹਿਬ ਦੇ ਪੈਰੋਕਾਰਾਂ ਨੂੰ ਸ਼ਸਤਰ ਇਸਤੇਮਾਲ ਕਰਨ ਲਈ ਮਜਬੂਰ ਕਰ ਦਿੱਤਾ। ਸ਼ਕਤੀ ਤੇ ਸ਼ਸਤਰ ਹੀ ਅਮਨ ਦੀ ਗਾਰੰਟੀ ਸਾਬਤ ਹੋਏ। 'ਪੁਰਖ ਭਗਵੰਤ' ਦੇ ਲੇਖਕ ਸਤਿਬੀਰ ਸਿੰਘ ਅਨੁਸਾਰ ਗੁਰਗੱਦੀ ਗੁਰੂ ਹਰਿਰਾਏ ਨੂੰ ਬਖ਼ਸ਼ਿਸ਼ ਕਰਨ ਸਮੇਂ ਵੀ, ਜਦੋਂ ਬੇਬੇ ਨਾਨਕੀ ਨੇ ਗੁਰੂ ਹਰਿਗੋਬਿੰਦ ਤੋਂ ਤੇਗ ਬਹਾਦਰ ਲਈ ਵੀ ਕੁਝ ਬਖ਼ਸ਼ਿਸ਼ ਕਰਨ ਦੀ ਮੰਗ ਕੀਤੀ ਸੀ ਤਾਂ ਉਨਾਂ ਨੇ 'ਇਕ ਰੁਮਾਲ, ਇਕ ਪੋਥੀ ਅਤੇ ਇਕ ਕਟਾਰ' ਦਿੱਤੇ ਸਨ ਅਤੇ ਕਿਹਾ ਸੀ ਕਿ ਭਵਿੱਖ ਵਿਚ ਉਹ ਇਨਾਂ ਦੀ ਵਰਤੋਂ ਕਰਨਗੇ। ਗੁਰਗੱਦੀ ਸੰਭਾਲਣ ਸਮੇਂ ਉਨਾਂ ਨੂੰ ਗੁਰੂ ਹਰਿਗੋਬਿੰਦ ਜੀ ਦੇ ਸ਼ਸਤਰ ਸੌਂਪੇ ਗਏ ਸਨ।

'ਦਿ ਸਿੱਖਜ਼' ਕਿਤਾਬ ਦਾ ਲੇਖਕ ਜੋਹਨ ਗੋਰਡੋਨ ਦੱਸਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਸਤਲੁਜ ਕਿਨਾਰੇ ਇਕ ਕਿਲਾ ਉਸਾਰਿਆ ਜਿਸ ਨੂੰ ਉਨਾਂ ਨੇ ਆਪਣੇ ਧਾਰਮਿਕ ਅਤੇ ਸੈਨਿਕ 'ਹੈਡਕੁਆਰਟਰ' ਵਜੋਂ ਸਥਾਪਤ ਕੀਤਾ। ਇਸੇ ਪ੍ਰਕਾਰ ਇਤਿਹਾਸਕਾਰ ਮੁਹੰਮਦ ਲਤੀਫ਼, ਕੁਝ ਉਜ਼ਰਾਂ ਦੇ ਬਾਵਜੂਦ ਸਵੀਕਾਰਦਾ ਹੈ ਕਿ 'ਉਹ ਬੜੇ ਬਹਾਦਰ ਅਤੇ ਸੂਰਮਾ ਵਿਅਕਤੀ ਸਨ', 'ਉਨਾਂ ਨੇ ਆਪਣੀ ਖ਼ੁਦ ਦੀ ਮਿਸਾਲ ਅਤੇ ਕਰਨੀ ਨਾਲ ਸਿੱਖਾਂ ਨੂੰ ਜੰਗਜੂ ਲੋਕਾਂ ਦਾ ਰੂਪ ਦੇਣ ਵਿੱਚ ਘੱਟ ਕੰਮ ਨਹੀਂ ਕੀਤਾ', 'ਉਨਾਂ ਦੇ ਝੰਡੇ ਥੱਲੇ ਬੇਅੰਤ ਸੰਗਤਾਂ ਜਮਾਂ ਹੋ ਗਈਆਂ। ... ਉਨਾਂ ਨੇ ਅਨੰਦਪੁਰ ਵਿਚ ਕਿਲਾ ਉਸਾਰਿਆ।' ਸੋਹਣ ਸਿੰਘ ਸੀਤਲ ਦਾ ਵਿਚਾਰ ਹੈ ਕਿ 'ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰਗੱਦੀ ਦੀ ਸ਼ਾਨ ਬਾਦਸ਼ਾਹਾਂ ਵਰਗੀ ਬਣ ਗਈ ਸੀ। ਗੁਰੂ ਮਹਾਰਾਜ ਕਲਗੀ ਲਾ ਕੇ ਸ਼ਾਹੀ ਤਖ਼ਤ ਸਜਾ ਕੇ ਉੱਪਰ ਬੈਠਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਵੀ ਉਸੇ ਮਰਯਾਦਾ ਦੀ ਪਾਲਣਾ ਕਰ ਰਹੇ ਸਨ।' ਅਕਤੂਬਰ 1665 ਵਿਚ ਜਦੋਂ ਧਮਧਾਮ ਦੇ ਸਥਾਨ ਤੋਂ ਆਲਮ ਖਾਨ ਰੁਹੇਲੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕੀਤਾ ਸੀ ਤਾਂ ਉਸ ਸਮੇਂ ਤੱਕ ਕਸ਼ਮੀਰੀ ਪੰਡਤਾਂ ਨਾਲ ਜੁੜਿਆ ਕੋਈ ਵੀ ਮਸਲਾ ਰਾਜਨੀਤਕ ਪੱਧਰ 'ਤੇ ਇਸ ਪ੍ਰਕਾਰ ਨਹੀਂ ਉੱਭਰਿਆ ਹੋਇਆ ਸੀ। ਤਾਂ ਫਿਰ ਉਸ ਸਮੇਂ ਗ੍ਰਿਫ਼ਤਾਰੀ ਦਾ ਕੀ ਕਾਰਨ ਸੀ ? ਕਸ਼ਮੀਰੀ ਪੰਡਤਾਂ ਉੱਪਰ ਜ਼ੁਲਮ ਦਾ ਦੌਰ ਕਿਤੇ ਬਾਅਦ, ਸ਼ੇਰ ਅਫ਼ਗਾਨ ਦੇ ਸਮੇਂ ਅਰੰਭ ਹੋਇਆ ਸੀ। ਸਿੱਖ ਇਤਿਹਾਸ ਦੇ ਕਰਤਾ ਪ੍ਰੋ. ਕਰਤਾਰ ਸਿੰਘ ਅਨੁਸਾਰ ਔਰੰਗਜ਼ੇਬ ਨੇ ਹਿੰਦੂਆਂ ਦੇ ਧਾਰਮਿਕ ਸਥਾਨ ਢਹਿ ਢੇਰੀ ਕਰਨ ਦੇ ਹੁਕਮ ਵੀ ਉਸ ਤੋਂ ਚਾਰ ਸਾਲ ਬਾਅਦ 1669 ਈ. ਵਿਚ ਜਾਰੀ ਕੀਤੇ ਸਨ। ਇਫਤਖਾਰ ਖ਼ਾਨ ਨੂੰ ਬਾਅਦ ਵਿਚ ਹੀ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ ਜਾਂਦਾ ਹੈ। ਮੁਹੰਮਦ ਲਤੀਫ਼ ਅਨੁਸਾਰ ਪਹਿਲੀ ਗ੍ਰਿਫ਼ਤਾਰੀ ਸਮੇਂ ਗੁਰੂ ਸਾਹਿਬ ਉੱਪਰ ਇਹ ਦੋਸ਼ ਲਾਇਆ ਗਿਆ ਸੀ ਕਿ ਉਹ ਆਪਣਾ ਰਾਜ ਸਥਾਪਤ ਕਰਨਾ ਅਤੇ ਲੋਕ ਅਮਨ ਵਿਚ ਗੜਬੜ ਉਤਪੰਨ ਕਰਨਾ ਚਾਹੁੰਦੇ ਹਨ। ਇਹ 'ਇਲਜ਼ਾਮ' ਅਤੇ ਇਹ 'ਕਾਰਵਾਈ' ਪਹਿਲੇ ਗੁਰੂ ਸਾਹਿਬਾਨ ਦੇ ਸੰਘਰਸ਼ ਦੀ ਲਗਾਤਾਰਤਾ ਦਾ ਹੀ ਅਗਲਾ ਪੜਾਅ ਸੀ। ਪਰ ਇਸ ਗ੍ਰਿਫ਼ਤਾਰੀ ਸਮੇਂ ਜੈਪੁਰ ਦੇ ਮਿਰਜ਼ਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੇ ਦਖ਼ਲ ਦੇ ਕੇ ਅਤੇ ਜ਼ਮਾਨਤ ਦੇ ਕੇ ਉਨਾਂ ਨੂੰ ਬੰਦੀਖਾਨੇ ਵਿੱਚ ਨਾ ਜਾਣ ਦਿੱਤਾ ਜਿਸ ਕਰਕੇ ਉਨਾਂ ਨੂੰ ਰਾਜਾ ਰਾਮ ਸਿੰਘ ਦੇ ਮਹੱਲ ਵਿੱਚ ਰੱਖਿਆ ਗਿਆ ਸੀ ਅਤੇ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੀ ਇਹ ਪਹਿਲੀ ਗ੍ਰਿਫ਼ਤਾਰੀ ਸੀ ਜੋ ਮੁਗ਼ਲ ਸਲਤਨਤ ਦੇ ਸੂਹੀਆਂ ਦੀਆਂ ਅਜਿਹੀਆਂ ਸੂਚਨਾਵਾਂ ਦੇ ਆਧਾਰ 'ਤੇ ਕੀਤੀ ਗਈ ਸੀ ਕਿ ਗੁਰੂ ਤੇਗ ਬਹਾਦਰ ਲੋਕਾਂ ਅੰਦਰ ਨਵੀਂ ਲਹਿਰ ਪੈਦਾ ਕਰ ਰਹੇ ਹਨ, ਨਵੇਂ ਵਿਚਾਰਾਂ ਨਾਲ ਜਾਗਰਤ ਕਰ ਰਹੇ ਹਨ ਅਤੇ ਦਿਨੋ ਦਿਨ ਬੜੀ ਸ਼ਕਤੀ ਹਾਸਲ ਕਰਦੇ ਜਾ ਰਹੇ ਹਨ। ਇਸੇ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਪਹਿਲਾ ਤਰਜਮਾ ਕਰਨ ਵਾਲਾ ਵਿਦਵਾਨ ਅਰਨੈਸਟ ਟਰੰਪ ਲਿਖਦਾ ਹੈ ਕਿ 'ਗੁਰੂ ਜੀ ਕੋਈ ਸ਼ਾਂਤਮਈ ਧਾਰਮਿਕ ਆਗੂ ਨਹੀਂ ਸਨ ਜਾਪਦੇ ਸਗੋਂ ਆਪਣੇ ਸ਼ਸਤਰਧਾਰੀ ਪੈਰੋਕਾਰਾਂ ਦੇ ਆਗੂ ਸਨ।' ਇਤਿਹਾਸਕਾਰ ਯਾਦੂ ਨਾਥ ਸਰਕਾਰ ਵੀ ਲਿਖਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਸ਼ਸਤਰ ਤਿਆਗ ਦੇਣ ਲਈ ਕਿਹਾ ਸੀ। ਮੁਹੰਮਦ ਲਤੀਫ਼ ਦਾ ਦਾਅਵਾ ਹੈ, ਜਿਸ ਦੀ ਪੁਸ਼ਟੀ ਇਕ ਹੱਦ ਤੱਕ ਮੈਕਸ ਆਰਥਰ ਮੈਕਾਲਿਫ਼ (ਇਸ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ) ਨੇ ਵੀ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਕੋਲ 1000 ਘੋੜਸਵਾਰ ਸਨ। ਉਸ ਦਾ ਇਹ ਵੀ ਦਾਅਵਾ ਹੈ ਕਿ ਗੁਰੂ ਸਾਹਿਬ ਨੇ 'ਪੇਂਡੂ ਕਬੀਲਿਆਂ ਵਿਚੋਂ ਸ਼ਸਤਰਧਾਰੀ ਸ਼ਰਧਾਲੂ ਭਰਤੀ ਕਰ ਲਏ ਸਨ।' ਮੁਹੰਮਦ ਲਤੀਫ਼ ਅਨੁਸਾਰ ਗੁਰੂ ਸਾਹਿਬ ਨੇ 'ਮੁਗ਼ਲ ਰਾਜ ਦੇ ਉਨਾਂ ਭਗੌੜਿਆਂ ਨੂੰ ਪਨਾਹ ਦੇਣੀ ਸ਼ੁਰੂ ਕਰ ਦਿੱਤੀ ਜੋ ਨੱਸ ਕੇ ਉਨਾਂ ਦੀ ਸ਼ਰਨ ਜਾ ਪੈਂਦੇ ਸਨ।' ਇਸ ਦੇ ਨਾਲ ਹੀ ਰਲਦਾ ਮਿਲਦਾ ਕਥਨ ਇਤਿਹਾਸਕਾਰ ਖੁਸ਼ਵਕਤ ਰਾਏ ਦਾ ਹੈ ਕਿ 'ਗੁਰੂ ਜੀ ਨੇ ਘੋੜਸਵਾਰਾਂ ਤੇ ਊਠਸਵਾਰਾਂ ਦਾ ਇਕ ਦਸਤਾ ਤਿਆਰ ਕੀਤਾ", "ਕਾਰਖਾਨੇ ਕਾਇਮ ਕਰਨ ਦੇ ਰਾਖਵੇਂ ਸ਼ਾਹੀ ਅਧਿਕਾਰ ਵਿਚ ਦਖਲ ਦਿੱਤਾ' ਅਤੇ 'ਬਾਗ਼ੀ ਅਮੀਰਾਂ, ਅਜਾਰੇਦਾਰਾਂ, ਜ਼ਿਮੀਂਦਾਰਾਂ, ਮੁਣਸ਼ੀਆਂ, ਮੁਸਤਦੀਆਂ ਨੂੰ ਆਪਣੇ ਦਰਬਾਰ ਵਿਚ ਪਨਾਹ ਲੈਣ ਦਾ ਹੌਸਲਾ ਦਿੱਤਾ। ਜਿੱਥੇ ਉਨਾਂ ਨੂੰ ਉੱਚੀ ਇੱਜ਼ਤ ਦੀਆਂ ਪਦਵੀਆਂ ਦਿੱਤੀਆਂ।' ਇਸ ਤੋਂ ਇਲਾਵਾ ਜਗਜੀਤ ਸਿੰਘ ਨੇ ਸਿੱਖਾਂ ਦਾ ਇਤਿਹਾਸ ਲਿਖਣ ਵਾਲੇ ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਅਤੇ ਮੁਹੰਮਦ ਲਤੀਫ਼ ਦੇ ਹਵਾਲਿਆਂ ਨਾਲ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਦੀਆਂ 'ਆਪਣੇ ਸਿੱਖਾਂ ਨੂੰ ਵਾਰ ਵਾਰ ਦਿੱਤੀਆਂ ਹਦਾਇਤਾਂ ਕਿ ਉਹ ਉਨਾਂ ਦੇ ਤੀਰਾਂ ਦੇ ਨਿਸ਼ਾਨ ਵਿਖਾਉਣ ਵਾਲਿਆਂ ਦਾ ਹੁਕਮ ਮੰਨਣ, ਭਗਤੀ ਦੀਆਂ ਭਾਵਨਾਵਾਂ ਨਾਲੋਂ ਬਾਦਸ਼ਾਹੀ ਦੀ ਸਪਿਰਟ ਨੂੰ ਵਧੇਰੇ ਜ਼ਾਹਰ ਕਰਦੀਆਂ ਹਨ।'

ਫੇਰ ਵੀ ਜਿਹੜੇ ਇਤਿਹਾਸਕਾਰ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ਼ ਬੰਦਗੀ ਅਤੇ ਸ਼ਾਂਤੀ ਦੇ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕਰਦੇ ਹਨ ਉਨਾਂ ਦੀਆਂ ਆਪਣੀਆਂ ਲਿਖਤਾਂ ਵਿਚ ਵੀ ਅਨੇਕਾਂ ਅਜਿਹੇ ਵਾਕਿਆਤ ਅੰਕਿਤ ਹਨ ਜਿਹੜੇ ਗੁਰੂ ਸਾਹਿਬ ਦੇ ਜੁਝਾਰੂ ਤੇ ਸ਼ਸਤਰਧਾਰੀ ਜੀਵਨ ਦਾ ਸਬੂਤ ਪੇਸ਼ ਕਰਦੇ ਹਨ। ਅਜਿਹੇ ਵਾਕਿਆਤ ਸਾਬਤ ਕਰਦੇ ਹਨ ਕਿ ਗੁਰੂ ਸਾਹਿਬ ਹਰ ਵਕਤ ਆਪਣੇ ਕੋਲ ਕਈ ਪ੍ਰਕਾਰ ਦੇ ਸ਼ਸਤਰ ਰੱਖਦੇ ਸਨ। ਜਿਵੇਂ ਮੈਕਾਲਿਫ ਦੱਸਦਾ ਹੈ ਕਿ ਭੀਖੀ ਪਿੰਡ ਦੇ ਦੇਸੂ ਨਾਮ ਦੇ ਇਕ ਵਿਅਕਤੀ ਨੂੰ, ਜਿਹੜਾ ਸਖੀ ਸਰਵਰ ਦਾ ਚੇਲਾ ਸੀ, ਗੁਰੂ ਜੀ ਨੇ ਯਾਦ ਵਜੋਂ ਤੀਰਾਂ ਦੀ ਬਖ਼ਸ਼ਿਸ਼ ਕੀਤੀ ਅਤੇ ਆਪਣੇ ਇਕ ਹੋਰ ਸ਼ਰਧਾਲੂ ਭਗਤ ਭਗਵਾਨ ਨੂੰ ਤਲਵਾਰ ਬਖ਼ਸ਼ੀ ਅਤੇ ਬਨਾਰਸ ਦੀ ਸੰਗਤ ਨੂੰ ਮ੍ਰਿਦੰਗ (ਸਾਜ਼) ਦੀ ਬਖ਼ਸ਼ਿਸ਼ ਕੀਤੀ। ਗੁਰੂ ਸਾਹਿਬ ਆਪ ਜਮਨਾ ਤੋਂ ਪਾਰ ਸ਼ਿਕਾਰ ਖੇਡਣ ਜਾਇਆ ਕਰਦੇ ਸਨ। ਗੁਰੂ ਸਾਹਿਬ ਜਦੋਂ ਅਸਾਮ ਵਿਚ ਸਨ ਤਾਂ ਉਨਾਂ ਨੇ ਪਿੱਪਲ ਦੇ ਰੁੱਖ ਵਿਚ ਤੀਰ ਮਾਰ ਕੇ ਆਰ ਪਾਰ ਕਰ ਦਿੱਤਾ ਸੀ ਆਦਿ। ਸ਼ਸਤਰਾਂ ਨਾਲ ਜੁੜੇ ਤਕਰੀਬਨ ਸਾਰੇ ਵਾਕਿਆਤ ਉਨਾਂ ਇਤਿਹਾਸਕਾਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਦਰਜ਼ ਕੀਤੇ ਹਨ ਜਿਨਾਂ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ।

ਇਸ ਪ੍ਰਕਾਰ ਆਸਾਮ ਵਿਚ ਰਾਜਾ ਰਾਮ ਸਿੰਘ ਦੀ ਮੁਹਿੰਮ ਦੌਰਾਨ ਗੁਰੂ ਤੇਗ ਬਹਾਦਰ ਜੀ ਦੀ ਭੂਮਿਕਾ ਨਾਲ ਜੁੜੀਆਂ ਘਟਨਾਵਾਂ ਬਾਰੇ ਵੀ ਕੁਝ ਸਵਾਲ ਅਣਸੁਲਝੇ ਪਏ ਹਨ।

ਆਸਾਮ ਦੀ ਮੁਹਿੰਮ ਦੇ ਨਤੀਜਿਆਂ ਦਾ ਜ਼ਿਕਰ ਕਰਦਿਆਂ ਖਜ਼ਾਨ ਸਿੰਘ ਲਿਖਦਾ ਹੈ ਕਿ 'ਆਸਾਮ ਦੇ ਰਾਜਿਆਂ ਨੂੰ ਹਾਰ ਹੋਈ ਸੀ ਅਤੇ ਗੌਰੀਪੁਰ ਦੇ ਰਾਜੇ ਨੇ ਗੁਰੂ ਤੇਗ ਬਹਾਦਰ ਜੀ ਰਾਹੀਂ ਸੰਧੀ ਕਰ ਲਈ ਸੀ।' ਗੌਰੀਪੁਰ ਦਾ ਰਾਜਾ ਰਾਮ ਰਾਏ ਅਸਲ ਵਿਚ ਇਕ ਵੱਡਾ ਜਾਗੀਰਦਾਰ ਹੀ ਸੀ ਜੋ ਰਾਜਾ ਕਰਕੇ ਜਾਣਿਆ ਜਾਂਦਾ ਸੀ। ਦੂਜੇ ਪਾਸੇ ਮੈਕਾਲਿਫ਼ ਦਾ ਮੰਨਣਾ ਹੈ ਕਿ ਰੰਗਮਈ ਦੇ ਰਾਜਾ ਨੇ ਰਾਜਾ ਰਾਮ ਸਿੰਘ ਨਾਲ, ਗੁਰੂ ਜੀ ਦੇ ਪ੍ਰਭਾਵ ਸਦਕਾ ਸਮਝੌਤਾ ਕਰ ਲਿਆ ਸੀ ਅਤੇ ਉਨਾਂ ਨੇ ਆਪਸ ਵਿਚ ਪੱਗਾਂ ਵੀ ਵਟਾਈਆਂ ਸਨ। ਜਦੋਂਕਿ ਸਤਿਬੀਰ ਸਿੰਘ ਦਾ ਮੰਨਣਾ ਹੈ ਕਿ '੬੭੦ ਨੂੰ ਗੁਰੂ ਜੀ ਨੇ ਅਸਾਮੀਆਂ ਤੇ ਮੁਗ਼ਲ ਫ਼ੌਜਾਂ ਵਿਚ ਸੁਲਾਹ ਕਰਾ ਦਿੱਤੀ। ਗੁਰੂ ਜੀ ਦੇ ਕਹਿਣ 'ਤੇ ਦੋਵੇਂ ਧਿਰਾਂ ਪੁਰਾਣੀਆਂ ਸਰਹੱਦਾਂ 'ਤੇ ਚਲੀਆਂ ਗਈਆਂ। ਕਈ ਜਾਨਾਂ ਦਾ ਨੁਕਸਾਨ ਹੋਣ ਤੋਂ ਬਚ ਗਿਆ।' ਆਸਾਮ ਵਿਚ ਦੋ ਸਾਲ ਗੁਜ਼ਾਰਨ ਉਪਰੰਤ ਗੁਰੂ ਤੇਗ ਬਹਾਦਰ ਜੀ ਪਹਿਲਾਂ ਆਪ ਪੰਜਾਬ ਆਏ ਅਤੇ ਬਾਅਦ ਵਿਚ ਸਾਰਾ ਪਰਿਵਾਰ (ਗੁਰੂ) ਗੋਬਿੰਦ ਰਾਏ ਨੂੰ ਨਾਲ ਲੈ ਕੇ ਆਨੰਦਪੁਰ ਪਹੁੰਚ ਗਿਆ। ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਔਰੰਗਜ਼ੇਬ ਦੇ ਜ਼ੁਲਮਾਂ ਵਿਚ ਵਾਧਾ ਹੁੰਦਾ ਗਿਆ। ਫ਼ਿਰਕੂ ਜਨੂੰਨ ਉਸ ਦੇ ਸਿਰ ਨੂੰ ਚੜ ਗਿਆ ਸੀ। ਔਰੰਗਜ਼ੇਬ ਵੱਲੋਂ ਏਨੀ ਅਤਿ ਚੁੱਕਣ ਦਾ ਕਾਰਨ ਸ਼ਾਇਦ ਉਸ ਦੇ ਮਨ ਵਿਚ ਬੈਠ ਰਿਹਾ ਭੈਅ ਸੀ। ਬਾਅਦ ਵਿਚ ਜਲਦੀ ਹੀ ਉਸ ਦਾ ਇਹ ਭੈਅ ਸਚਾਈ ਵਿਚ ਬਦਲ ਗਿਆ। ਉਹ ਸੱਚਮੁੱਚ ਇਸਲਾਮ ਦੇ 'ਭੱਥੇ ਦਾ ਆਖਰੀ ਤੀਰ' (ਖਦੰਗੇ ਆਖਰੀ) ਸਾਬਤ ਹੋਇਆ। ਗੁਰੂ ਸਾਹਿਬ ਵਿਰੁੱਧ ਕਾਰਵਾਈ ਲਈ ਉਹ ਬਹਾਨੇ ਦੀ ਉਡੀਕ ਵਿਚ ਸੀ। ਗੁਰੂ ਸਾਹਿਬ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਲੋਕਾਂ ਦੇ ਭਾਰੀ ਇੱਕਠ ਸਾਹਮਣੇ ਸ਼ਹੀਦ ਕਰ ਦਿੱਤੇ ਗਏ। ਉਨਾਂ ਦਾ ਸੀਸ ਭਾਈ ਜੈਤਾ ਆਨੰਦਪੁਰ ਸਾਹਿਬ ਲੈ ਅਇਆ ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ। ਗੁਰੂ ਸਾਹਿਬ ਦਾ ਧੜ ਲੱਖੀ ਸ਼ਾਹ ਲੁਬਾਣਾ ਆਪਣੇ ਸਾਥੀਆਂ ਦੀ ਮਦਦ ਨਾਲ ਉਠਾ ਕੇ ਲੈ ਗਿਆ ਤੇ ਲੁਬਾਣਾ ਬਰਾਦਰੀ ਦੇ ਬੰਦਿਆਂ ਨੇ ਧੜ ਦਾ ਸਸਕਾਰ ਕਰਨ ਖ਼ਾਤਰ ਆਪਣੇ ਘਰਾਂ ਨੂੰ ਅੱਗ ਲਗਾ ਦਿੱਤੀ।

ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦੇ ਅਸਲ ਕਾਰਨਾਂ ਦਾ ਖੁਲਾਸਾ ਕਰਦਿਆਂ ਕਨਿੰਘਮ ਇੰਝ ਟਿੱਪਣੀ ਕਰਦਾ ਹੈ, 'ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ (ਗੁਰੂ) ਤੇਗ ਬਹਾਦਰ ਨੂੰ 1675 ਵਿਚ ਬਾਗ਼ੀ ਕਰਾਰ ਦੇ ਕੇ ਸ਼ਹੀਦ ਕੀਤਾ ਗਿਆ ਸੀ।' ਇਸੇ ਤਰਾਂ ਵਿਲੀਅਮ ਇਰਵਿਨ ਦੱਸਦਾ ਹੈ ਕਿ 'ਬਾਦਸ਼ਾਹ ਦੀਆਂ ਨਜ਼ਰਾਂ ਵਿਚ ਗੁਰੂ ਦਾ ਗੁਨਾਹ ਇਹ ਸੀ ਕਿ ਉਨਾਂ ਦੇ ਪੈਰੋਕਾਰ ਆਪਣੇ ਰਹਿਬਰ ਨੂੰ 'ਸੱਚਾ ਪਾਤਸ਼ਾਹ' ਅਰਥਾਤ ਅਸਲ ਬਾਦਸ਼ਾਹ ਮੰਨਦੇ ਸਨ।' ਇਨਾਂ ਦੋਵਾਂ ਇਤਿਹਾਸਕਾਰਾਂ ਦੀਆਂ ਧਾਰਨਾਵਾਂ ਖੁਸ਼ਵਕਤ ਰਾਏ ਦੇ ਕਥਨ ਨਾਲ ਹੋਰ ਸਪੱਸ਼ਟ ਹੁੰਦੀਆਂ ਹਨ। ਉਹ ਕਹਿੰਦਾ ਹੈ ਕਿ ਸਿੱਖ ਸੰਗਤ ਗੁਰੂ ਦੇ ਦਰਬਾਰ ਦਾ ਜਲੌਅ ਦੇਖ ਕੇ ਏਨੀ ਪ੍ਰਭਾਵਤ ਹੋ ਉੱਠੀ ਸੀ ਕਿ ਉਹ ਆਪਣੇ ਆਪ ਨੂੰ ਰਾਜ ਸੱਤਾ ਦੀ ਦਾਅਵੇਦਾਰ ਸਮਝਣ ਲੱਗੀ ਸੀ। ਲੇਖਕਾਂ ਦੀਆਂ ਇਹ ਧਾਰਨਾਵਾਂ ਔਰੰਗਜ਼ੇਬ ਦੇ ਮਨ 'ਚ ਬੈਠੇ ਭੈਅ ਦਾ ਹਕੀਕੀ ਕਾਰਨ ਸਥਾਪਤ ਕਰਦੀਆਂ ਹਨ।

ਔਰੰਗਜ਼ੇਬ ਵੱਲੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਨਤੀਜਾ ਕੀ ਨਿਕਲਿਆ ? ਇਸ ਦਾ ਸ਼ਾਨਦਾਰ ਨਿਚੋੜ ਜੋਹਨ ਜੇ.ਐਫ. ਗੋਰਡੋਨ ਇੰਝ ਪੇਸ਼ ਕਰਦਾ ਹੈ, 'ਦਿੱਲੀ ਵਿਚ ਸ਼ਹੀਦ ਕੀਤੇ ਗਏ ਗੁਰੂ ਤੇਗ ਬਹਾਦਰ ਦੇ ਲਹੂ ਦੇ ਬੀਜੇ ਬੀਜਾਂ ਨੇ ਬੜੀ ਭਰਵੀਂ ਫ਼ਸਲ ਦਾ ਝਾੜ ਦਿੱਤਾ।' ਗੁਰੂ ਜੀ ਸ਼ਹੀਦੀ ਤੋਂ ਪਹਿਲਾਂ, ਜਦੋਂ ਆਨੰਦਪੁਰ ਛੱਡਿਆ ਤਾਂ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਆਪਣੇ ਬੇਟੇ (ਗੁਰੂ) ਗੋਬਿੰਦ ਰਾਏ ਨੂੰ ਪਹਿਨਾਈ ਸੀ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਹ ਵਿਸ਼ੇਸ਼ ਤਲਵਾਰ ਗੁਰੂ ਤੇਗ ਬਹਾਦਰ ਜੀ ਨੇ (ਗੁਰੂ) ਗੋਬਿੰਦ ਸਿੰਘ ਨੂੰ ਭੇਜੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਨੌਵੇਂ ਗੁਰੂ ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਪਹਿਨਾਉਣਾ ਇਕ ਜੁਝਾਰੂ ਵਿਰਸਾ ਅਗਲੀ ਪੀੜੀ ਨੂੰ ਸੌਂਪਣ ਦਾ ਪ੍ਰਤੀਕ ਹੈ। ਉਂਝ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਬੇਟੇ ਨੂੰ ਉਨਾਂ ਦੇ ਪੁਰਖਿਆਂ ਵੱਲੋਂ ਅਰੰਭੀ ਕ੍ਰਾਂਤੀ ਅੱਗੇ ਲਿਜਾਣ ਵਾਸਤੇ ਤਿਆਰ ਕਰਨ ਲਈ ਸ਼ਸਤਰ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਸੀ। ਘੋੜਸਵਾਰੀ, ਤੀਰਅੰਦਾਜ਼ੀ, ਨੇਜ਼ਾਬਾਜ਼ੀ, ਤੈਰਾਕੀ ਆਦਿ ਵੱਲ ਉਚੇਚਾ ਧਿਆਨ ਦਿੱਤਾ ਸੀ।" ਇਸ ਪ੍ਰਕਾਰ ਸਿੱਖ ਧਰਮ ਦੇ ਝੰਡੇ ਹੇਠ ਅੱਗੇ ਵਧ ਰਿਹਾ ਦੱਬੇ ਕੁਚਲੇ ਕਿਰਤੀ ਵਰਗਾਂ ਦੀ ਕ੍ਰਾਂਤੀ ਦਾ ਸੰਘਰਸ਼ ਲਗਾਤਾਰ 206 ਸਾਲ ਅਣਥੱਕ ਤੇ ਅਡੋਲ ਸਫ਼ਰ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚਾ ਜਿੱਥੋਂ ਉਨਾਂ ਨੇ ਇਸ ਨੂੰ ਅਸਲੋਂ ਹੀ ਨਵੀਆਂ, ਪਰ ਜਜ਼ਬੇ ਭਰਪੂਰ ਬੁਲੰਦੀਆਂ 'ਤੇ ਪਹੁੰਚਾ ਦਿੱਤਾ।



# ਡਾਕੂਆਂ ਦੀਆਂ ਲੋਕ-ਗਾਥਾਵਾਂ ਅਤੇ ਪੰਜਾਬੀ ਕਵੀਸ਼ਰੀ

ਪ੍ਰੋ. ਧਰਮਿੰਦਰ ਸਿੰਘ

ਪੰਜਾਬੀ ਸਭਿਆਚਾਰ ਵਿਚ ਜਿਊਣਾ ਮੌੜ, ਸੁੱਚਾ ਸਿੰਘ ਸਮਾਓ, ਹਰਫੂਲ ਸਿੰਘ, ਜੰਗਾ, ਜੰਡਸ਼ੇਰੀਆ ਕੁੰਦਨ, ਚੰਦ ਸਿੰਘ ਫੱਗੂਵਾਲਾ ਆਦਿ ਅਨੇਕਾਂ ਡਾਕੂ ਹੋਏ ਹਨ ਜਿਹੜੇ ਸੂਰਮਿਆਂ ਦੀ ਕਸਵੱਟੀ 'ਤੇ ਵੀ ਪੂਰਾ-ਪੂਰਾ ਉੱਤਰੇ ਹਨ। ਇਨਾਂ ਦੀਆਂ ਲੋਕ-ਗਾਥਾਵਾਂ ਪੰਜਾਬੀ ਸਭਿਆਚਾਰ ਦੀਆਂ ਪ੍ਰਸਿੱਧ ਲੋਕ-ਗਾਥਾਵਾਂ ਹਨ, ਜਿਹੜੀਆਂ ਮੇਲਿਆਂ, ਮਜਲਿਸਾਂ ਅਤੇ ਇਕੱਠਾਂ ਵਿਚ ਸੁਣੀਆਂ ਸੁਣਾਈਆਂ ਜਾਂਦੀਆਂ ਹਨ। ਇਹ ਇਤਿਹਾਸ ਅਤੇ ਮਿਥਿਹਾਸ ਦਾ ਸੁਮੇਲ ਹਨ। ਇਨਾਂ ਕਥਾਵਾਂ ਵਿਚਲੇ ਡਾਕੂਆਂ ਨੂੰ ਸਮੇਂ ਦੀ ਹਕੂਮਤ,ਆਪਣੇ ਕਾਗਜ਼ਾਂ ਵਿਚ ਖਤਰਨਾਕ ਅਪਰਾਧੀ, ਦਹਿਸ਼ਤੀ ਕਾਤਲ ਅਤੇ ਲੁਟੇਰਾ ਲਿਖਦੀ ਹੈ। ਇਨਾਂ ਦੀ ਗ੍ਰਿਫਤਾਰੀ ਲਈ ਪੁਲਿਸ ਨੂੰ ਚੌਕਸ ਕਰਦੀ ਹੈ। ਇਸ਼ਤਿਹਾਰ ਛਪਵਾਉਂਦੀ ਹੈ ਤੇ ਇਨਾਮ ਰੱਖਦੀ ਹੈ। ਕਾਨੂੰਨ ਅਨੁਸਾਰ ਡਾਕੂ ਅਜਿਹਾ ਵਿਅਕਤੀ ਹੁੰਦਾ ਹੈ ਜੋ ਕਿਸੇ ਟੋਲੀ ਦਾ ਸੰਗਠਨ ਕਰਦਾ ਹੈ ਹਿੰਸਾ ਅਤੇ ਦਹਿਸ਼ਤ ਨਾਲ ਕੁਝ ਲੋਕਾਂ ਨੂੰ ਲੁੱਟਦਾ ਮਾਰਦਾ ਹੈ। ਪਰ ਉਹ ਆਪਣੇ ਸਭਿਆਚਾਰ ਦੇ ਲੋਕਾਂ ਵਿਚ ਬਦਲਾ ਲੈਣ ਵਾਲੇ, ਇਨਸਾਫ ਲਈ ਲੜਨ ਵਾਲੇ, ਗਲਤ ਨੂੰ ਦਰੁਸਤ ਕਰਨ ਵਾਲੇ, ਗਊ ਗਰੀਬ ਦੀ ਮਦਦ ਕਰਨ ਵਾਲੇ, ਬੱਚੇ ਅਤੇ ਨਿਹੱਥੇ 'ਤੇ ਵਾਰ ਨਾ ਕਰਨ ਵਾਲੇ ਬਹਾਦਰ ਸੂਰਮੇ ਹੁੰਦੇ ਹਨ। ਇਹ ਲੋਕ ਇਨਾਂ ਨੂੰ ਲੋਕ ਨਾਇਕਾਂ ਵਜੋਂ ਸਵੀਕਾਰਦੇ ਹਨ, ਇਨਾਂ ਦੀ ਪ੍ਰਸੰਸਾ ਕਰਦੇ ਹਨ, ਮਦਦ ਕਰਦੇ ਹਨ, ਪਨਾਹ ਦਿੰਦੇ ਹਨ। ਲੋਕ ਮਨ ਵਿਚ ਅਨੇਕਾਂ ਦੰਦ ਕਥਾਵਾਂ ਜੁੜਦੀਆਂ ਹਨ। ਲੋਕਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਇਨਾਂ ਨੂੰ ਧੋਖੇ ਜਾਂ ਮਕਾਰੀ ਨਾਲ ਗ੍ਰਿਫਤਾਰ ਕੀਤਾ ਜਾਂਦਾ ਹੈ ਜਾਂ ਮਾਰਿਆ ਜਾਂਦਾ ਹੈ,ਵੇਲੇ ਦੀ ਹਕੂਮਤ ਆਹਮੋ ਸਾਹਮਣੇ ਨਹੀਂ ਲੜਦੀ। ਮੌਤ ਤੋਂ ਬਾਅਦ ਲੋਕ ਆਪਣੀ ਮੌਖਿਕ ਪਰੰਪਰਾ ਵਿਚ ਇਨਾਂ ਨੂੰ ਜਿਉਂਦਾ ਰੱਖਦੇ ਹਨ। ਇਨਾਂ ਦੀਆਂ ਲੋਕ-ਬੋਲੀਆਂ ਗੀਤ ਅਤੇ ਕਿੱਸੇ ਬਣਦੇ ਹਨ। ਇਹ ਸ਼ਹੀਦਾਂ, ਪੀਰਾਂ, ਬਹਾਦਰਾਂ ਦੀ ਕਤਾਰ ਵਿਚ ਜਾ ਲਗਦੇ ਹਨ। ਇਨਾਂ ਦੀਆਂ ਸਮਾਧਾਂ ਬਣਾ ਕੇ ਪੂਜਿਆ ਜਾਂਦਾ ਹੈ।

ਪੰਜਾਬੀਆਂ ਦਾ ਖੁੱਲਾਪਣ ਅਤੇ ਖਾੜਕੂ ਮਾਨਸਿਕਤਾ ਇਨਾਂ ਦੀ ਇਸ ਭੂਗੋਲਿਕ ਸਥਿਤੀ ਦਾ ਹੀ ਸਿੱਟਾ ਹੈ। ਇਨਾਂ ਦੇ ਅਜਿਹੇ ਮਾਨਸਿਕ ਅਤੇ ਸਰੀਰਕ ਗੁਣਾਂ ਸਦਕਾ ਇਸ ਇਲਾਕੇ ਨੇ ਮਹਾਨ ਯੋਧਿਆਂ ਨੂੰ ਜਨਮ ਦਿੱਤਾ ਹੈ। ਇਥੋਂ ਦੇ ਫੋਕਲੋਰ ਵਿਚ ਫੌਜੀ ਬਣਨਾ ਸ਼ਾਮਿਲ ਹੈ, ਪੰਜਾਬੀਆਂ ਦਾ ਇਹ ਲੱਛਣ ਪੰਜਾਬ ਦੇ ਡਾਕੂਆਂ ਦੀਆਂ ਲੋਕ-ਗਾਥਾਵਾਂ ਵਿਚ ਇਨਾਂ ਦੇ ਮੁੱਖ ਪਾਤਰਾਂ ਦੇ ਫੌਜ ਵਿਚ ਭਰਤੀ ਹੋਣ 'ਤੇ ਵੀ ਪ੍ਰਗਟ ਹੁੰਦਾ ਹੈ। ਪੰਜਾਬ ਦੇ ਕਿੱਸਾਕਾਰਾਂ ਨੇ ਲੋਕਮਨ ਦੀ ਤ੍ਰਿਪਤੀ ਲਈ ਡਾਕੂਆਂ ਦੀਆਂ ਕਥਾਵਾਂ ਨਾਲ ਜੁੜੀਆਂ ਅਨੇਕਾਂ ਘਟਨਾਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਾਨੀ ਬੱਧ ਕੀਤਾ ਹੈ। ਕਿਸਾਨ ਦੇ ਪੁੱਤ ਦਾ ਫੌਜ ਵਿਚ ਭਰਤੀ ਹੋਣਾ ਇਥੋਂ ਦੀਆਂ ਉਨਾਂ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਹੈ ਜਿਹੜੀਆਂ ਇਸ ਸਭਿਆਚਾਰ ਦੇ ਆਰਥਿਕ, ਰਾਜਨੀਤਕ ਅਤੇ ਸਮਾਜਕ ਪੱਖਾਂ ਤੋਂ ਪੈਦਾ ਹੁੰਦੀਆਂ ਹਨ। ਵੱਖ-ਵੱਖ ਡਾਕੂਆਂ ਦੀਆਂ ਕਥਾਵਾਂ ਵਿਚ ਫੌਜ ਵਿਚ ਭਰਤੀ ਹੋਣ ਦੀ ਘਟਨਾ ਨੂੰ ਇਸ ਤਰਾਂ ਪੇਸ਼ ਕੀਤਾ ਗਿਐ-

ਜਵਾਲਾ ਸਿੰਘ ਨੂੰ ਕਹੇ ਦਲੀਪ ਯਾਰੋ
ਮੇਰਾ ਸੁਣ ਲੈ ਇਕ ਬਿਆਨ ਭਾਈ
ਵਿਚ ਫੌਜ ਦੇ ਕਰੂ ਮੈਂ ਨੌਕਰੀ ਨੂੰ
ਘਰ ਬੈਠ ਕੇ ਨਹੀਂ ਗੁਜਰਾਨ ਭਾਈ
ਲੈਕੇ ਤਾਰੂੰਗਾ ਰਕਮ ਮੈਂ ਬਾਣੀਏ ਦੀ
ਨਹੀਂ ਰਹੂੰਗਾ ਬੜਾ ਹੈਰਾਨ ਭਾਈ
ਨਾਲੇ ਕਰਨੀ ਹੈ ਕੰਨਿਆਂ ਦੀ ਜਾਨ ਸ਼ਾਦੀ
ਘਰ ਬੈਠੀ ਹੈ ਭੈਣ ਜੁਆਨ ਭਾਈ
ਘਰ ਦਾ ਕਰੀਂ ਨਾ ਮੂਲ ਵਸਾਹ ਵੀਰਾ
ਨੰਬਰਦਾਰ ਹੈ ਬੜਾ ਬੇਈਮਾਨ ਭਾਈ
ਸਾਂਝੀ ਹਿੱਸੇ ਦਾ ਰਲ ਕੇ ਦਿਨ ਕੱਟੀਂ
ਜੀਂਦਾ ਰਿਹਾ ਤਾਂ ਮਿਲੂੰਗਾ ਆਣ ਭਾਈ

(ਪੰਡਤ ਰਾਮ ਚੰਦ ਜੀਵਨ ਸਿੰਘ-ਕਿੱਸਾ ਦਲੀਪ ਸਿੰਘ ਤੇ ਜਵਾਲਾ ਸੂਰਮਾ)

ਸੁੱਚਾ ਸਿੰਘ ਸਮਾਉਂ ਵਾਲੇ ਦੀ ਲੋਕ-ਗਾਥਾ ਪੰਜਾਬ ਦੀ ਪ੍ਰਸਿੱਧ ਲੋਕ-ਗਾਥਾ ਹੈ, ਇਸ ਗਾਥਾ ਵਿਚ ਕਿੱਸਾਕਾਰ ਵੱਲੋਂ ਸੁੱਚਾ ਸਿੰਘ ਸਮਾਉਂ ਦੀ ਫੌਜ ਵਿਚ ਭਰਤੀ ਹੋਣ ਦੀ ਇੱਛਾ ਨੂੰ ਇਸ ਤਰਾਂ ਕਾਨੀਬੱਧ ਕੀਤਾ ਹੈ :

ਸੁੱਚਾ ਮਨ ਸੋਚਦਾ ਹੈ ਬੀਰੋ ਨੂੰ ਜੇ ਮਾਰ ਦੇਵਾਂ
ਨਰੈਣੇ ਭਾਈ ਵਾਲਾ ਘਰ ਹੋਏਗਾ ਬਰੰਗ ਜੀ।
ਨੱਕ ਗਿੱਟਾ ਵੱਡ ਦੇਣਾ
ਫੇਰ ਵੀ ਨਰਾਜ਼ਗੀ ਹੋਵੇ
ਕਰਾਂ ਲੁੱਟ ਮਾਰ ਲੋਕ ਕਹਿਣਗੇ ਮਲੰਗ ਜੀ।
ਸਾਧ ਜੇ ਬਣਾ ਨਿੱਤ ਖਾਣਾ ਲੱਗੂ ਮੰਗ ਕੇ
ਨੌਕਰ ਮੈਂ ਹੋਵਾਂ ਜਿੱਤਾਂ ਯੁੱਧ ਵੀਰ ਜੰਗ ਜੀ।

(ਦੌਲਤ ਰਾਮ-ਕਿੱਸਾ ਸੁੱਚਾ ਸੂਰਮਾ)

ਹਰਫੂਲ ਸਿੰਘ ਜਲਾਣੀ ਵਾਲਾ ਦੀ ਲੋਕ-ਗਾਥਾ ਵੀ ਪੰਜਾਬ ਦੀ ਪ੍ਰਸਿੱਧ ਲੋਕ-ਗਾਥਾ ਹੈ। ਉਸ ਦੇ ਫੌਜ ਵਿਚ ਭਰਤੀ ਹੋਣ ਦੀ ਘਟਨਾ ਦਾ ਜ਼ਿਕਰ ਪ੍ਰਸਿੱਧ ਕਵੀਸ਼ਰ ਮੇਹਰ ਸਿੰਘ ਨੇ ਇਸ ਤਰਾਂ ਪੇਸ਼ ਕੀਤਾ ਹੈ-

ਸੰਨ ਚੌਦਾਂ ਵਿਚ ਹੋ ਗਿਆ ਸੀ ਭਰਤੀ।
ਜੀਂਦ ਮਹਾਰਾਜ ਮੇਂ ਪਛਾਨ ਸ਼ਰਤੀ।
ਵੱਡਿਆ ਮਾਲਕ ਬਵਰ ਬਘੇਰ ਦਾ।
ਸੁਣੋ ਯਾਰਾ ਸਾਕਾ ਹਰਫੂਲ ਸ਼ੇਰ ਦਾ।

(ਮੇਹਰ ਸਿੰਘ-ਕਿੱਸਾ ਹਰਫੂਲ ਸਿੰਘ ਸੂਰਮਾ)

ਚੜਦੀ ਜਵਾਨੀ ਵਿਚ ਡਾਕੂਆਂ ਦੀਆਂ ਗਾਥਾਵਾਂ ਦੇ ਨਾਇਕ ਹੌਂਸਲੇ ਦਲੇਰੀ ਤੇ ਬਹਾਦਰੀ ਨੂੰ ਪ੍ਰਗਟਾਉਂਦੇ ਹੋਰ ਵੀ ਅਨੇਕਾਂ ਮਿੱਥ ਹਨ, ਸੁੱਚਾ ਸਿੰਘ ਸਮਾਉਂ ਦੀ ਲੋਕ-ਗਾਥਾ ਵਿਚ ਪ੍ਰਸਿੱਧ ਕਵੀਸ਼ਰ ਬਾਬੂ ਰਜਬ ਅਲੀ, ਸੁੱਚੇ ਦੀ ਦਲੇਰੀ ਅਤੇ ਹੌਂਸਲੇ ਨੂੰ ਇਕ ਹੋਰ ਮਿੱਥ ਨਾਲ ਇਸ ਤਰਾਂ ਵਰਨਣ ਕਰਦਾ ਹੈ:

ਲੱਗੀ ਅੱਗ ਸਾਹਿਬ ਦੇ ਬੰਗਲੇ
ਇਕ ਦਿਨ ਐਸੀ ਆਏ।
ਅੰਦਰ ਰਹਿ ਗਿਆ ਬਾਲ ਬੱਚਾ
ਸਭ ਸਾਹਿਬ ਸ਼ੋਰ ਮਚਾਏ।
ਬਾਲ ਬੱਚੇ ਨੂੰ ਕੱਢ ਲਿਆਇਆ
ਸੁੱਚਾ ਸਿੰਘ ਸੀ ਜਾਏ।
ਸਾਹਿਬ ਮੇਮ ਨੂੰ ਖੁਸ਼ੀਆਂ ਹੋਈਆਂ
ਗੀਤ ਸੁੱਚੇ ਦੇ ਗਾਏ।

(ਬਾਬੂ ਰਜਬ ਅਲੀ-ਸੁੱਚਾ ਸੂਰਮਾ)

ਪੰਜਾਬ ਦੇ ਡਾਕੂਆਂ ਦੀਆਂ ਲੋਕ-ਗਾਥਾਵਾਂ ਦੇ ਨਾਇਕ ਦਾ ਡਾਕੂ ਬਣਨਾ, ਉਸ ਵੱਲੋਂ ਚੁਣੇ ਹੋਏ ਪ੍ਰਾਜੈਕਟ ਦਾ ਹਿੱਸਾ ਹੁੰਦਾ ਹੈ। ਉਹ ਵੇਲੇ ਦੇ ਪ੍ਰਬੰਧ ਦੀ ਬਣਤਰ ਅਤੇ ਇਸ ਦੇ ਵੱਖ-ਵੱਖ ਸਤਾ ਸੰਗਠਨਾਂ ਵਿਚ ਪਏ ਮੂਲ ਵਿਰੋਧਾਂ ਦੀ ਮੁਕੰਮਲ ਦਰਜੇਬੰਦੀ ਬਾਰੇ ਚੇਤੰਨ ਹੁੰਦਾ ਹੈ। ਵੇਲੇ ਦੇ ਪ੍ਰਬੰਧ ਕੋਲ ਫੌਜ, ਪੁਲਿਸ, ਕਾਨੂੰਨ, ਜੇਲ ਅਤੇ ਫਾਂਸੀ ਤੋਂ ਇਲਾਵਾ ਇਸੇ ਤਰਾਂ ਸੰਗਠਨਾਂ ਨਾਲ ਜੁੜੇ ਅਧਿਕਾਰੀ, ਜਗੀਰਦਾਰ ਅਤੇ ਉਨਾਂ ਦੇ ਗੁੰਡੇ, ਸੂਦਖੋਰ ਅਤੇ ਪੁਲਿਸ ਮੁਖਬਰ ਹੁੰਦੇ ਹਨ, ਪੰਜਾਬ ਦੇ ਡਾਕੂਆਂ ਦੀਆਂ ਲੋਕ ਕਥਾਵਾਂ ਵਿਚ ਇਨਾਂ ਵਿਰੋਧਾਂ ਦੇ ਪੈਟਰਨਜ਼ ਇਸ ਤਰਾਂ ਉਭਰਦੇ ਹਨ, ਜਿਵੇਂ ਦਰਬਾਰਾ ਛੰਨਾਂ ਵਾਲਾ ਚੁੰਗਾਲੀ ਵਾਲੇ ਜਗੀਰਦਾਰ ਦਾ ਕਤਲ ਕਰਦਾ ਹੈ, ਸ਼ੇਰ ਸਿੰਘ ਪਟਿਆਲਾ ਰਿਆਸਤ ਦੇ ਵਫਾਦਾਰ ਸਾਬਕਾ ਅਫਸਰ ਰਹੇ ਸਰਦਾਰ ਨੂੰ ਇਕ ਰਾਤ ਕਤਲ ਕਰਕੇ ਗੁਹਾਰੇ ਵਿਚ ਰੱਖ ਕੇ ਅੱਗ ਲਾ ਦਿੰਦਾ ਹੈ, ਹਰਫੂਲ ਜਲਾਣੀ ਵਾਲਾ ਥਾਣੇਦਾਰ ਨੂੰ ਕਤਲ ਕਰਦਾ ਹੈ, ਵਿਰੋਧ ਦੇ ਇਨਾਂ ਪੈਟਨਰਜ਼ ਰਾਹੀਂ ਹੀ ਪੰਜਾਬ ਦੇ ਕਵੀਸ਼ਰਾਂ ਨੇ ਵਿਸ਼ੇਸ਼ ਕਾਵਿ ਪੈਰਾਡਾਈਮਜ਼ ਸਿਰਜੇ ਹਨ ਜਿਵੇਂ ਹਰਫੂਲ ਦੀ ਮੁਖਬਰੀ ਟਾਊਟ ਕਰਦੇ ਹਨ ਇਨਾਂ ਨੂੰ ਮਾਰਨ ਦੀ ਘਟਨਾ ਦਾ ਜ਼ਿਕਰ ਉਸ ਸੰਬੰਧੀ ਸਿਰਜੇ ਲੋਕ-ਸਾਹਿਤ ਵਿਚ ਇਸ ਤਰਾਂ ਆਉਂਦਾ ਹੈ :

ਮੇਰੇ ਮਾਮਾ ਫੂਲ ਵਾਕ ਨੀ ਭਲੌਣ ਦਾ
ਤੁਸੀਂ ਚੁੱਕਿਆ ਬੀੜਾ ਫੂਲ ਦੇ ਫੜੌਣ ਦਾ
ਕੜਾ ਕੜ ਸਿਟੀਆਂ ਸ਼ਿਸਤ ਜੋੜ ਕੇ



ਦੋਵੇਂ ਓਤ ਸੂਰਮੇ ਨੇ ਰੱਖੇ ਰੋੜ ਕੇ।

ਇਸੇ ਤਰਾਂ ਹਰਫੂਲ ਜਲਾਣੀ ਵਾਲੇ ਹੱਥੋਂ ਇਕ ਥਾਣੇਦਾਰ ਨੂੰ ਮਾਰਨ ਦੀ ਘਟਨਾ ਲੋਕ ਸਾਹਿਤ ਵਿਚ ਇਸ ਤਰਾਂ ਪੇਸ਼ ਕੀਤੀ ਗਈ ਹੈ :

ਮਿਲੇ ਹਰਫੂਲ ਸਿੰਘ ਠਾਣੇਦਾਰ ਨੂੰ
ਜੋੜ ਲਈ ਸ਼ਿਸਤ ਕਰਕੇ ਜੁਹਾਰ ਨੂੰ
ਪਿੰਡ ਨੂੰ ਨਾ ਜਾ ਕੇ ਵਾਦੂ ਦੇਈਂ ਤੜੀਆਂ
ਆ ਜਾ ਲਾ ਲੈ ਫੂਲ ਸਿਓਂ ਦੇ ਹੱਥ ਕੜੀਆਂ।
ਏਨਾ ਕਹਿ ਕੇ ਸ਼ੇਰ ਤੇ ਵਰਾਤਾ ਘੋੜੇ ਨੂੰ
ਠਾਣੇਦਾਰ ਡਿਗਿਆ ਘੋੜੀ ਤੋਂ ਜ਼ਮੀਨ 'ਤੇ
ਗਾਰਦ ਤਮਾਮ ਭਜਗੀ ਤੇ ਰੜੀਆਂ।

ਸੂਦਖੋਰਾਂ ਅਤੇ ਆਮ ਕਿਸਾਨਾਂ ਵਿਚਕਾਰ ਵਿਰੋਧਾਭਾਸ ਦੇ ਇਰਦ-ਗਿਰਦ ਇਹ ਪੈਰਾਡਾਈਮ ਇਸ ਤਰਾਂ ਬਣਦਾ ਹੈ :

ਬਾਣੀਆਂ ਦੀ ਜੰਞ ਪਿੰਡ ਵਿਚ ਆਈ ਸੀ।
ਲੁੱਟ ਲਿਆ ਮਾਲ ਛੱਡਿਆ ਨਾ ਕਾਈ ਸੀ।
ਕੁੱਟ-ਕੁੱਟ ਨੱਕ ਲਾਲਿਆਂ ਦੇ ਫੇਸ ਤੇ।
ਹੋਏ ਮਸ਼ਹੂਰ ਡਾਕੂ ਸਾਰੇ ਦੇਸ਼ ਤੇ।

ਹਰ ਸਭਿਆਚਾਰਕ ਸਮਾਜ ਵਿਚ ਮਨੁੱਖੀ ਸ਼ਾਨ ਦਾ ਆਪਣਾ ਸੰਕਲਪ ਹੁੰਦਾ ਹੈ, ਪੰਜਾਬੀ ਕਿਸਾਨੀ ਸਮਾਜ ਵਿਚ ਵਿਅਕਤੀ ਭਾਈ ਦੇ ਕਾਤਲ ਨੂੰ ਮਾਰ ਕੇ ਹੀ ਮਰਦ ਕਹਾ ਸਕਦਾ ਹੈ, ਜ਼ਰ, ਜ਼ੋਰੂ ਤੇ ਜ਼ਮੀਨ ਕਿਸਾਨਾਂ ਦੇ ਸੰਵੇਦਨਸ਼ੀਲ ਅੰਸ਼ ਹਨ ਜਿਨਾਂ ਨਾਲ ਉਨਾਂ ਦੀ ਜ਼ਿੰਦਗੀ ਦੀ ਸ਼ਾਨ ਜੁੜੀ ਹੁੰਦੀ ਹੈ, ਇਨਾਂ ਸੰਕਲਪਾਂ 'ਚੋਂ ਹੀ ਬਦਲੇ ਦਾ ਸੰਕਲਪ ਉੱਭਰਦਾ ਹੈ।

ਜਿਉਣਾ ਮੌੜ ਆਪਣੇ ਭਾਈ ਕਿਸ਼ਨੇ ਨਾਲ ਵਿਸ਼ਵਾਸਘਾਤ ਕਰਨ ਵਾਲੇ ਅਹਿਮਦ ਡੋਗਰ ਤੋਂ ਬਦਲਾ ਲੈਂਦਾ ਹੈ, ਲੋਕ ਸਾਹਿਤ ਵਿਚ ਇਹ ਦ੍ਰਿਸ਼ ਇਸ ਤਰਾਂ ਪੇਸ਼ ਹੁੰਦਾ ਹੈ :

ਖੜ ਜਾ ਏਥੇ ਡੋਗਰਾ
ਪੀ ਕੇ ਛਡੂੰਗਾ ਰੱਤ।
ਕਾਰਤੂਸ ਵਿਚ ਰਫਲ ਦੇ
ਗਿਣਕੇ ਪਾ ਲੇ ਸੱਤ।
ਏਨੀ ਕਹਿ ਕੇ ਮੌੜ ਨੇ
ਸਿਸਤ ਲਈ ਸੀ ਜੋੜ।
ਕਰੜ ਕਰੜ ਦੰਦ ਚੱਬਦਾ
ਦੇਊਂ ਨਗੰਦੇ ਤੋੜ।

(ਭਾਈ ਚੰਨਣ ਸਿੰਘ-ਜਿਊਣਾ ਮੌੜ)

ਇਸੇ ਤਰਾਂ ਸੁੱਚਾ ਸਿੰਘ ਸੂਰਮੇ ਦੀ ਲੋਕ-ਗਾਥਾ ਵਿਚ ਉਸ ਦੇ ਭਾਈ ਨਰੈਣੇ ਦੇ ਵਿਸ਼ਵਾਸਘਾਤੀ ਦੋਸਤ ਘੁਕਰ ਨੂੰ ਮਾਰਨ ਦੀ ਘਟਨਾ ਦਾ ਜ਼ਿਕਰ ਆਉਂਦਾ ਹੈ :

ਗੋਲੀ ਨਾਲ ਰੋੜਦੂ ਨਾ ਲਾਊਂ ਬਿੰਦ ਤੂੰ।
ਨਾਲ ਪਿੱਛੇ ਘੂਰਾਂ ਗਵਾ ਲੈ ਜਿੰਦ ਤੂੰ।
ਜ਼ੋਰ ਨਾਲ ਖੋਂਹਦਾ ਸੀ ਸਾਡੇ ਹੱਕ ਤੂੰ।
ਦੁਖੀ ਹੋ ਕੇ ਘੁਕਰਾ ਚਬਾ ਲਿਆ ਅੱਕ ਤੂੰ।
ਸੀਨੇ ਵਿਚ ਫੇਰ ਗੋਲੀ ਮਾਰੀ ਕੱਸ ਕੇ।
ਰਲ ਜਾ ਸਹਿਦੀ ਸੁੱਚਾ ਕੈਂਹਦਾ ਹੱਸ ਕੇ।

(ਭਾਈ ਰੀਟਾ ਦੀਨ-ਸੁੱਚਾ ਸਿੰਘ ਸੂਰਮਾ)

ਪੰਜਾਬੀ ਸਭਿਆਚਾਰ ਵਿਚ ਗਊ ਗਰੀਬ ਦੀ ਰੱਖਿਆ ਕਰਨਾ ਮਨੁੱਖੀ ਧਰਮ ਹੈ, ਅਮਲ ਵਿਚ ਲੋਕ ਸਮੂਹ ਨਾਲ ਸੰਗਠਿਤ ਹੋਣ ਲਈ ਮਦਦ ਦਾ ਸੰਕਲਪ ਉੱਭਰਦਾ ਹੈ।

ਜਿਊਣਾ ਮੌੜ ਸਾਧ
ਗਊ ਗਰੀਬ ਦੀ ਕਰੇ ਸੇਵਾ।
ਖੱਬੀਖਾਨਾਂ ਦੀ ਅਲਖ ਮਕਾਉਂਦਾ ਜੀ।
ਜੇਹੜਾ ਬਾਦਸ਼ਾਹ ਦੇ ਘਰੇ ਕਰੇ ਚੋਰੀ,
ਪਰਚਾ ਛਾਪ ਕੇ ਪਹਿਲਾਂ ਲਗਾਉਂਦਾ ਜੀ।
ਸ਼ੀਹਣੀ ਮਾਂ ਨੇ ਜੰਮਿਆਂ ਸ਼ੇਰ ਜਿਉਣਾ,
ਤਾਮੀਂ ਲੁੱਕ ਕੇ ਵਕਤ ਲੰਘਾਉਂਦਾ ਜੀ।

ਇਸ ਤਰਾਂ ਪੰਜਾਬ ਦੇ ਡਾਕੂਆਂ ਦੀਆਂ ਲੋਕ ਗਾਥਾਵਾਂ ਇਥੋਂ ਦੇ ਲੋਕ-ਸਾਹਿਤ ਦਾ ਇਕ ਮਹੱਤਵਪੂਰਨ ਹਿੱਸਾ ਹਨ।

ਇਸ ਧਰਤੀ ਦੇ ਪ੍ਰਸਿੱਧ ਕਵੀਸ਼ਰਾਂ ਨੇ ਵੀ ਇਨਾਂ ਡਾਕੂਆਂ ਦੀਆਂ ਗਾਥਾਵਾਂ ਵਿਚ ਬੜੀ ਸੂਖਮਤਾ ਤੇ ਸਰਲਤਾ ਨਾਲ ਇਤਿਹਾਸ ਅਤੇ ਮਿਥਿਹਾਸ ਦੇ ਸੁਮੇਲ ਨੂੰ ਪੇਸ਼ ਕੀਤਾ ਹੈ।

***ਸਰਕਾਰੀ ਕਾਲਜ (ਲੜਕੀਆਂ), ਪਟਿਆਲਾ**

# ✪ ਮਿੰਨੀ ਕਹਾਣੀਆਂ ✪

## ਹਾਏ-ਹਾਏ

ਮੈਂ ਆਪਣੇ ਪੁੱਤਰ ਕਰਨਵੀਰ ਅਤੇ ਘਰਵਾਲੀ ਨਾਲ ਬਾਜ਼ਾਰ ਗਿਆ। ਹਮੇਸ਼ਾ ਦੀ ਤਰਾਂ ਬਾਜ਼ਾਰ ਵਿਚ ਬਹੁਤ ਜ਼ਿਆਦਾ ਭੀੜ ਸੀ। ਸਕੂਟਰ ਮੋਟਰਸਾਈਕਲਾਂ ਦੀ ਪੀਂ-ਪੀਂ ਨਾਲ ਕਰਨ ਆਪਣਾ ਮਨ ਬਹਿਲਾ ਰਿਹਾ ਹੈ। ਅਚਾਨਕ ਅੱਗਿਓਂ ਆਵਾਜ਼ਾਂ ਆਉਣੀਆਂ ਸ਼ੁਰੂ ਹੋਈਆਂ, ਕਰਨ ਦਾ ਧਿਆਨ ਇਕਦਮ ਹਾਏ-ਹਾਏ ਕਰ ਰਹੇ ਬੰਦਿਆਂ ਵੱਲ ਹੋ ਗਿਆ। ਉਹ ਬੜੇ ਹੀ ਸਹਿਮ ਭਰੇ ਮਨ ਨਾਲ ਟਿਕ ਟਿਕੀ ਲਗਾ ਕੇ ਉਨਾਂ ਪ੍ਰਦਰਸ਼ਨਕਾਰੀਆਂ ਵੱਲ ਦੇਖਣ ਲੱਗਿਆ। ਸਾਨੂੰ ਦੋਹਾਂ ਨੂੰ ਵੀ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਬੈਂਕ ਕਰਮਚਾਰੀ ਬੈਂਕਾਂ ਦੇ ਰਲੇਵੇਂ ਅਤੇ ਕਿਸਾਨ ਬਿਲਾਂ ਦੇ ਵਿਰੋਧ ਵਿਚ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ।

ਅਸੀਂ ਰਾਹ ਮਿਲਣ ਬਾਅਦ ਉੱਥੋਂ ਲੰਘ ਕੇ ਲੋੜੀਂਦੀ ਖ਼ਰੀਦਦਾਰੀ ਕਰ ਕੇ ਘਰ ਆ ਗਏ। ਘਰ ਪਹੁੰਚ ਕੇ ਮਾਸੂਮ ਕਰਨ ਦੇ ਸੁਆਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਕਿਉਂਕਿ ਜੇ ਮੈਂ ਸਰਕਾਰ ਖ਼ਿਲਾਫ਼ ਬੋਲਦਾ ਤਾਂ ਬਾਲ ਮਨ 'ਤੇ ਹਕੂਮਤ ਪ੍ਰਤੀ ਬੁਰਾ ਪ੍ਰਭਾਵ ਪੈਣਾ ਸੀ ਅਤੇ ਜੇ ਮੈਂ ਉਨਾਂ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਬੋਲਦਾ ਤਾਂ ਮੈਂ ਆਪਣੀ ਜ਼ਮੀਰ ਨੂੰ ਸੱਚ ਨਾਲ ਨਾ ਖੜਨ ਕਰਕੇ ਕੋਸਦਾ। ਉਹ ਪੁੱਛ ਰਿਹਾ ਸੀ, 'ਪਾਪਾ ਉਹ ਉੱਥੇ ਹਾਏ ਹਾਏ ਕਿਉਂ ਕਰ ਰਹੇ ਸੀ ?'

**-ਜੀਤ ਹਰਜੀਤ**

## ਇਕ ਅਪ੍ਰੈਲ

'ਹੋਰ ਖੁਸ਼ਵੰਤ ਸਿੰਹਾਂ ਕੀ ਹਾਲ ਹੈ, ਕਿੱਥੇ ਜੇ ਚੱਲ ਰਹੀ ਹੈ ਤੇਰੀ ਕਲਮ ?' ਆਪਣੇ ਪਿੰਡ ਦੀ ਇਕ ਸਮਾਜਿਕ ਸੰਸਥਾ ਦੇ ਪ੍ਰਧਾਨ ਦੇ ਮੂੰਹੋਂ ਇਹ ਸੁਣ ਕੇ ਉਹ ਸਾਈਕਲ 'ਤੇ ਕਿਸੇ ਕੰਮ ਨੂੰ ਜਾਂਦਾ ਹੋਇਆ ਰੁਕ ਗਿਆ। 'ਤੁਸੀਂ ਮੇਰਾ ਨਾਮ ਕਦੋਂ ਤੋਂ ਭੁੱਲ ਗਏ। ਮੇਰਾ ਨਾਮ ਤਾਂ ਸੰਦੀਪ ਸਿੰਘ ਹੈ।' ਉਸ ਦੇ ਇਸ ਜਵਾਬ ਨੇ ਉਸ ਅਹੁਦੇਦਾਰ ਨੂੰ ਚੁੱਪ ਕਰਵਾ ਦਿੱਤਾ ਤੇ ਉਹ ਅੱਗੇ ਤੁਰ ਪਿਆ। ਉਸ ਦੀ ਇਸ ਗੱਲ ਨੇ ਸੰਦੀਪ ਦੇ ਦਰਦਾਂ ਦੇ ਦਰਿਆ ਦਾ ਮੂੰਹ ਖੋਲ ਦਿੱਤਾ ਸੀ। ਕਿਸੇ ਸਮੇਂ ਉਹ ਆਪਣੀ ਪੜਾਈ ਲਈ ਇਨਾਂ ਤੋਂ ਆਰਥਿਕ ਮਦਦ ਮੰਗਣ ਗਿਆ ਸੀ, ਪਰ ਹਰ ਵਾਰ ਲਾਰਾ ਲਗਾ ਕੇ ਉਹ ਉਸ ਦੀ ਗ਼ਰੀਬੀ ਦਾ ਮਜ਼ਾਕ ਉਡਾਉਂਦੇ ਰਹਿੰਦੇ ਸਨ। ਜਦੋਂ ਤੋਂ ਇਨਾਂ ਨੂੰ ਪਤਾ ਲੱਗਿਆ ਸੀ ਕਿ ਸੰਦੀਪ ਕੁਝ ਲਿਖਦਾ ਵੀ ਹੈ ਤਾਂ ਉਹ ਉਸ ਦੀ ਕਲਾ ਦੀ ਖਿੱਲੀ ਉਡਾਉਂਦੇ ਸਨ।

ਘਰ ਆ ਕੇ ਚਾਹ ਪੀ ਕੇ ਘਰੋਂ ਖੇਤ ਨੂੰ ਨਿਕਲਦਿਆਂ ਉਸ ਦੇ ਦੁਰਬਲ ਸਰੀਰ ਦਾ ਮਜ਼ਾਕ ਉਸ ਦੇ ਗੁਆਂਢੀ ਨੇ ਭੀਮ ਸੇਨ ਕਹਿ ਕੇ ਉਡਾਇਆ ਕਿ ਦੇਖੀਂ ਕਿਤੇ ਪੱਠਿਆਂ ਦਾ ਪੂਰਾ ਕਿਆਰਾ ਹੀ ਨਾ ਵੱਢ ਲਿਆਈਂ। ਸੰਦੀਪ ਮੁਸਕਰਾ ਕੇ ਅੱਗੇ ਤੁਰ ਪਿਆ। ਰਸਤੇ ਵਿਚ ਉਸ ਦੇ ਦੋਸਤ ਦਾ ਭਰਾ ਮਿਲਿਆ ਤੇ ਉਸ ਨੇ ਪੁੱਛਿਆ ਕੀ ਕਰ ਰਿਹਾਂ ਅੱਜ ਕੱਲ ? ਸੰਦੀਪ ਨੇ ਜਦੋਂ ਦੱਸਿਆ ਕਿ ਉਹ ਇੰਜਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹੈ ਤਾਂ ਉਸ ਨੇ ਕਿਹਾ ਤੈਨੂੰ ਅੰਗਰੇਜ਼ੀ ਆਉਂਦੀ ਹੈ ? ਸਭ ਤੋਂ ਵੱਡਾ ਮਜ਼ਾਕ ਸਵੇਰੇ ਟਿਊਸ਼ਨ 'ਤੇ ਉਸ ਦੇ ਅਧਿਆਪਕ ਨੇ ਉਸ ਦੇ ਹੱਥ ਵਿਚ ਹਰੇ ਰੰਗ ਦਾ ਪੈੱਨ ਦੇਖ ਕੇ ਕੀਤਾ ਸੀ। ਉਸ ਨੇ ਸੰਦੀਪ ਨੂੰ ਪੁੱਛਿਆ ਇਹ ਪੈੱਨ ਕਿਸ ਲਈ ? ਉਸ ਨੇ ਕਿਹਾ 'ਸਰ ! ਅੰਡਰਲਾਈਨ ਕਰਨ ਵਾਸਤੇ। ਮੈਂ ਸੋਚਿਆ ਕਿਤੇ ਤੂੰ ਗਜ਼ਟਡ ਅਫ਼ਸਰ ਬਣ ਗਿਆ।' ਪ੍ਰੋਫੈਸਰ ਨੇ ਕਿਹਾ। ਪੂਰੇ ਦਿਨ ਦੀਆਂ ਘਟਨਾਵਾਂ ਨੇ ਉਸ ਨੂੰ ਤੋੜ ਦਿੱਤਾ। ਇਹ ਦਿਨ ਇਕ ਅਪ੍ਰੈਲ ਨਾ ਹੋਣ ਦੇ ਬਾਵਜੂਦ ਉਸ ਦੇ ਜਜ਼ਬਾਤਾਂ ਦੇ ਮਜ਼ਾਕ ਦਾ ਦਿਨ ਸੀ ਜਿਸ ਨੂੰ ਉਹ ਕਦੇ ਨਹੀਂ ਭੁੱਲ ਸਕਦਾ।

**-ਡਾ. ਗੁਰਤੇਜ ਸਿੰਘ**
**94641-72783**

# ਖਿੜਦੇ ਫੁੱਲਾਂ ਦੀ ਸੌਗਾਤ

## ਨਾਨਕਸ਼ਾਹੀ ਸੰਮਤ 553

**ਮਨਿੰਦਰ ਸਿੰਘ ਸੋਨੀ**
**9891591206**

ਗੁਰੂ ਨਾਨਕ ਸਾਹਿਬ ਦੇ ਜਗਤ-ਆਗਮਨ ਤੇ ਇੱਕ ਨਵੀਂ ਵਿਚਾਰਧਾਰਾ (ਸਿੱਖ ਮੱਤ) ਦੇ ਜਨਮ ਦੇ ਨਾਲ-ਨਾਲ ਗੁਰਮਤਿ ਕੀਰਤਨ ਪਰੰਪਰਾ ਅਤੇ ਇੱਕ ਨਵੇਂ ਧਰਮ ਦਾ ਉਦੈ ਹੋਇਆ ਅਤੇ ਉਸ ਵਰੇ ਤੋਂ ਇੱਕ ਨਵਾਂ ਸੰਮਤ ਵੀ ਆਰੰਭ ਹੋਇਆ- ਨਾਨਕਸ਼ਾਹੀ ਸੰਮਤ। ਕਾਲਾਂਤਰ 'ਚ ਹੋਰ ਬਹੁਤ ਕੁਝ ਨਾਨਕ ਨਾਮ ਨਾਲ ਜੁੜਿਆ ਜਿਵੇਂ ਨਾਨਕਸ਼ਾਹੀ ਇੱਟਾਂ, ਨਾਨਕਸ਼ਾਹੀ ਸਿੱਕੇ, ਨਾਨਕ ਪੰਥੀ, ਨਨਕਾਣਾ ਸਾਹਿਬ ਆਦਿ। ਜਦੋਂ ਅਸੀਂ ਨਾਨਕਸ਼ਾਹੀ ਸੰਮਤ 553 ਦੀ ਗੱਲ ਕਰਦੇ ਹਾਂ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ (1469 ਈ.) ਤੋਂ ਹੁਣ 553ਵਾਂ ਵਰਾ ਸ਼ੁਰੂ ਹੋ ਚੁੱਕਾ ਹੈ।

ਅਸੀਂ ਪਿੱਛੇ ਜਿਹੇ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼-ਪੁਰਬ ਮਨਾਇਆ ਹੈ ਜਿਸ ਵਿਚ ਕੌਮੀ-ਕੌਮਾਂਤਰੀ ਪੱਧਰ ਤੇ ਵੱਡੇ ਸਮਾਗਮ ਹੋਏ ਸਨ। ਇੱਕ ਇਤਿਹਾਸਿਕ ਕਦਮ ਕਰਤਾਰਪੁਰ ਸਾਹਿਬ ਲਾਂਘੇ ਦਾ ਖੁੱਲਣਾ ਵੀ ਸੀ। ਇਸ ਲਾਂਘੇ ਨੇ ਸਬੰਧਾਂ ਦੀ ਕੁੜੱਤਣ 'ਚੋਂ ਰਬਾਬ ਤੇ ਸ਼ਬਦ ਦੀ ਸਾਂਝ ਨੂੰ ਮੁੜ ਉਜਾਗਰ ਕੀਤਾ ਸੀ। ਦੋਵਾਂ ਸਰਕਾਰਾਂ ਵੱਲੋਂ ਉਪਰਾਲਾ ਚੰਗਾ ਸੀ ਪਰ ਕਰੋਨਾ ਦੇ ਕੁਦਰਤੀ ਕਹਿਰ ਤੋਂ ਜਿੱਥੇ ਪੂਰੀ ਦੁਨੀਆ ਦੀ ਰਫ਼ਤਾਰ ਥੰਮੀ ਉੱਥੇ ਲਾਂਘੇ ਨੂੰ ਵੀ ਇਸਦਾ ਸੇਕ ਲੱਗਾ। ਫਿਲਹਾਲ ਇਹ ਲਾਂਘਾ ਬੰਦ ਹੈ। ਅਸੀਂ ਆਸ ਕਰਦੇ ਹਾਂ ਆਰਜ਼ੀ ਤੌਰ 'ਤੇ ਬੰਦ ਹੋਇਆ ਸ਼ਬਦ ਤੇ ਰਬਾਬ ਦੀ ਸਾਂਝ ਦਾ ਇਹ ਗੇਟ ਮੁੜ ਖੁੱਲੇਗਾ ਤੇ ਤੱਤੀਆਂ ਹਵਾਵਾਂ ਨੂੰ ਠੱਲ ਪਾਏਗਾ।

ਅਸੀਂ ਗੱਲ ਕਰ ਰਹੇ ਸੀ ਨਾਨਕਸ਼ਾਹੀ ਸੰਮਤ ਦੀ। ਅੱਜ ਸੰਸਾਰ 'ਚ ਅੰਗ੍ਰੇਜ਼ੀ ਸੰਨ ਚਲਦਾ ਹੈ ਪਰ ਅੰਗ੍ਰੇਜ਼ੀ ਸੰਨ ਨਾਲ ਜੁੜਿਆਂ ਕੀ ਅਸੀਂ ਆਪਣੇ ਸੰਮਤਾਂ ਦੀ ਦਿੱਬਤਾ ਤੇ ਯਥਾਰਥਕਤਾ ਨੂੰ ਭੁੱਲ ਜਾਈਏ। ਸਾਡੇ ਸੰਮਤਾਂ ਨਾਲ ਦੇਸੀ ਮਹੀਨੇ ਤੇ ਰੁੱਤਾਂ ਦਾ ਬੜਾ ਪੀਡਾ ਸੰਬੰਧ ਹੈ। ਨਾਨਕਸ਼ਾਹੀ ਸੰਮਤ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਹੈ। ਗੁਰਬਾਣੀ ਅੰਦਰ ਦਰਜ ਬਾਰਾਮਾਹਾਂ (ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਸਾਹਿਬ ਜੀ) ਦਾ ਆਰੰਭ ਚੇਤ ਮਹੀਨੇ ਤੋਂ ਹੁੰਦਾ ਹੈ। ਚੇਤ ਕਾਇਨਾਤ ਦੇ ਖੇੜੇ ਨੂੰ ਰੂਪਮਾਨ ਕਰਦਾ ਮਹੀਨਾ ਹੈ। ਇਸ ਸਮੇਂ ਨਾ ਜ਼ਿਆਦਾ ਠੰਡ ਹੁੰਦੀ ਹੈ, ਨਾ ਬਹੁਤੀ ਗਰਮੀ। ਇੱਕ ਸੰਤੁਲਨ ਹੈ ਮੌਸਮ 'ਚ। ਪ੍ਰਕਿਰਤੀ ਖਿੜਾਓ 'ਚ ਹੈ ਤੇ ਕਣਕ ਆਦਿ ਫ਼ਸਲਾਂ ਜੋਬਨ ਵਲ ਵੱਧ ਰਹੀਆਂ ਹਨ। ਅਜਿਹੇ ਖੁਸ਼ਗਵਾਰ ਸਮੇਂ ਨਵੇਂ ਸੰਮਤ ਦਾ ਆਰੰਭ ਨਿਸ਼ਚੇ ਹੀ ਇਕ ਖੁਸ਼ਨੁਮਾ ਪੈਗ਼ਾਮ ਲੈ ਕੇ ਸਾਡੀਆਂ ਬਰੂਹਾਂ 'ਤੇ ਹਾਜ਼ਰ ਹੈ-ਕਿ ਝੰਮੇਲਿਆਂ-ਵਿਹਾਰਾਂ 'ਚ ਫਸੇ ਮਨੁੱਖ ਪ੍ਰਕਿਰਤੀ ਦੇ ਦੀਦਾਰ ਕਰ:

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥**(1107)

ਬਸੰਤ ਦੀ ਰਿਤੂ 'ਚ ਚੇਤ ਦੀ ਆਮਦ ਹੈ ਤੇ ਸੁਨੇਹਾ ਪ੍ਰਕਿਰਤੀ ਨਾਲ ਇਕਸੁਰ ਹੁੰਦਿਆਂ ਖਿੜਨ ਦਾ ਹੈ। ਬਹਾਰਾਂ 'ਚੋਂ ਇੱਕ ਨਵੇਂ ਮਹੀਨੇ ਨੇ ਹੀ ਨਹੀਂ, ਇਕ ਨਵੇਂ ਸੰਮਤ ਨੇ ਵੀ ਜਨਮ ਲਿਆ ਹੈ ਤੇ ਮਨੁੱਖ ਨੂੰ ਕੁਦਰਤ 'ਚੋਂ ਹੁੰਦੇ ਹੋਏ ਕਾਦਰ ਨਾਲ ਜੁੜਨ ਦਾ ਪਾਵਨ ਸੁਨੇਹਾ ਸੰਚਾਰਿਤ ਕੀਤਾ ਹੈ। ਇਹ ਹੈ ਸਾਡੇ ਨਵੇਂ ਸੰਮਤ ਦੀ ਖੂਬਸੂਰਤੀ ਜਦਕਿ ਠੰਡੇ ਮੁਲਕਾਂ 'ਚੋਂ ਪੈਦਾ ਹੋਏ ਸੰਨ ਨੇ ਤਾਂ ਮਨੁੱਖਤਾ ਨੂੰ ਕਾਂਬਾ ਹੀ ਛੇੜਿਆ ਹੈ। ਇੱਥੋਂ ਹੀ ਨਵੇਂ ਸੰਮਤ ਨਾਲ ਜੁੜਨ ਦਾ ਭੇਦ ਜ਼ਾਹਿਰ ਹੁੰਦਾ ਹੈ ਜੋ ਹੁਲਾਸ ਨਾਲ ਪਰਣਾਇਆ ਹੈ।

ਅੱਜ ਦਾ ਮਨੁੱਖ ਜੋ ਭੱਜ-ਦੌੜ, ਚਿੰਤਾਵਾਂ ਜਾਂ ਫਿਕਰਾਂ-ਬਿਮਾਰੀਆਂ ਦਾ ਪੱਟਿਆ ਹੈ ਤਾਂ ਨਿਸ਼ਚਿਤ ਹੈ ਉਸਨੇ ਹੁਲਾਸ ਭਰੇ ਕੁਦਰਤ ਨੂੰ ਪਰਣਾਏ ਆਪਣੇ ਸੰਮਤ ਨਾਲ ਹਾਲੇ ਨਾਤਾ ਨਹੀਂ ਜੋੜਿਆ ਹੈ ਤੇ ਇਹ ਸੱਚ ਵੀ ਹੈ। ਕੁਦਰਤੀ ਖੁਸ਼ੀਆਂ 'ਚੋਂ ਉਜਾਗਰ ਹੁੰਦਾ ਸੰਮਤ ਅੱਜ ਕਿਧਰੇ ਗੁੰਮ-ਗੁਆਚ ਗਿਆ ਹੈ। ਆਓ ਇਸ ਦੀ ਫਿਰ ਤੋਂ ਭਾਲ ਕਰੀਏ। ਜਦਕਿ ਇਹ ਤੇ ਸਾਡੇ ਅੰਗ-ਸੰਗ ਹੈ ਬਸ ਇਸ ਨੂੰ ਚਿਤਵਨਾ ਹੀ ਤੇ ਹੈ। ਚਿਤਵਨੀ 'ਚ ਖੇੜਿਆਂ ਦੇ ਸ਼ਗੂਫੇ ਪਏ ਹਨ ਜਿਨਾਂ ਸਹਿਜੇ ਹੀ ਮੌਲ ਪੈਣਾ ਹੈ। ਪਿਛੇ ਜਿਹੇ ਕੁਝ ਪੰਜਾਬੀ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਇਸ ਪਾਸੇ ਉਪਰਾਲੇ ਸ਼ੁਰੂ ਕੀਤੇ ਗਏ ਹਨ ਜੋ ਬੇਕੰਟਕ ਜਾਰੀ ਰਹਿਣੇ ਚਾਹੀਦੇ ਹਨ। ਆਪਣੇ ਸੰਮਤ ਨਾਲ ਜੁ-ੜਨਾ ਕੋਈ ਨਿਰਾ-ਪੁਰਾ ਤਰੀਕ ਨਾਲ ਜੁੜਨਾ ਨਹੀਂ ਹੁੰਦਾ। ਇਹ ਤੇ ਆਪਣੀ ਜ਼ਮੀਰ ਨਾਲ ਜੁੜਨ ਵਰਗਾ ਅਹਿਸਾਸ ਹੈ। ਚੇਤ ਮਹੀਨੇ 'ਚੋਂ ਪੈਦਾ ਹੁੰਦਾ ਸੰਦੇਸ਼ ਸਾਡੇ ਲੋਕ-ਗੀਤਾਂ ਤੇ ਕਵਿਤਾਵਾਂ 'ਚ ਭਰਪੂਰਤਾ ਨਾਲ ਪੇਸ਼ ਹੋਇਆ ਹੈ:

ਇਹ ਕੇਹੇ ਦਿਨ ਆਏ ਨੀ ਜਿੰਦੇ, ਇਹ ਕੇਹੇ ਦਿਨ ਆਏ
ਗਲ ਮਹਿਕਾਂ ਦੀ ਪਾ ਕੇ ਗਾਨੀ, ਚੇਤਰ ਟੁਰਿਆ ਜਾਏ ਨੀ ਜਿੰਦੇ, ਇਹ ਕੇਹੇ ਦਿਨ ਆਏ ?

ਪੰਜਾਬੀਅਤ ਦਾ ਸ਼ਾਇਰ ਧਨੀ ਰਾਮ ਚਾਤ੍ਰਿਕ ਇਸ ਵਕਤ ਨੂੰ ਇੰਝ ਬਿਆਨ ਦਿੰਦਾ ਹੈ:

**ਧਰਤੀ ਨੇ ਧਨ ਉਗਾਇਆ, ਖੀਵੀ ਹੋਈ ਬਨਸਪਤੀ ਸਾਰੀ**
**ਪੁੰਗਰੇ ਬਿਰਛ ਖਿੜੀ ਫੁਲਵਾੜੀ ਘਾਹ ਚਾਰਾ ਸਬਜ਼ੀ ਤਰਕਾਰੀ**
**ਫੱਗਣ ਦੇ ਦਿਨ ਪੂਰੇ ਹੋਏ ਚੜ੍ਹਿਆ ਚੇਤ ਨਰਾਤੇ ਆਏ**
**ਖਿੜੇ ਗੁਲਾਬ ਪਈਆਂ ਗੁਲਕੰਦਾਂ ਮਧੂ ਮਖੀਰ ਦੇ ਛੱਤੇ ਲਾਏ**
**ਸੂਹੇ ਬੇਰ ਲੁਕਾਠ ਸੰਧੂਰੀ ਸ਼ਹਿਦ ਭਰੇ ਸ਼ਹਿਤੂਤ ਬਦਾਨੇ**
**ਕੁਦਰਤ ਨੇ ਖੋਲੇ ਮੈਖਾਨੇ ਸਾਕੀ ਵੱਲ ਦੌੜੇ ਦੀਵਾਨੇ।**

ਇਸ ਸਮੇਂ ਦੀਆਂ ਅਨੇਕਾਂ ਉਦਾਹਰਨਾਂ, ਬਰਕਤਾਂ ਸਾਡੇ ਲੇਖਕਾਂ, ਸ਼ਾਇਰਾਂ ਆਪਣੀਆਂ ਰਚਨਾਵਾਂ 'ਚ ਦਿੱਤੀਆਂ ਹਨ। ਇੰਵ ਜਾਪਦਾ ਹੈ ਕੁਦਰਤ ਨੇ ਨਵੇਂ ਸੰਮਤ ਦੀ ਆਮਦ ਨੂੰ ਆਪਣੇ ਖਿੜਾਓ ਤੇ ਸ਼ਿੰਗਾਰ ਨਾਲ ਜੀਓ-ਆਇਆਂ ਆਖਿਆ ਹੈ। ਪਰ ਅੱਜ ਮਨੁੱਖ ਆਪਣੇ ਮਉਲਦੇ ਹੋਏ ਵਿਰਸੇ ਤੇ ਕੁਦਰਤ ਤੋਂ ਬੇਮੁੱਖ ਹੈ। ਹਰ ਸਾਲ ਆਉਂਦਾ ਨਵਾਂ ਸੰਮਤ ਉਸਨੂੰ ਇਹੀ ਚਿਤਾਉਂਦਾ ਹੈ ਕਿ ਉਹ ਖਿੜਦੇ ਫੁੱਲਾਂ ਕੋਲ ਬਹਿਣਾ ਸਿੱਖੇ, ਬਸੰਤੀ ਹਵਾ ਦੇ ਰੁਮਕਿਆਂ ਨੂੰ ਮਾਣੇ, ਰਬਾਬ 'ਚੋਂ ਇਲਾਹੀ ਧੁਨਾਂ ਕੱਢੇ ਜਿਨਾਂ ਤੇ ਤਰੰਗਿਤ ਹੁੰਦਾ ਸ਼ਬਦ ਮਨੁੱਖੀ ਮਨ ਨੂੰ ਰੱਬੀ ਅਹਿਸਾਸ ਨਾਲ ਭਰ ਦਏ। ਇਹ ਸੱਚਮੁੱਚ ਇਲਾਹੀ ਨਾਦ ਹੈ ਜਿਹੜਾ ਪ੍ਰਭਾਤ ਵੇਲੇ ਗੁੰਜਾਇਮਾਨ ਹੋ ਕੇ ਸਮੁੱਚੀ ਕਾਇਨਾਤ ਤੇ ਛਾ ਜਾਂਦਾ ਹੈ ਪਰ ਮਨੁੱਖ ਦੀ ਹੋਣੀ ਹੈ ਕਿ ਉਹ ਇਲਾਹੀ ਨਾਦ ਤੋਂ ਵਿਛੁੰਨਿਆ ਮਾਇਆ ਅਤੇ ਪ੍ਰਭਾਵ ਵੇਲੇ ਦੀ ਨੀਂਦ 'ਚ ਘੂਕ ਸੁੱਤਾ ਹੋਇਆ ਹੈ। ਮਨੁੱਖ ਉਠ ਜਾਗ, ਦੇਖ, ਆਕਾਸ਼ ਤੇ ਲਾਲਿਮਾ ਫੁੱਟ ਪਈ ਹੈ, ਫੁੱਲਾਂ ਨੇ ਖਿੜਨਾ ਆਰੰਭ ਕਰ ਦਿੱਤਾ ਹੈ, ਮੰਦ-ਮੰਦ ਸਮੀਰ ਨੇ ਪੱਤਿਆਂ ਤੇ ਬੂਟਿਆਂ ਨੂੰ ਹਿਲੋਰਾ ਦਿੱਤਾ ਹੈ। ਤਬਲੇ ਦੀ ਥਾਪ ਤੇ ਸ਼ਬਦ-ਗਾਇਨ ਸ਼ੁਰੂ ਹੋ ਚੁੱਕਾ ਹੈ, ਆਹਾ! ਨਵਾਂ ਸੰਮਤ ਚੜ ਗਿਆ ਹੈ, ਚੇਤਰ ਚੜ ਗਿਆ ਹੈ, ਤੇ ਬਾਬੇ ਨਾਨਕ ਦੀ ਬਾਣੀ ਦੇ ਇਲਾਹੀ ਸੰਦੇਸ਼ ਨੇ ਸਮੁੱਚੀ ਕਾਇਨਾਤ ਨੂੰ ਮੁਖਾਤਿਬ ਹੁੰਦਿਆਂ ਮਉਲਣ ਦਾ ਵਰ ਦਿੱਤਾ ਹੈ:

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥**
**ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥**
(927)

**ਹੇ ਮਨੁੱਖ, ਹੁਣ ਤੂੰ ਵੀ ਮਉਲ ਤੇ ਨਵੇਂ ਸੰਮਤ (553) ਨੂੰ ਖੁਸ਼-ਆਮਦੀਦ ਆਖ।**

---

**ਪਿਛਲੇ ਅੰਕ ਤੋਂ ਚਲਦਾ...**

# ...ਤੇ ਕੰਧ ਬੋਲ ਪਈ

**ਮਨਦੀਪ ਰਿੰਪੀ**

ਸੋਨੀਆ ਦੀ ਸੱਸ ਬਹੁਤ ਵੱਧ ਘੱਟ ਬੋਲ ਰਹੀ ਐ', 'ਤੇਰਾ ਕੱਖ ਨਾ ਰਹੇ... ਮਾੜੇ ਘਰ ਦੀ ਜਾਈ ...ਛੱਡ ਦੇ ਅਰਮਾਨ ਇਹ ਨੂੰ ....ਇਹ ਇਸ ਘਰ ਤੇ ਤੇਰੇ ਲਾਇਕ ਨਹੀਂ ...ਦਫ਼ਾ ਕਰ ਇਹ ਨੂੰ ।' ਪਰ ਅਰਮਾਨ ਅਜੇ ਵੀ ਚੁੱਪ ਕਿਵੇਂ ? ਕਿਉਂਕਿ ਅੱਜ ਸੋਨੀਆ ਬੋਲ ਰਹੀ ਹੈ ਉਸ ਦੇ ਤਾਂ ਜਿਵੇਂ ਭਾਂਬੜ ਮਚਿਆ ਪਿਆ, 'ਨਹੀਂ ! ਅੱਜ ਅਰਮਾਨ ਨਹੀਂ , ਮੈਂ ਅਰਮਾਨ ਨੂੰ ਛੱਡਣਾ ਚਾਹੁੰਦੀ ਹਾਂ। ਮੈਂ ਦੱਸਣਾ ਚਾਹੁੰਦੀ ਹਾਂ ਕਿ ਮੈਂ ਮਾੜੇ ਘਰ ਦੀ ਧੀ ਨਹੀਂ ।ਮੈਂ ਤਾਂ ਆਪਣੇ ਚੰਗੇ ਸੰਸਕਾਰਾਂ ਨੂੰ ਨਾਲ ਲੈ ਕੇ ਆਈ ਸੀ ਤੁਹਾਡੇ ਘਰ। ਤੁਹਾਡੀ ਹਰ ਗੱਲ ਨੂੰ ਸਿਰ ਮੱਥੇ ਲਾਇਆ । ਪਰ ਮਾੜੇ ਤਾਂ ਤੁਸੀਂ ਹੋ... ਤੁਸੀਂ ...ਤੇ ਅੱਜ ਮੈਂ ਤੁਹਾਡੇ ਮਾੜੇ ਘਰ ਤੇ ਮਾੜੇ ਪੁੱਤ ਨੂੰ ਛੱਡਣਾ ਚਾਹੁੰਦੀ ਹਾਂ। 'ਸੋਨੀਆ ਦੀਆਂ ਗੱਲਾਂ ਸੁਣ ਸੱਸ, 'ਹਾਂ! ਹਾਂ! ਕੋਈ ਹੋਰ ਲੱਭ ਲਿਆ ਹੋਣਾ। ਦਿਲ ਭਰ ਗਿਆ ਮੇਰੇ ਪੁੱਤ ਤੋਂ । 'ਸੋਨੀਆ, 'ਦਿਲ ਨਹੀਂ .... ਰੂਹ ਭਰ ਗਈ ਤੁਹਾਡੇ ਘਰ ਤੋਂ..... ਸਹਿ ਰਹੀ ਸੀ ਚਾਰ ਕੰਧਾਂ ਅੰਦਰ .....ਤੁਹਾਡੇ ਪੁੱਤ ਦੀ ਹਰ ਮਨਮਾਨੀ... ਪਰ ਅੱਜ.... ਸਭ ਦੇ ਸਾਹਮਣੇ... ਨਹੀਂ...ਮੈਂ ,ਅੱਜ ਫੈਸਲਾ ਕਰ ਲਿਆ...। ਮੈਂ ਹੁਣ ਇੱਥੇ ਨਹੀਂ ਰਹਿ ਸਕਦੀ। 'ਸੋਨੀਆ ਅੱਜ ਪਤਾ ਨਹੀਂ ਕੀ-ਕੀ ਬੋਲੀ ਜਾ ਰਹੀ ਸੀ ।ਆਂਢੀ ਗੁਆਂਢੀ ਸਾਰੇ ਵਿਹੜੇ ਵਿਚ ਇਕੱਠੇ ਹੋ ਗਏ। ਚਾਚੀ, 'ਲੈ ਦੱਸ ! ਚੰਗੀ ਭਲੀ ਕਾਹਦਾ ਘਾਟਾ... ਸੋਨੇ ਵਰਗੇ ਮੁੰਡੇ ਨੂੰ ਛੱਡਣ ਨੂੰ ਫਿਰਦੀ.... ਤਾਂ ਈ ਹੱਥ ਚੁੱਕਿਆ ਮੁੰਡੇ ਤੇ । ਚਲੀ ਜਾਂਦੀ ਜਿੱਥੇ ਨੂੰ ਜਾਣਾ.... ਸਾਨੂੰ ਕਾਹਨੂੰ ਬਦਨਾਮ ਕਰਨ ਲੱਗੀ ?' ਇਸ ਤੋਂ ਪਹਿਲਾਂ ਕਿ ਸੋਨੀਆ ਕੁਝ ਬੋਲਦੀ ਅਰਮਾਨ ਚੀਕ ਉੱਠਿਆ, 'ਬੱਸ ਕਰੋ। ਜਾਓ ਸਾਰੇ ਆਪੋ ਆਪਣੇ ਘਰਾਂ ਨੂੰ । ਸਾਡੇ ਘਰ ਦਾ ਮਸਲਾ ਅਸੀਂ ਆਪ ਨਜਿੱਠ ਲਵਾਂਗੇ । ਨਾਲੇ ਚਾਚੀ ਤੂੰ ਕਿੱਦਾਂ ਕਿਹਾ ਸੋਨੀਆ ਬਾਰੇ ? ਇਹ ਮੇਰੀ ਘਰ ਵਾਲੀ ਐ। ਮੈਨੂੰ ਇਹਦੇ ਚਾਲ ਚੱਲਣ ਬਾਰੇ ਸਭ ਪਤੈ। ਇਹ ਏਦਾਂ ਦੀ ਨਹੀਂ।' ਚਾਚੀ, 'ਅੱਛਾ ਫਿਰ ਕਿੱਦਾਂ ਦੀ ?.. ਆਪਣੇ ਆਦਮੀ ਤੇ ਹੱਥ ਚੁੱਕਣ ਵਾਲੀ ...।' ਅਰਮਾਨ, 'ਚਾਚੀ, ਮੈਂ ਰੋਜ਼ ਹੱਥ ਚੁੱਕਦਾ ਇਸਤੇ । ਤੁਸੀਂ ਕਦੇ ਕਿਸੇ ਨੇ ਕੁਝ ਨਹੀਂ ਆਖਿਆ। ਜੇ ਤੁਸੀਂ ਮੈਨੂੰ ਕਦੇ ਰੋਕਦੇ ਤਾਂ ਅਜਿਹੀ ਨੌਬਤ ਹੀ ਨਹੀਂ ਸੀ ਆਉਣੀ। ਤੁਸੀਂ ਹਮੇਸ਼ਾ ਮੈਨੂੰ ਹੱਲਾਸ਼ੇਰੀ ਦਿੱਤੀ, ਮੇਰੇ ਜ਼ਾਇਜ ਨਜ਼ਾਇਜ ਕੰਮ ਦੀ ।ਤੁਸੀਂ ਹਮੇਸ਼ਾ ਮੇਰੀ ਗਲਤੀ 'ਤੇ ਵੀ ਮੇਰਾ ਹੀ ਪੱਖ ਪੂਰਿਆ। ਅੱਜ ਮੈਨੂੰ ਆਪਣੀਆਂ ਸਾਰੀਆਂ ਗ਼ਲਤੀਆਂ ਮੇਰੇ ਸਾਹਮਣੇ ਖੜੀਆਂ ਮੇਰੇ 'ਤੇ ਹੱਸਦੀਆਂ ਨਜ਼ਰ ਆਉਂਦੀਆ ।ਚਾਚੀ , ਅੱਜ ਤੱਕ ਇਹ ਨੂੰ ਬੇਜਾਨ ਕੰਧ ਦੀ ਤਰਾਂ ਮੈਂ ਕੁੱਟਦਾ ਰਿਹਾ ਤੇ ਇਹ ਚੁੱਪਚਾਪ ਮੇਰੀ ਮਾਰ ਸਹਿੰਦੀ ਰਹੀ ...ਪਰ ਅੱਜ ਇਸ ਨੇ ਮੇਰੇ ਤੇ ਹੱਥ ਚੁੱਕ ਮੈਨੂੰ ਅਹਿਸਾਸ ਕਰਵਾ ਦਿੱਤਾ ਕਿ ਇਹ ਕੋਈ ਕੰਧ ਨਹੀਂ... ਇਸ ਦੀਆਂ ਭਾਵਨਾਵਾਂ ਨੇ ਮਾਣ ਮਰਿਆਦਾ ਹੈ... ਸਭ ਦੇ ਸਾਹਮਣੇ ਇਸ ਦੀ ਵੀ ਮੇਰੇ ਬਰਾਬਰ ਇੱਜ਼ਤ ਹੈ ।' ਅਰਮਾਨ ਸੋਨੀਆ ਕੋਲ ਜਾ ਕੇ,'ਸੋਨੀਆ ਮੈਨੂੰ ਮੁਆਫ਼ ਕਰਦੇ। ਮੈਂ ਨਹੀਂ ਰਹਿ ਸਕਦਾ ਤੇਰੇ ਬਿਨਾਂ । ਅੱਜ ਮੈਨੂੰ ਅਹਿਸਾਸ ਹੋਇਆ ਕਿ ਤੂੰ ਮੇਰੀ ਕੋਈ ਗੁਲਾਮ ਨਹੀਂ। ਮੈਂ ਤੇਰਾ ਰੱਬ ਨਹੀਂ ..ਮੈਂ ਵੀ ਆਮ ਇਨਸਾਨ ਹੀ ਹਾਂ ।ਮੈਂ ਕੋਸ਼ਿਸ਼ ਕਰਾਂਗਾ ਤੇਰੇ ਕਾਬਲ ਬਣਨ ਦੀ । ਮੈਂ ਵਾਅਦਾ ਕਰਦਾ ਹਾਂ ਮੈਂ ਆਪਣੇ ਆਪ ਨੂੰ ਸੁਧਾਰਾਂਗਾ ।'

ਸੋਨੀਆ ਦੀ ਸੱਸ ਇਹ ਸਭ ਦੇਖ ਕੇ ਦੰਗ ਰਹਿ ਗਈ। ਉਹ ਉੱਚੀ ਉੱਚੀ ਰੌਲਾ ਪਾਉਣ ਲੱਗੀ,' ਹਾਏ ਵੇ ਲੋਕੋ ! ਮੇਰੇ ਪੁੱਤ ਤੇ ਟੂਣਾ ਕਰਤਾ ...ਇਸ ਮਾੜੇ ਘਰ ਦੀ ਜਾਈ ਨੇ.... ਮੇਰਾ ਪੁੱਤ ਮੈਥੋਂ ਖੋਹ ਲਿਆ ।' ਅਰਮਾਨ,' ਨਹੀਂ ਮਾਂ, ਮੈਂ ਤੇਰਾ ਹੀ ਪੁੱਤ ਹਾਂ.... ਪਰ ਇਸ ਦਾ ਪਤੀ ਵੀ ਹਾਂ... ਮਾਂ... ਮੈਂ ਇੱਕ ਚੰਗਾ ਪੁੱਤ ਤਾਂ ਬਣ ਗਿਆ... ਪਰ ਇੱਕ ਚੰਗਾ ਪਤੀ ਨਹੀਂ ਬਣ ਸਕਿਆ... ਮਾਂ ਮੈਨੂੰ ਹੁਣ ਇੱਕ ਚੰਗਾ ਪਤੀ ਵੀ ਬਣ ਲੈਣ ਦਿਓ । ਮੈਂ ਇੱਕ ਚੰਗਾ ਪੁੱਤ ਤੇ ਇੱਕ ਚੰਗਾ ਪਤੀ ਬਣ ਇੱਕ ਚੰਗਾ ਇਨਸਾਨ ਬਣਨਾ ਚਾਹੁੰਦਾ ਹਾਂ ।'

ਸੋਨੀਆ ਸਮਝ ਨਹੀਂ ਪਾ ਰਹੀ ਕਿ ਇਹ ਕੀ ਹੋ ਰਿਹਾ ਹੈ ? ਪਰ ਅਰਮਾਨ ਦੇ ਪਿਆਰ ਭਰੇ ਬੋਲਾਂ ਤੇ ਉਸ ਦੇ ਅਹਿਸਾਸ ਨੇ ਉਸ ਦੀ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦੇ ਦਿੱਤਾ ।...

**ਸਮਾਪਤ**

---

## ਬੁਝਾਰਤਾਂ

1 ਕਾਲੀ ਘੋੜੀ ਚਿੱਟੀ ਸਵਾਰੀ, ਇਕ ਉੱਤਰੀ, ਦੂਜੀ ਦੀ ਵਾਰੀ।
2 ਬਿਨਾਂ ਬੁਲਾਇਆ ਪ੍ਰਾਹੁਣੀ ਆਈ, ਦਰਜਨ ਨਿਆਣੇ ਨਾਲ ਲਿਆਈ।
3 ਉਜਾੜ ਬੀਆਬਾਨ ਵਿੱਚ ਊਠ ਗੜਾਵੇ, ਉਹਦਾ ਹੱਗਿਆ ਸਭ ਕੋਈ ਖਾਵੇ।
4 ਨਿੱਕੀ ਜਿਹੀ ਘੜੀ, ਰਾਜਾ ਵੀ ਨਹਾਤਾਂ, ਰਾਣੀ ਵੀ ਨਹਾਤੀ, ਉਹ ਭਰੀ ਦੀ ਭਰੀ।
5 ਬੱਤੀ ਹਨ ਸਿਪਾਹੀ, ਇੱਕ ਹੈ ਰਾਜਾ, ਅੱਗੇ ਲੱਗਿਆ ਮਹਿਲ ਦਰਵਾਜਾ।
6 ਉਜਾੜ ਭਮਾੜ ਮੇਰੀ ਮੱਦੋ ਲਵੇਰੀ।
7 ਬਾਰਾਂ ਕੌਲੀਆਂ, ਤਿੰਨ ਚਮਚੇ।
8 ਐਡਾ ਕੁ ਖੁਸ-ਖੁਸ, ਸਾਫਾ ਬੰਨੇ ਘੁੱਟ-ਘੁੱਟ।
9 ਹੱਥ ਲਾਇਆ ਉਹ ਮੈਲਾ ਹੋਵੇ, ਮੂੰਹ ਲਾਇਆ ਉਹ ਹੱਸੇ।
10 ਚਿੱਟੀ ਤੋਂ ਸੁਹਾਗੀਏ, ਕਾਲਾ ਪਾਈਏ ਬੀ, ਜਾਂ ਤਾਂ ਮੇਰੀ ਬਾਤ ਬੁੱਝ, ਨਹੀਂ ਰੁਪਈਏ ਧਰਦੇ ਤੀਹ।

**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

## ਸਾਚਾ ਕਨੇਡਾ ਵਿਚ

ਸਾਡੇ ਜਮਾਤੀ ਕਨੇਡਾ ਗਏ ਸਾਚੇ ਨੂੰ ਉਹਦੀ ਸਾਲੇਹਾਰ ਕਹਿੰਦੀ, 'ਭਾਈਆ ਜੀ, ਸਟੋਰ ਤੋਂ ਇਕ ਡੱਬਾ ਦਹੀਂ ਲਿਆਇਓ !'
ਹੁਣ ਸਾਚੇ ਕੋਲ ਹਾਲੇ ਕਾਰ ਦਾ ਲਸੰਸ ਨਹੀਂ ਸੀ, ਸੋ ਉਹਨੇ ਪੈਦਲ ਹੀ ਚਾਲੇ ਪਾ ਦਿੱਤੇ। ਅਗਲੇ ਮੋੜ ਉਹ ਨੂੰ ਇਕ ਰਿਕਸ਼ੇ ਵਾਲਾ ਭਈਆ ਟੱਕਰ ਗਿਆ। ਸਾਚਾ ਬੜਾ ਹੈਰਾਨ ਹੋਇਆ। ਭਈਆ ਇਕਦਮ ਬੋਲ ਪਿਆ,
'ਕਹਾਂ ਜਾਣਾ ਬਾਊ ਜੀ ?'
'ਪਹਿਲੋਂ ਤੂੰ ਦੱਸ, ਇੱਥੇ ਕਿਵੇਂ ਆਇਆਂ'
'ਆਪਕੋ ਤੋਂ ਪਤਾ ਹੀ ਹੈ ਕਨਾਡਾ ਮੇਂ ਪੰਜਾਬੀ ਬਹੁਤ ਹੈਂ, ਯਹਾਂ ਕੀ ਸਰਕਾਰ ਨੇ ਉਹਨੋ ਕਾ ਖਿਆਲ ਰੱਖਤੇ ਹੂਏ ਹਮੇਂ ਯਹਾਂ ਸਾਦ ਲਿਆ ਹੈ।'
'ਅੱਛਾ ਚੱਲ ਦੱਸ ਸਟੋਰ ਤੱਕ ਜਾਣ ਦਾ ਕੀ ਲਵੇਂਗਾ ?'
'ਬੀਸ ਰੁਪਏ'।
'ਪਰ ਇੱਥੇ ਤਾਂ ਡਾਲਰ ਚੱਲਦੇ'
'ਹਮੇਂ ਪਤਾ ਬਾਬੂ ਜੀ, ਪਰ ਕਾ ਕਰੇਂ, ਹਮਾਰੇ ਬਿਹਾਰ ਮੇਂ ਰੁਪਏ ਹੀ ਚੱਲਤੇ ਹੈਂ।'
ਸਾਚੇ ਨੂੰ ਹਾਸਾ ਵੀ ਆਈ ਜਾਵੇ ਤੇ ਆਪਣੀਆਂ ਜੇਬਾਂ ਵੀ ਫੋਲੀ ਜਾਵੇ । ਜ਼ੋਰ ਜਾਰ ਲਾ ਕੇ ਇਕ ਪੰਜਾ ਦਾ ਪੁਰਾਣਾ ਨੋਟ ਲੱਭ ਗਿਆ।
'ਮੇਰੇ ਕੋਲ ਤਾਂ ਆਹੀ ਪੰਜਾਂ ਦਾ, ਜੇ ਚੱਲਣਾ ਤਾਂ ਦੱਸ ?'
'ਚੱਲੋ ਬਾਬੂ ਜੀ, ਮੰਦੀ ਮੇਂ ਪਾਂਚ ਹੀ ਸਹੀ।'
ਸਾਚਾ ਪਲਾਕੀ ਮਾਰ ਕੇ ਰਿਕਸ਼ੇ 'ਤੇ ਇੰਝ ਬੈਠ ਗਿਆ ਜਿਵੇ ਓਪਨ ਜੀਪ 'ਚ ਬੈਠਾ ਹੋਵੇ ।

**ਜਨਮੇਜਾ ਸਿੰਘ ਜੌਹਲ**



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਆਸਟਰੇਲਿਆਈ ਸਿੱਖ ਖੇਡਾਂ 2021- ਪੰਜਾਬੀਆਂ ਦੇ ਖੇਡ ਇਤਿਹਾਸ ਦਾ ਇਕ ਨਿਵੇਕਲਾ ਪੰਨਾ

## 33ਵੀਆਂ ਆਸਟ੍ਰੇਲੀਆਈ ਸਿੱਖ ਖੇਡਾਂ ਪਰਥ ਵਿਖੇ 2-3-4 ਅਪ੍ਰੈਲ ਨੂੰ



**ਜਗਰੂਪ ਸਿੰਘ ਜਰਖੜ**
**+91-9814300722**

ਆਸਟ੍ਰੇਲੀਅਨ ਸਿੱਖ ਖੇਡਾਂ ਦੀ ਸ਼ੁਰੂਅਤ 1988 ਤੋਂ ਹਾਕੀ ਮੁਕਾਬਲਿਆਂ ਨਾਲ ਹੋਈ ਸੀ ਪਿਛਲੇ 33 ਸਾਲ ਦੇ ਆਪਣੇ ਖੇਡ ਇਤਿਹਾਸ ਵਿੱਚ ਇਨਾਂ ਖੇਡਾਂ ਨਾਲ ਇਕ ਨਿਵੇਕਲਾ ਇਤਿਹਾਸ ਜੁੜਿਆ ਹੈ ਅਤੇ ਪੰਜਾਬੀਆਂ ਦੀ ਪਹਿਚਾਣ ਨੂੰ ਪੂਰੀ ਦੁਨੀਆਂ ਦੇ ਵਿੱਚ ਬਿਖੇਰਿਆ ਹੈ। ਆਸਟ੍ਰੇਲੀਅਨ ਸਿੱਖ ਖੇਡਾਂ ਜਿੱਥੇ ਆਪਣੇ ਸਿੱਖ ਭਾਈਚਾਰੇ ਨੂੰ ਇੱਕ ਮੰਚ ਉੱਤੇ ਇਕੱਠਾ ਕਰਦੀਆਂ ਹਨ ਉਥੇ ਨੌਜਵਾਨ ਪੀੜੀ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਦੀਆਂ ਹਨ ਇਨਾਂ ਖੇਡਾਂ ਦੇ ਆਯੋਜਨ ਨਾਲ ਪੰਜਾਬੀ ਭਾਈਚਾਰੇ ਦੀਆਂ ਆਸਟ੍ਰੇਲੀਆਈ ਸਰਕਾਰਾਂ ਨਾਲ ਜੁੜੀਆਂ ਕਈ ਸਮੱਸਿਆਵਾਂ ਵੀ ਹੱਲ ਹੁੰਦੀਆਂ ਹਨ ਸਿੱਖ ਕੌਮ ਇਸ ਲਈ ਵੀ ਵਧਾਈ ਦੀ ਪਾਤਰ ਹੈ ਕਿ ਵਿਸ਼ਵ ਪੱਧਰੀ ਓਲੰਪਿਕ ਖੇਡਾਂ ਦੇ ਮੁਕਾਬਲਿਆਂ ਤੋਂ ਬਾਅਦ ਕਿਸੇ ਕੌਮ ਨੇ ਓਲੰਪਿਕ ਖੇਡਾਂ ਦੀ ਤਰਜ਼ 'ਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਜੇਕਰ ਕੋਈ ਕਦਮ ਚੁੱਕਿਆ ਹੈ। ਉਸਦਾ ਵੱਡਾ ਸਿਹਰਾ ਆਸਟ੍ਰੇਲੀਆ ਵਸਦੇ ਸਿੱਖ ਭਾਈਚਾਰੇ ਨੂੰ ਜਾਂਦਾ ਹੈ, 33 ਸਾਲ ਦਾ ਪੈਂਡਾ ਬਹੁਤ ਲੰਬਾ ਹੁੰਦਾ ਹੈ ਉਸ ਦਾ ਸਿਹਰਾ ਆਸਟ੍ਰੇਲੀਅਨ ਸਿੱਖ ਭਾਈਚਾਰੇ ਨੂੰ ਜਾਂਦਾ ਹੈ ਪਰ ਨਿਰਵਿਘਨ ਆਸਟ੍ਰੇਲੀਅਨ ਸਿੱਖ ਖੇਡਾਂ ਹਰ ਸਾਲ ਹੋ ਰਹੀਆਂ ਹਨ, ਭਾਵੇਂ ਪਿਛਲੇ ਸਾਲ ਕੋਰੋਨਾ ਮਹਾਂਮਾਰੀ ਕਾਰਨ ਆਸਟ੍ਰੇਲੀਅਨ ਸਿੱਖ ਖੇਡਾਂ ਨਹੀਂ ਹੋ ਸਕੀਆਂ ਪਰ ਇਸ ਵਾਰ 33ਵੀਆਂ ਆਸਟ੍ਰੇਲੀਆ ਖੇਡਾਂ 2-3-4 ਅਪ੍ਰੈਲ 2021 ਨੂੰ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੇ ਕਾਰਟਨ ਖੇਡ ਸਟੇਡੀਅਮ ਵਿਖੇ ਹੋ ਰਹੀਆਂ ਹਨ। ਇਹ ਖੇਡਾਂ ਹਰ ਸਾਲ ਈਸਟਰ ਵੀਕਐਂਡ ਦੇ ਉੱਤੇ ਹੀ ਹੁੰਦੀਆਂ ਹਨ। ਇਨਾਂ ਖੇਡਾਂ ਨੂੰ ਸਫਲ ਬਣਾਉਣ ਲਈ ਆਸਟ੍ਰੇਲੀਆ ਨੈਸ਼ਨਲ ਸਿੱਖ ਸਪੋਰਟਸ ਐਂਡ ਕਲਚਰਲ ਕੌਂਸਲ ਆਪਣਾ ਤਨ ਮਨ ਧਨ ਖੇਡਾਂ ਦੇ ਨੇਪਰੇ ਲਾ ਰਹੀ ਹੈ ।ਕੌਂਸਲ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਕੈਲੇ, ਸਕੱਤਰ ਅਮਰਜੀਤ ਸਿੰਘ ਪਾਬਲਾ ਮੀਡੀਆ ਅਤੇ ਸੱਭਿਆਚਾਰਕ, ਕੋਆਰਡੀਨੇਟਰ ਮਨਜੀਤ ਸਿੰਘ ਬੋਪਾਰਾਏ ਅਤੇ ਉਨਾਂ ਦੀ ਪੂਰੀ ਖੇਡਾਂ ਦੀ ਕਾਮਯਾਬੀ ਲਈ ਦਿਨ ਰਾਤ ਇਕ ਕਰਕੇ ਕੰਮ ਕਰ ਰਹੀ ਹੈ । ਇਸ ਵਾਰ ਦੇ ਖੇਡ ਮੁਕਾਬਲਿਆਂ ਵਿੱਚ ਕਬੱਡੀ ਹਾਕੀ ਬਾਸਕਟਬਾਲ ਬੈਡਮਿੰਟਨ ਕ੍ਰਿਕਟ ਕੁਸ਼ਤੀਆਂ ਨੈੱਟਬਾਲ ਆਦਿ ਖੇਡਾਂ ਦੇ ਮੁਕਾਬਲੇ ਖੇਡਾਂ ਦਾ ਮੁੱਖ ਆਕਰਸ਼ਣ ਹੋਣਗੇ ।

ਇਸ ਵਾਰ ਕੋਰੋਨਾ ਮਹਾਂਮਾਰੀ ਕਾਰਨ ਵਿਦੇਸ਼ੀ ਖਿਡਾਰੀਆਂ ਅਤੇ ਵਿਦੇਸ਼ੀ ਮਹਿਮਾਨਾਂ ਦੀ ਆਮਦ ਕਾਫੀ ਘਟੇਗੀ ਇਸ ਤੋਂ ਇਲਾਵਾ ਕੋਵਿਡ-19 ਕਾਰਨ ਆਸਟ੍ਰੇਲੀਆ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪਰਥ ਸਿੱਖ ਖੇਡਾਂ ਦੇ ਸਹਿਯੋਗ ਵਜੋਂ ਬਾਕੀ ਸਟੇਟਾਂ ਆਪੋ ਆਪਣੇ ਸ਼ਹਿਰਾਂ ਦੇ ਵਿੱਚ ਸਿੱਖ ਖੇਡਾਂ ਕਰਵਾਉਣਗੇ ਜਿਸ ਤਰਾਂ ਨਿਊ ਸਾਊਥ ਵੇਲਜ ਦੀਆਂ ਸਿੱਖ ਖੇਡਾਂ 3 ਅਤੇ 4 ਅਪ੍ਰੈਲ ਨੂੰ, ਸਿਡਨੀ ਕਿਊਨਜ਼ਲੈਂਡ ਦੀਆਂ ਸਿੱਖ ਖੇਡਾਂ 2 ਅਤੇ 3 ਅਪ੍ਰੈਲ ਨੂੰ, ਇਸੇ ਤਰਾਂ ਦੂਜੇ ਸੂਬੇ ਵੀ ਇਨਾਂ ਤਰੀਕਾ ਵਿੱਚ ਹੀ ਪਰਥ ਸਿੱਖ ਖੇਡਾਂ ਨੂੰ ਸਮਰਪਿਤ ਹੋ ਕੇ ਪ੍ਰਬੰਧਕ ਆਪੋ ਆਪਣੇ ਸ਼ਹਿਰਾਂ ਵਿੱਚ ਖੇਡਾਂ ਕਰਵਾਉਣਗੇ ।




ਮੈਨੂੰ 2019 ਵਿੱਚ ਜੂਨ ਮਹੀਨੇ ਗ੍ਰਿਫਿਥ ਸ਼ਹਿਰ ਦਾ ਸ਼ਹੀਦੀ ਖੇਡ ਮੇਲਾ ਵੇਖਣ ਦਾ ਮੌਕਾ ਮਿਲਿਆ ਸੀ। ਵੱਖ ਵੱਖ ਸੂਬਿਆਂ ਅਤੇ ਮੁਲਕਾਂ ਤੋਂ ਬੜੀ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਇਨਾਂ ਖੇਡਾਂ ਨੂੰ ਵੇਖਣ ਆਇਆ ਹੋਇਆ ਸੀ, ਭਾਵੇਂ ਖੇਡ ਮੁਕਾਬਲੇ ਵੱਡੇ ਪੱਧਰ ਦੇ ਨਹੀਂ ਸਨ, ਪਰ ਆਪਸੀ ਭਾਈਚਾਰਕ ਸਾਂਝ ਪਿਆਰ ਦੇ ਪੱਧਰ ਦੀ ਤਾਰੀਫ ਤਾਂ ਉੱਥੇ ਵੇਖਿਆਂ ਹੀ ਬਣਦੀ ਸੀ। ਲੋਕ ਇਕ ਇਕ ਸਾਲ ਪਹਿਲਾਂ ਖੇਡਾਂ ਵੇਖਣ ਲਈ ਉਥੇ ਆਪਣੇ ਕਮਰੇ ਬੁੱਕ ਕਰਵਾਉਂਦੇ ਹਨ ਅਤੇ ਫਿਰ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਵੱਡੀ ਗਿਣਤੀ ਵਿਚ ਪਰਵਾਰਾਂ ਸਮੇਤ ਖੇਡਾਂ ਵੇਖਣ ਲਈ ਆਉਂਦੇ ਹਨ। ਇਸ ਤੋਂ ਪਹਿਲਾਂ ਮੈਨੂੰ ਸਿਡਨੀ ਓਲੰਪਿਕ ਖੇਡਾਂ 2000 ਦੀ ਕਵਰੇਜ ਮੌਕੇ ਵੀ ਆਸਟ੍ਰੇਲੀਆਈ ਸਿੱਖ ਖੇਡਾਂ ਦੀ ਕਵਰੇਜ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਲੰਬੇ ਅਰਸੇ ਤੋਂ ਮੇਰੇ ਜ਼ਿਹਨ ਵਿੱਚ ਜ਼ਰੂਰ ਸੀ ਕਿ ਇੱਕ ਵਾਰ ਸਿੱਖ ਖੇਡਾਂ ਨੂੰ ਕਵਰ ਜ਼ਰੂਰ ਕਰਨਾ ਹੈ ਪਰ ਇਸ ਵਾਰ ਕਰੋਨਾ ਕਾਰਨ ਫਿਰ ਸਬੱਬ ਨਹੀਂ ਬਣਿਆ। ਆਸਟ੍ਰੇਲੀਆਈ ਸਿੱਖ ਖੇਡਾਂ ਦੀ ਤਰਜ਼ ਉੱਤੇ ਨਿਊਜ਼ੀਲੈਂਡ ਵਾਲਿਆਂ ਨੇ ਵੀ ਸਿੱਖ ਖੇਡਾਂ ਕਰਵਾਉਣ ਦੀ ਸ਼ੁਰੂਆਤ ਕੀਤੀ ਹੈ। ਪਿਛਲੀ ਵਾਰ ਉਨਾਂ ਨੇ ਖੇਡਾਂ ਦਾ ਸਫਲ ਆਯੋਜਨ ਕੀਤਾ, ਇਸ ਤੋਂ ਇਲਾਵਾ ਇਕ ਵੱਡੇ ਸਪੋਰਟਸ ਕੰਪਲੈਕਸ ਦੀ ਵੀ ਸਥਾਪਨਾ ਕੀਤੀ ਹੈ। ਨਿਊਜ਼ੀਲੈਂਡ ਦਾ ਸਿੱਖ ਭਾਈਚਾਰਾ ਇਸ ਬਦਲੇ ਵਧਾਈ ਦਾ ਪਾਤਰ ਹੈ, ਹਾਲਾਂਕਿ ਇਸ ਤਰਾਂ ਦੀ ਸ਼ੁਰੂਆਤ ਇੰਗਲੈਂਡ, ਕੈਨੇਡਾ ਜਾਂ ਅਮਰੀਕਾ ਵਾਲਿਆਂ ਨੂੰ ਪਹਿਲਾਂ ਕਰਨੀ ਚਾਹੀਦੀ ਸੀ, ਕਿਉਂਕਿ ਸਿੱਖ ਬਹੁਤ ਸਮਾਂ ਪਹਿਲਾਂ ਤੋਂ ਹੀ ਇਨਾਂ ਮੁਲਕਾਂ ਵਿੱਚ ਆ ਵਸੇ ਹਨ। ਜੇਕਰ ਸਾਰੇ ਮੁਲਕ ਜਿੱਥੇ ਜਿੱਥੇ ਸਿੱਖ ਭਾਈਚਾਰਾ ਅਤੇ ਪੰਜਾਬੀ ਲੋਕ ਵੱਸਦੇ ਹਨ ਉਹ ਵਿਸ਼ਵ ਪੱਧਰ 'ਤੇ ਸਿੱਖ ਖੇਡਾਂ ਦੀ ਸ਼ੁਰੂਆਤ ਕਰਨ ਦੀ ਪਹਿਲਕਦਮੀ ਕਰਨ, ਉਸ ਨਾਲ ਜਿੱਥੇ ਸਿੱਖਾਂ ਦੀ ਖੇਡ ਭਾਵਨਾ ਦੀ ਲਹਿਰ ਪੂਰੀ ਦੁਨੀਆਂ ਵਿੱਚ ਫੈਲੇਗੀ, ਉਥੇ ਸਿੱਖਾਂ ਦੀ ਪਹਿਚਾਣ ਦੀ ਮਹਿਕ ਵਿਸ਼ਵ ਪੱਧਰ ਤੇ ਹੋਰ ਮਜ਼ਬੂਤ ਹੋਵੇਗੀ। 33ਵੀਆਂ ਪਰਥ ਆਸਟ੍ਰੇਲੀਆਈ ਸਿੱਖ ਖੇਡਾਂ ਅਤੇ ਹੋਰਨਾਂ ਸ਼ਹਿਰਾਂ ਵਿੱਚ ਸਿੱਖ ਖੇਡਾਂ ਨੂੰ ਕਰਵਾਉਣ ਲਈ ਦਿੱਤੇ ਜਾ ਰਹੇ ਸਹਿਯੋਗ ਅਤੇ ਪ੍ਰਬੰਧਕਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀ ਭਾਈਚਾਰੇ ਵੱਲੋਂ ਸਾਡੀਆਂ ਲੱਖ ਲੱਖ ਸ਼ੁਭਕਾਮਨਾਵਾਂ।

# ਭਾਰਤੀ ਸੱਭਿਆਚਾਰ ਨੂੰ ਸ਼ਰਮਸ਼ਾਰ ਕਰ ਰਹੀਆਂ ਵੈਬ-ਸੀਰੀਜ਼



**- ਚਾਨਣ ਦੀਪ ਸਿੰਘ ਔਲਖ**
**9876888177**

ਜਦੋਂ ਬੱਚੇ ਅਜਿਹੀਆਂ ਵੈੱਬ ਸੀਰੀਜ਼ ਨੂੰ ਵੇਖਦੇ ਹਨ ਤਾਂ ਉਨਾਂ ਦੇ ਦਿਮਾਗ, ਉਨਾਂ ਦੀ ਸੋਚ 'ਤੇ ਬੁਰਾ ਅਸਰ ਪੈਂਦਾ ਹੈ ਸਮੇਂ ਦੇ ਬਦਲਦੇ ਦੌਰ ਅਤੇ ਤਕਨੀਕੀ ਖੇਤਰ ਵਿੱਚ ਤਰੱਕੀ ਦੇ ਨਾਲ ਮਨੋਰੰਜਨ ਦੇ ਸਾਧਨ ਵੀ ਬਦਲਦੇ ਰਹੇ ਹਨ। ਮਨੋਰੰਜਨ ਦੇ ਬਿਜਲਈ ਸਾਧਨਾਂ ਦੀ ਸ਼ੁਰੂਆਤ ਸਿਨੇਮਾ ਨਾਲ ਹੋਈ ਸੀ ਅਤੇ ਉਸ ਤੋਂ ਬਾਅਦ ਰੇਡੀਓ ਅਤੇ ਟੈਲੀਵਿਜ਼ਨ ਨੇ ਜਾਣਕਾਰੀ ਅਤੇ ਮਨੋਰੰਜਨ ਸਰੋਤਿਆਂ ਦੇ ਘਰਾਂ ਤੱਕ ਪਹੁੰਚਾਇਆ। ਭਾਰਤ ਵਿੱਚ ਉਦਾਰੀਕਰਨ ਤੋਂ ਬਾਅਦ ਕੇਬਲ ਟੀ ਵੀ ਅਤੇ ਵਪਾਰਕ ਸਿਨੇਮੇ ਦੇ ਆਗਮਨ ਨਾਲ ਵਧੇਰੇ ਸਰੋਤਿਆਂ ਨੂੰ ਖਿੱਚਣ ਲਈ ਫਿਲਮਾਂ, ਗੀਤਾਂ ਅਤੇ ਟੈਲੀਵਿਜ਼ਨ ਪ੍ਰੋਗਰਾਮਾਂ ਦੀ ਸਮੱਗਰੀ ਵਿੱਚ ਵੀ ਵੱਡਾ ਬਦਲਾਅ ਆਇਆ। ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿੱਚ ਇੱਕ ਵਿਧਾਨਿਕ ਫਿਲਮ-ਪ੍ਰਮਾਣੀਕਰਣ ਸੰਸਥਾ ਕੇਂਦਰੀ ਫਿਲਮ ਪ੍ਰਮਾਣੀਕਰਨ ਬੋਰਡ (ਸੀਬੀਐਫਸੀ) ਨੂੰ 'ਸਿਨੇਮਾਟੋਗ੍ਰਾਫ ਐਕਟ 1952' ਦੀਆਂ ਧਾਰਾਵਾਂ ਤਹਿਤ ਫਿਲਮਾਂ ਦੀ ਜਨਤਕ ਪ੍ਰਦਰਸ਼ਨੀ ਨੂੰ ਨਿਯਮਤ ਕਰਨ ਦਾ ਕੰਮ ਸੌਂਪਿਆ ਗਿਆ। ਸਿਨੇਮਾਘਰਾਂ ਅਤੇ ਟੈਲੀਵਿਜ਼ਨ 'ਤੇ ਪ੍ਰਦਰਸ਼ਿਤ ਫਿਲਮਾਂ ਨੂੰ ਬੋਰਡ ਦੁਆਰਾ ਪ੍ਰਮਾਣੀਕਰਣ ਤੋਂ ਬਾਅਦ ਹੀ ਜਨਤਕ ਤੌਰ 'ਤੇ ਪ੍ਰਦਰਸ਼ਤ ਕੀਤਾ ਜਾ ਸਕਦਾ ਹੈ। ਫਿਲਮ ਦੀ ਸਮੱਗਰੀ ਅਤੇ ਸਰੋਤਿਆਂ ਦੀ ਉਮਰ ਦੇ ਹਿਸਾਬ ਨਾਲ ਯੂ/ਏ ਪ੍ਰਮਾਣ ਪੱਤਰ ਦਿੱਤਾ ਜਾਂਦਾ ਹੈ। ਸਿਨੇਮਾ ਅਤੇ ਟੈਲੀਵਿਜ਼ਨ ਤੱਕ ਤਾਂ ਇਹ ਪ੍ਰਮਾਣਿਕਤਾ ਠੀਕ ਸੀ ਕਿਉਂਕਿ ਦਰਸ਼ਕ ਜਨਤਕ ਜਾਂ ਪਰਿਵਾਰਕ ਤੌਰ 'ਤੇ ਸਮੱਗਰੀ ਨੂੰ ਵੇਖਦੇ ਸਨ। ਪਰ ਅੱਜ ਕੱਲ ਇੰਟਰਨੈੱਟ ਅਤੇ ਸਮਾਰਟ ਫੋਨ ਦੇ ਯੁੱਗ ਵਿੱਚ ਮਨੋਰੰਜਨ ਦੇ ਇਹ ਸਾਧਨ ਵਿਅਕਤੀਗਤ ਹੋ ਗਏ ਹਨ ਜਿਥੇ ਉਮਰ ਪ੍ਰਤੀਬਧਤਾ ਦੀ ਉਲੰਘਣਾ ਹੋਣਾ ਆਮ ਗੱਲ ਹੈ।

ਅੱਜ ਕੱਲ ਹਾਟ ਸਟਾਰ, ਨੈਟਫਲਿਕਸ, ਸੋਨੀ ਲਿਵ, ਅਮੇਜ਼ਨ ਪ੍ਰਾਈਮ ਵੀਡੀਓ, ਜੀਪ, ਯੂਟਿਊਬ, ਫੇਸਬੁੱਕ ਆਦਿ ਬਹੁਤ ਸਾਰੇ ਓ ਟੀ ਟੀ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਉੱਭਰ ਰਹੇ ਹਨ ਜਿਨਾਂ 'ਤੇ ਵੱਖ-ਵੱਖ ਵੀਡੀਓ ਅਤੇ ਵੈਬ ਸੀਰੀਜ਼ ਆ ਰਹੀਆਂ ਹਨ। ਕੁਝ ਵੀਡੀਓ ਅਤੇ ਵੈਬ ਸੀਰੀਜ਼ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਸਾਰਥਕ ਮਨੋਰੰਜਨ ਕਰਨ ਵਾਲੀਆਂ ਹਨ ਪਰ ਕੁਝ ਨਿਰੀ ਅਸ਼ਲੀਲਤਾ, ਹਿੰਸਾ ਅਤੇ ਭੱਦੀ ਸ਼ਬਦਾਵਲੀ (ਗਾਲਾਂ) ਵਾਲੀ ਸਮੱਗਰੀ ਵਾਲੇ ਆ ਰਹੇ ਹਨ। ਇਸਦਾ ਪ੍ਰਭਾਵ ਵਿਦਿਆਰਥੀਆਂ ਉੱਤੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਗਾਲਾਂ ਦੀ ਵਰਤੋਂ ਉਨਾਂ ਦੀ ਰੋਜ਼ਾਨਾ ਦੀ ਗੱਲਬਾਤ ਦਾ ਹਿੱਸਾ ਬਣ ਰਹੀ ਹੈ। ਉਹ ਹਰ ਸੋਸ਼ਲ ਮੀਡੀਆ ਐਪ 'ਤੇ ਗਾਲਾਂ ਦੀ ਵਰਤੋਂ ਕੀਤੇ ਬਗੈਰ ਗੱਲ ਵੀ ਨਹੀਂ ਕਰਦੇ। ਉਨਾਂ ਨੇ ਇਹ ਸਭ ਅਜਿਹੀਆਂ ਵੈੱਬ ਸੀਰੀਜ਼ ਤੋਂ ਹੀ ਸਿੱਖਿਆ ਹੈ। ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਇਹ ਵੈੱਬ ਲੜੀਵਾਰ ਉਨਾਂ ਦਾ ਵਿਨਾਸ਼ ਕਰ ਰਹੀਆਂ ਹਨ। ਕੁਝ ਵੀਡੀਓ ਨਿਰਮਾਤਾ ਸੋਚਦੇ ਹਨ ਕਿ ਅਸ਼ਲੀਲਤਾ, ਹਿੰਸਾ, ਗਾਲਾਂ ਸਿਰਫ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਹਨ ਪਰ ਇੱਥੇ ਕੁਝ ਅਜਿਹੀਆਂ ਵੀਡੀਓ ਅਤੇ ਵੈੱਬ ਲੜੀਵਾਰ ਵੀ ਹਨ ਜੋ ਕਿਸੇ ਅਸ਼ਲੀਲਤਾ, ਹਿੰਸਾ ਨੂੰ ਨਹੀਂ ਦਰਸਾਉਂਦੀਆਂ ਅਤੇ ਨਾ ਹੀ ਗਾਲਾਂ ਦੀ ਵਰਤੋਂ ਕਰਦੀਆਂ ਤਾਂ ਵੀ ਉਹ ਦਰਸ਼ਕਾਂ ਦੁਆਰਾ ਬਹੁਤ ਜ਼ਿਆਦਾ ਪਸੰਦ ਕੀਤੇ ਜਾਂਦੇ ਹਨ। ਇਸ ਲਈ ਵੀਡੀਓ ਨਿਰਮਾਤਾਵਾਂ ਨੂੰ ਅਜਿਹੀ ਸਮੱਗਰੀ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ। ਇੱਕ ਮਹਾਨ ਕਹਾਣੀ ਵੀ ਦਰਸ਼ਕਾਂ ਨੂੰ ਆਕਰਸ਼ਤ ਕਰ ਸਕਦੀ ਹੈ। ਜਿਵੇਂ ਕਿ ਇਹ ਸਾਰੀਆਂ ਵੈਬ ਸੀਰੀਜ਼ ਆਨਲਾਈਨ ਸਟ੍ਰੀਮਿੰਗ ਪਲੇਟਫਾਰਮਾਂ 'ਤੇ ਸਟ੍ਰੀਮ ਹੁੰਦੀਆਂ ਹਨ ਇਸ ਲਈ ਇਹ ਹਰ ਕਿਸੇ ਲਈ ਪਹੁੰਚਯੋਗ ਹੁੰਦੀਆਂ ਹਨ ਅਤੇ ਜਦੋਂ ਬੱਚੇ ਅਜਿਹੀਆਂ ਵੈੱਬ ਸੀਰੀਜ਼ ਨੂੰ ਵੇਖਦੇ ਹਨ, ਤਾਂ ਉਨਾਂ ਦੇ ਦਿਮਾਗ, ਉਨਾਂ ਦੀ ਸੋਚ 'ਤੇ ਬੁਰਾ ਅਸਰ ਪੈਂਦਾ ਹੈ, ਅਤੇ ਜੇ ਉਹ ਅਜਿਹੀ ਸੋਚ ਨਾਲ ਵੱਡੇ ਹੋਣਗੇ, ਤਾਂ ਸੰਭਾਵਨਾਵਾਂ ਹਨ ਕਿ ਉਹ ਜੁਰਮ ਕਰਨਗੇ। ਇਨਾਂ ਵਿੱਚ ਭਾਬੀ, ਚਾਚੀ, ਮਾਮੀ, ਨੌਕਰਾਣੀ, ਗਵਾਂਢਣ ਆਦਿ ਅਨੇਕਾਂ ਰਿਸ਼ਤਿਆਂ ਨਾਲ ਨਜਾਇਜ਼ ਸਬੰਧਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ ਜੋਂ ਕਿ ਭਾਰਤੀ ਸਭਿਆਚਾਰ ਵਿੱਚ ਸਤਿਕਾਰਿਤ ਰਿਸ਼ਤਿਆਂ ਨੂੰ ਸ਼ਰਮਸ਼ਾਰ ਕਰਦਾ ਹੈ। ਇਸ ਤਰਾਂ ਦੀਆਂ ਅਸ਼ਲੀਲ ਵੀਡੀਓ ਲੋਕਾਂ ਵਿੱਚ ਕਾਮ ਇੱਛਾ ਪੈਦਾ ਕਰਦੀ ਹੈ ਅਤੇ ਜਦੋਂ ਇਹ ਸਿਖਰ 'ਤੇ ਪਹੁੰਚ ਜਾਂਦੀ ਹੈ, ਤਾਂ ਕੁਝ ਲੋਕ ਆਪਣੇ ਆਪ ਤੇ ਕਾਬੂ ਗੁਆ ਲੈਂਦੇ ਹਨ ਅਤੇ ਬਲਾਤਕਾਰ ਵਰਗੇ ਘਿਨਾਉਣੇ ਅਪਰਾਧ ਕਰਦੇ ਹਨ। ਅੱਜ ਬੱਚੇ ਬੱਚੇ ਦੇ ਹੱਥ ਵਿੱਚ ਸਮਾਰਟ ਫੋਨ ਹੈ ਅਤੇ ਇਸ ਤਰਾਂ ਦੀ ਸਮੱਗਰੀ ਦਾ ਸੌਖਿਆਂ ਪ੍ਰਾਪਤ ਹੋਣਾ ਗੰਭੀਰ ਵਿਸ਼ਾ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੂੰ ਇਨਾਂ 'ਤੇ ਤੁਰੰਤ ਲਗਾਮ ਕੱਸਣੀ ਚਾਹੀਦੀ ਹੈ।

# ਕ੍ਰਿਕਟਰ ਹਰਮਨਪ੍ਰੀਤ ਕੌਰ ਨੂੰ ਹੋਇਆ ਕੋਰੋਨਾ, 4 ਸਾਬਕਾ ਕ੍ਰਿਕਟਰ ਵੀ ਪਾਏ ਗਏ ਪਾਜ਼ੇਟਿਵ




ਨਵੀਂ ਦਿੱਲੀ : ਭਾਰਤੀ ਮਹਿਲਾ ਟੀ-20 ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੂੰ ਕੋਰੋਨਾ ਵਾਇਰਸ ਤੋਂ ਇਨਫੈਕਟਿਡ ਪਾਇਆ ਗਿਆ ਹੈ। ਹਰਮਨਪ੍ਰੀਤ ਕੌਰ ਕੋਵਿਡ-19 ਟੈਸਟ 'ਚ ਪਾਜ਼ੇਟਿਵ ਪਾਈ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਕ੍ਰਿਕਟਰ ਹੈ। ਹਰਮਨਪ੍ਰੀਤ ਕੌਰ ਨੇ ਖ਼ੁਦ ਨੂੰ ਹੋਮ ਕਰੋਟਾਈਨ ਕੀਤਾ ਹੋਇਆ ਹੈ। ਹਰਮਨਪ੍ਰੀਤ ਕੌਰ ਹਾਲ ਹੀ 'ਚ ਸਾਊਥ ਅਫਰੀਕਾ ਖ਼ਿਲਾਫ਼ ਸੀਮਤ ਓਵਰਾਂ ਦੀ ਸੀਰੀਜ ਖੇਡਣ ਉਤਰੀ ਸੀ। 'ਹਾਲ ਹੀ 'ਚ, ਸਚਿਨ ਤੇਂਦੁਲਕਰ, ਯੂਸੁਫ ਪਠਾਨ, ਐੱਸ ਬਦਰੀਨਾਥ ਤੇ ਇਰਫਾਨ ਪਠਾਨ ਜਿਹੇ ਸਾਬਕਾ ਖਿਡਾਰੀਆਂ ਨੂੰ ਵੀ ਕੋਰੋਨਾ ਵਾਇਰਸ ਟੈਸਟ 'ਚ ਪਾਜ਼ੇਟਿਵ ਪਾਇਆ ਗਿਆ ਸੀ। ਹਰਮਨਪ੍ਰੀਤ ਨੂੰ ਹਾਲ ਹੀ 'ਚ ਦੱਖਣੀ ਅਫਰੀਕਾ ਦੇ ਖ਼ਿਲਾਫ਼ ਪੰਜ ਮੈਚਾਂ ਦੀ ਵਨ ਡੇ ਸੀਰੀਜ਼ 'ਚ ਦੇਖਿਆ ਗਿਆ ਸੀ, ਜਿਸ 'ਚ ਭਾਰਤ 4-1 ਤੋਂ ਹਾਰ ਗਿਆ ਸੀ। ਪੰਜ ਮੈਚਾਂ ਦੀ ਸੀਰੀਜ਼ 'ਚ ਖੱਬੇ ਹੱਥ ਦੀ ਬੱਲੇਬਾਜ਼ ਨੇ ਲਖਨਊ 'ਚ ਪੰਜ ਮੈਚਾਂ ਦੀ ਸੀਰੀਜ਼ ਦੇ ਚੌਥੇ ਵਨ ਡੇ 'ਚ 54 ਦੌੜਾਂ ਬਣਾਈਆਂ ਸੀ ਤੇ ਕੁੱਲ ਸੀਰੀਜ਼ 'ਚ 160 ਦੌੜਾਂ ਦਾ ਯੋਗਦਾਨ ਦਿੱਤਾ ਸੀ। ਪੰਜਵੇਂ ਤੇ ਆਖਰੀ ਵਨ ਡੇ ਮੈਚ 'ਚ ਹਰਮਨਪ੍ਰੀਤ ਨੂੰ ਹਿਪ 'ਚ ਸੱਟ ਲੱਗੀ ਸੀ। ਇਸ ਵਜਾ ਨਾਲ ਉਹ ਮਹਿਮਾਨ ਟੀਮ ਖ਼ਿਲਾਫ਼ ਟੀ-20 ਸੀਰੀਜ਼ 'ਚ ਨਹੀਂ ਉੱਤਰੀ ਸੀ, ਜਿਸ ਨਾਲ ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਤਿੰਨ ਮੈਚਾਂ ਦੀ ਟੀ-20 ਆਈ ਸੀਰੀਜ਼ ਨੂੰ 2-1 ਨਾਲ ਗਵਾਇਆ ਸੀ। ਹਾਲਾਂਕਿ ਮੇਜ਼ਬਾਨ ਭਾਰਤੀ ਟੀਮ ਸਮ੍ਰਿਤੀ ਮੰਧਾਨਾ ਦੀ ਕਪਤਾਨੀ 'ਚ ਤਿੰਨ ਮੈਚਾਂ ਦੀ ਟੀ-20 ਇੰਟਰਨੈਸ਼ਨਲ ਸੀਰੀਜ਼ ਦਾ ਅੰਤਿਮ ਗੇਮ ਜਿੱਤਣ 'ਚ ਸਫ਼ਲ ਰਹੀ।

# 'ਤਹਿਰੀਕ' ਐਲਬਮ ਦਾ ਆਗਾਜ਼

**ਸਰਬਜੀਤ ਕੌਰ ਸਰਬ**

ਸੁਰਾਂ ਦੇ ਬਾਦਸ਼ਾਹ ਸਤਿੰਦਰ ਸਰਤਾਜ ਦੀ ਨਵੀਂ ਐਲਬਮ 'ਤਹਿਰੀਕ' ਰਿਲੀਜ਼ ਹੋ ਗਈ ਹੈ । ਸੋਸ਼ਲ ਮੀਡੀਆ ਰਾਹੀਂ ਸਤਿੰਦਰ ਸਰਤਾਜ ਦੇ ਚਾਹੁਣ ਵਾਲਿਆਂ ਵਿੱਚ ਇਸ ਘੜੀ ਦਾ ਇੰਤਜ਼ਾਰ ਬਹੁਤ ਲੰਮੇ ਸਮੇਂ ਤੋਂ ਚੱਲ ਰਿਹਾ ਸੀ, ਜੋ ਅੱਜ ਤਹਿਰੀਕ ਦੇ ਆਉਣ ਨਾਲ ਖ਼ਤਮ ਹੋ ਗਿਆ । ਇਸ ਐਲਬਮ ਵਿੱਚ ਪੰਜਾਬ ਦੇ ਜੁਝਾਰੂ ਜਜ਼ਬੇ ਨੂੰ ਦਸ ਗੀਤਾਂ ਦੇ ਜ਼ਰੀਏ ਸਜਦਾ ਕੀਤਾ ਗਿਆ ਹੈ । ਇਨਸਾਨ ਨੂੰ ਇਨਸਾਨੀਅਤ ਦਾ ਪਾਠ ਪੜਾਉਂਦੀ 'ਤਹਿਰੀਕ' ਐਲਬਮ ਦਾ ਮਿਊਜ਼ਿਕ ਬੀਟ ਮਨਿਸਟਰ ਦੁਆਰਾ ਦਿੱਤਾ ਗਿਆ ਜੋ ਕਿ ਰੂਹਾਨੀਅਤ ਦਾ ਇਕ ਨਵਾਂ ਮਾਹੌਲ ਸਿਰਜ ਦਿੰਦਾ ਹੈ। ਕਲਾਵਾਂ ਚੜਦੀਆਂ, ਯੱਕਾ, ਬਾਰੀ ਖੋਲ, ਈਮਾਨ, ਸੱਚੇ-ਸੁੱਚੇ ਗੀਤ, ਫ਼ਤਹਿ ਇਬਾਰਤ, ਦਾਅਵਾ, ਤਹਿਰੀਕ, ਗੁੱਸੇ ਦਾ ਨਤੀਜਾ, ਪ੍ਰਵਾਹ ਨਾ ਕਰੋ ।

ਇਨਾਂ ਸਾਰੇ ਗੀਤਾਂ ਨੂੰ ਜੇਕਰ ਇੱਕ ਜਗਾ ਉੱਤੇ ਰੱਖਣਾ ਹੋਵੇ ਤਾਂ ਅਸੀਂ ਆਖ ਸਕਦੇ ਹਾਂ ਕਿ ਜਾਬਰ ਦੇ ਜ਼ੁਲਮ ਨੂੰ ਵੰਗਾਰ ਪਾਉਣਾ, ਕੁਦਰਤ ਦੀ ਪਛਾਣ ਕਰਵਾਉਣਾ, ਇਬਾਦਤ ਸਿਖਾਉਣਾ, ਮਨੁੱਖਤਾ ਨੂੰ ਇਨਸਾਨੀਅਤ ਦਾ ਪਾਠ ਪੜਾਉਣਾ ਹੈ ਜਦਕਿ ਅੱਜ ਦੀ ਮਨੁੱਖੀ ਸੋਚ, ਕੀ ਪਹਿਲਾਂ ਧਨ ਇਕੱਠਾ ਕਰ ਲਈਏ ਉਸ ਤੋਂ ਬਾਅਦ ਰੱਬ ਦਾ ਨਾਮ ਲੈ ਲਵਾਂਗੇ, ਦੀ ਸੋਚ ਨੂੰ ਜਾਹਿਰ ਕਰਦੀ, ਸਦੈਵ ਸਮਿਆਂ ਤੱਕ ਰਹਿਣ ਵਾਲੇ ਸੱਚੇ ਸੁੱਚੇ ਗੀਤਾਂ ਦੀ ਰੀਤ ਨੂੰ ਸਾਹਮਣੇ ਲਿਆਉਣਾ ਹੈ।ਸੋ ਇਕ ਗੱਲ ਸਪੱਸ਼ਟ ਹੈ ਕਿ ਸਤਿੰਦਰ ਸਰਤਾਜ ਦੀ ਗਾਇਕੀ ਇੱਕ ਅਜਿਹੀ ਗਾਇਕੀ ਹੈ ਜੋ ਕਿ ਮਨੁੱਖ ਨੂੰ ਕੁਦਰਤ ਦੇ ਬਹੁਤ ਹੀ ਨੇੜੇ ਲੈ ਜਾਂਦੀ ਹੈ।






## ਪਾਠਕਾਂ ਦਾ ਨਜ਼ਰੀਆ

**ਭਾਜਪਾ ਰਾਜ ਵਿਚ ਅਜ਼ਾਦੀ**

ਜਦੋਂ ਕਿਸੇ ਦੇਸ਼ ਵਿੱਚ ਸੰਵਿਧਾਨ ਦਾ ਰਾਜ ਹੁੰਦਾ ਹੈ ਤਾਂ ਦੇਸ਼ ਦੀ ਪਾਰਲੀਮੈਂਟ, ਨਿਆਂਪਲਿਕਾ ਅਤੇ ਕਾਰਜ ਪਾਲਿਕਾ ਆਪਣੇ ਆਪਣੇ ਖੇਤਰ ਵਿੱਚ ਰਹਿ ਕੇ ਕੰਮ ਕਰਦੇ ਹਨ। ਜਦੋਂ ਕੋਈ ਕਿਸੇ ਨਾਲ ਧੱਕਾ ਕਰਦਾ ਹੈ ਤਾਂ ਆਮ ਕਿਹਾ ਜਾਂਦਾ ਹੈ ? 'ਕੀ ਤੇਰਾ ਘਰ ਦਾ ਰਾਜ ਹੈ ?' 2014 ਤੋਂ ਹੁਣ ਤੱਕ ਅਤੇ ਸ਼ਾਇਦ 2024 ਤੱਕ ਭਾਜਪਾ ਰਾਜ ਅਤੇ ਘਰ ਦਾ ਰਾਜ ਸਮਾਨਾਰਥੀ ਸ਼ਬਦ ਬਣ ਚੁੱਕੇ ਹਨ ਜਾਂ ਹੋਣਗੇ।

ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਅਤੇ ਕਾਂਗਰਸ ਬਹੁਮਤ ਵਿੱਚ ਆ ਗਈ। ਜਦੋਂ ਸਰਕਾਰ ਬਣਾਉਣ ਲਈ ਗਵਰਨਰ ਨੇ ਸਦਨ ਦੀ ਕਾਰਵਾਈ ਸ਼ੁਰੂ ਕਰਨੀ ਸੀ, ਉਦੋਂ ਕਾਰਵਾਈ ਸ਼ੁਰੂ ਕਰਵਾਉਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਕਰੋਨਾ ਵਾਇਰਸ ਕਾਰਨ ਸਦਨ ਵਿੱਚ ਵਿਧਾਇਕਾਂ ਦਾ ਇਕੱਠ ਨਹੀਂ ਕੀਤਾ ਜਾ ਸਕਦਾ। ਪਰ ਉਸ ਤੋਂ ਬਾਅਦ ਇੱਕੋ ਹੋਟਲ ਵਿੱਚ ਸਾਰੇ ਭਾਜਪਾ ਵਿਧਾਇਕ ਅਤੇ ਖਰੀਦੇ ਗਏ । ਕਾਂਗਰਸ ਦੇ ਵਿਧਾਇਕ ਇਕੱਠੇ ਕਰਨ ਵੇਲੇ ਵਾਇਰਸ ਦਾ ਕੋਈ ਡਰ ਨਹੀਂ ਸੀ। ਜਦ ਤੱਕ ਵਿਧਾਇਕਾਂ ਦੀ ਖਰੀਦਦਾਰੀ ਪੂਰੀ ਨਹੀਂ ਹੋ ਗਈ, ਤਦ ਤੱਕ ਗਵਰਨਰ ਨੇ ਵਿਧਾਨ ਸਭਾ ਨਹੀਂ ਸੱਦੀ। ਪਰ ਖਰੀਦਦਾਰੀ ਪੂਰੀ ਹੁੰਦੇ ਹੀ ਗਵਰਨਰ ਨੇ ਭਾਜਪਾ ਦਾ ਮੁੱਖ ਮੰਤਰੀ ਵੀ ਬਣਾ ਦਿੱਤਾ ਅਤੇ ਬਾਅਦ ਵਿੱਚ ਬਾਕੀ ਮੰਤਰੀ ਵੀ ਬਣ ਗਏ। ਦਿੱਲੀ ਤੋਂ ਤਾਰ ਹਿੱਲਦੇ ਹੀ ਮੱਧ ਪ੍ਰਦੇਸ਼ ਗਵਰਨਰ ਰਾਤ ਦੇ ਇੱਕ ਵਜੇ ਹੀ ਹਰਕਤ ਵਿੱਚ ਆ ਗਿਆ ਅਤੇ ਸਵੇਰੇ ਛੇ ਵਜੇ ਹੀ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਦੇ ਪਦ ਅਤੇ ਅਹੁਦੇ ਦੀ ਸਹੁੰ ਚੁਕਾ ਦਿੱਤੀ। ਇਸ ਨੂੰ ਘਰ ਦਾ ਰਾਜ ਕਹੀਏ ਜਾਂ ਸੰਵਿਧਾਨ ਦਾ ਰਾਜ ਕਹੀਏ!

ਉੱਤਰਾਖੰਡ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਅਤੇ ਮੁੱਖ ਮੰਤਰੀ ਹਰੀਸ਼ ਰਾਵਤ ਬਣੇ। ਉਸ ਤੋਂ ਬਾਅਦ ਕਾਂਗਰਸੀ ਵਿਧਾਇਕਾਂ ਦੀ ਖਰੀਦਦਾਰੀ 'ਤੇ ਭਾਜਪਾ ਲੱਗ ਗਈ ਅਤੇ ਕਾਂਗਰਸ ਸਰਕਾਰ ਨੂੰ ਤੋੜਨ ਵਿੱਚ ਕਾਮਯਾਬ ਹੋ ਗਈ। ਭਾਜਪਾ ਵਿਧਾਇਕਾਂ ਦੀ ਸਲਾਹ ਬਿਨਾਂ ਹੀ ਤ੍ਰਿਵੇਂਦਰਾ ਰਾਵਤ ਨੂੰ ਮੁੱਖ ਮੰਤਰੀ ਥਾਪ ਦਿੱਤਾ। ਵਿਧਾਇਕ ਤਾਂ ਤ੍ਰਿਵੇਂਦਰਾ ਨੂੰ ਚਾਹੁੰਦੇ ਹੀ ਨਹੀਂ ਸਨ ਅਤੇ ਨਾਲ ਹੀ ਉਸ ਨੇ ਉੱਤਰਾਖੰਡ ਦੇ ਧਾਰਮਿਕ ਸਥਲਾਂ ਬਾਰੇ ਇੱਕ ਅਜਿਹਾ ਫੈਸਲਾ ਲਿਆ ਕਿ ਪੁਜਾਰੀ ਵਰਗ ਵੀ ਨਾਰਾਜ਼ ਹੋ ਗਿਆ। ਭਾਜਪਾ ਨੂੰ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਦਾ ਫ਼ਿਕਰ ਪੈ ਗਿਆ। ਵਿਧਾਇਕਾਂ ਦੀ ਨਾਰਾਜ਼ਗੀ ਵੱਲ ਭਾਵੇਂ ਧਿਆਨ ਨਾ ਦਿੰਦੀ ਪਰ ਭਾਜਪਾ ਹਾਈ ਕਮਾਂਡ ਨੇ ਧਾਰਮਿਕ ਪ੍ਰਵਿਰਤੀ ਦੀਆਂ ਵੋਟਾਂ ਜਾਂਦੀਆਂ ਦਿਸਣ 'ਤੇ ਇੱਕ ਦਮ ਤੀਰਥ ਸਿੰਘ ਰਾਵਤ ਨੂੰ ਮੁੱਖ ਮੰਤਰੀ ਬਣਾ ਦਿੱਤਾ।

ਜੇਕਰ ਭਾਜਪਾ ਦੇ ਘਰ ਦਾ ਰਾਜ ਹੈ ਤਾਂ ਉਸਦੇ ਸਹਿਯੋਗੀ ਆਰ ਐੱਸ ਐੱਸ, ਬਜਰੰਗ ਦਲ, ਹਿੰਦੂ ਮਹਾਂਸਭਾ ਆਦਿ ਦਾ ਵੀ ਘਰ ਦਾ ਰਾਜ ਹੋਣਾ ਲਾਜ਼ਮੀ ਹੈ। 19 ਮਾਰਚ ਵਾਲੇ ਦਿਨ ਕੁਝ ਨੰਨਾਂ ਤੇ ਦੋ ਮਿਸ਼ਨਰੀ ਵਿਦਿਆਰਥਣਾਂ, ਦਿੱਲੀ ਵਿਖੇ ਸੇਕਰਡ ਹਾਰਟ ਕੰਗਰੇਗੇਸ਼ਨ ਵਿੱਚ ਹਾਜ਼ਰੀ ਭਰ ਕੇ ਵਾਪਸ ਆਪਣੇ ਘਰਾਂ ਨੂੰ ਰੂੜਕੇਲਾ (ਉੜੀਸਾ) ਜਾ ਰਹੀਆਂ ਸਨ ਕਿ ਰਸਤੇ ਵਿੱਚ ਬਜਰੰਗ ਦਲ ਕੇ ਕਾਰਜਕਰਤਾਵਾਂ ਨੇ ਉਨਾਂ ਨੂੰ ਰੇਲ ਗੱਡੀ ਤੋਂ ਹੇਠਾਂ ਉਤਾਰ ਲਿਆ ਅਤੇ ਧੱਕਾ ਮੁੱਕੀ ਕਰਨ ਲੱਗ ਪਏ। ਪੁਲਿਸ ਦੇ ਆਉਣ 'ਤੇ ਹਿੰਦੂ ਰਾਸ਼ਟਰ ਬਣਾਉਣ ਵਾਲੇ ਬਜ਼ਰੰਗ ਦਲੀਆਂ ਨੇ ਕਿਹਾ ਕਿ ਇਹ ਧਰਮ ਪਰਿਵਰਤਨ ਕਰ ਰਹੀਆਂ ਸਨ। ਰੇਲਵੇ ਪੁਲਿਸ ਉਨਾਂ ਨੂੰ ਫੜ ਕੇ ਲੈ ਗਈ ਅਤੇ ਪੰਜ ਘੰਟੇ ਪੁੱਛਗਿੱਛ ਕਰਨ ਬਾਅਦ ਰਾਤ ਦੇ 11 ਵਜੇ ਤੱਕ ਜਦੋਂ ਧਰਮ ਪਰਿਵਰਤਨ ਦਾ ਕੋਈ ਸਬੂਤ ਨਹੀਂ ਮਿਲਿਆ ਤਾਂ ਨੰਨਾਂ ਨੂੰ ਛੱਡਿਆ।

23 ਮਾਰਚ 2020 ਨੂੰ ਲਾਕਡਾਊਨ ਦਾ ਐਲਾਨ ਹੋਣ ਤੋਂ ਕੁਝ ਦਿਨ ਪਹਿਲਾਂ ਦਿੱਲੀ ਹਜ਼ਰਤ ਨਿਜ਼ਾਮੁਦੀਨ ਮਰਕਜ਼ ਵਿਖੇ ਭਾਰਤ ਅਤੇ ਬਾਕੀ ਦੇਸ਼ਾਂ ਤੋਂ ਲਗਭਗ 9000 ਹਜ਼ਾਰ ਤਬਲੀਗੀ ਜਮਾਤ ਦੇ ਮੈਂਬਰ ਇਕੱਠੇ ਹੋਏ। ਮੁਹੰਮਦ ਸਾਦ ਕੰਧਾਵਲੀ ਨੇ ਸਾਰਾ ਪ੍ਰਬੰਧ ਕੀਤਾ ਸੀ। ਲਾਕਡਾਊਨ ਹੋਣ 'ਤੇ ਉਨਾਂ ਜਦੋਂ ਵਾਪਸ ਆਪਣੀਆਂ ਬੱਸਾਂ ਵਿੱਚ ਜਾਣਾ ਚਾਹਿਆ ਤਾਂ ਕਈ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ। ਭਾਜਪਾ ਸਰਕਾਰ ਨੂੰ ਵੀ ਕਰੋਨਾ ਵਾਇਰਸ ਨੂੰ ਠੀਕ ਢੰਗ ਨਾਲ ਨਾ ਨਜਿੱਠਣ ਵਿੱਚ ਅਸਮਰੱਥ ਰਹਿਣ 'ਤੇ ਕੋਈ ਬਲੀ ਦਾ ਬਕਰਾ ਚਾਹੀਦਾ ਸੀ ਅਤੇ ਇਸ ਲਈ ਭਾਰਤ ਵਿੱਚ ਵਾਇਰਸ ਲੈ ਕੇ ਆਉਣ ਅਤੇ ਫੈਲਾਉਣ ਲਈ ਤਬਲੀਗੀ ਜਮਾਤ ਨੂੰ ਜਿੰਮੇਵਾਰ ਕਿਹਾ। ਗੋਦੀ ਮੀਡੀਆ ਨੂੰ ਵੀ ਮਸਾਲਾ ਮਿਲ ਗਿਆ ਅਤੇ ਦਿਨ ਰਾਤ ਤਬਲੀਗੀ ਜਮਾਤ ਨੂੰ ਕਰੋਨਾ ਦਾ ਕਾਰਕ ਦੱਸਣ 'ਤੇ ਜ਼ੋਰ ਲਗਾ ਦਿੱਤਾ ਅਤੇ ਤਬਲੀਗੀ ਜਮਾਤ ਦਾ ਨਾਮ ਹੀ ਕਰੋਨਾ ਜਮਾਤ ਪਾ ਦਿੱਤਾ। ਉੱਚ ਅਦਾਲਤ ਨੇ ਵੀ ਕਿਹਾ ਸੀ ਕਿ ਤਬਲੀਗੀ ਜਮਾਤ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਇਸ ਰਾਜ ਵਿੱਚ ਹਿੰਦੂ ਖਤਰੇ ਵਿੱਚ ਪੈ ਜਾਂਦਾ ਹੈ, ਗਊ ਮਾਤਾ ਖਤਰੇ ਵਿੱਚ ਪੈ ਜਾਂਦੀ ਹੈ। ਕੋਈ ਵਿਅਕਤੀ ਭਾਵੇਂ ਬੱਕਰੇ ਦਾ ਮੀਟ ਲਿਜਾ ਰਿਹਾ ਹੋਵੇ, ਘਰ ਦੇ ਰਾਜ ਵੇਲੇ ਉਸ ਨੂੰ ਬੀਫ ਦੇ ਬਹਾਨੇ ਬਿਨਾਂ ਪੁਣਛਾਣ ਕੀਤੇ ਕੁੱਟ ਸਕਦੇ ਹਨ ਜਾਂ ਜਾਨੋਂ ਮਾਰ ਸਕਦੇ ਹਨ। ਇਸ ਰਾਜ ਵਿੱਚ ਅਨਪੜ ਵਿਧਾਇਕਾਂ ਤੇ ਸਾਂਸਦਾਂ ਨੇ ਦੇਸ਼ਧ੍ਰੋਹੀ ਦੇ ਸਰਟੀਫਿਕੇਟ ਵੰਡੇ ਹਨ। ਜੇਕਰ ਕੋਈ ਸੱਚ ਦੀ ਗੱਲ ਕਰੇ ਤਾਂ ਉਸ ਨੂੰ ਗੱਦਾਰ ਕਿਹਾ ਜਾਂਦਾ ਹੈ। ਯੂਨੀਵਰਸਿਟੀਆਂ ਬਾਰੇ ਘਰ ਦੇ ਰਾਜ ਵਿੱਚ 'ਨਕਸਲਵਾਦੀ ਜਾਂ ਗੱਦਾਰ' ਪੈਦਾ ਹੋਣ ਦਾ ਪ੍ਰਚਾਰ ਵੀ ਸਿਖਰਾਂ 'ਤੇ ਹੈ। ਇਸ ਰਾਜ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਵਿਦਿਆਰਥੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਅਲੀਗੜ ਯੂਨੀਵਰਸਿਟੀ ਵਿੱਚ ਪੁਲਿਸ ਦੀ ਹਾਜ਼ਰੀ ਵਿੱਚ ਲਾਇਬ੍ਰੇਰੀ ਵਿੱਚ ਪੜਦੇ ਵਿਦਿਆਰਥੀਆਂ ਨੂੰ ਬਿਨਾ ਕਾਰਨ ਕੁੱਟਦੇ ਹਨ, ਪੁਲਿਸ ਵੀ ਮਜ਼ਲੂਮ ਵਿਰੁੱਧ ਹੀ ਕੇਸ ਦਰਜ ਕਰਦੀ ਹੈ।

ਨੋਟ ਕਰਨ ਵਾਲੀ ਗੱਲ ਹੈ ਕਿ ਇਹ ਇੱਕ ਐਸਾ ਅਦੁਤੀ ਰਾਜ ਹੈ ਜਿੱਥੇ ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਮੂਲ ਲੋੜਾਂ ਛੱਡ ਕੇ ਮੰਦਿਰ ਬਣਾਉਣ ਜਾਂ ਸ਼ਹਿਰਾਂ, ਰੇਲਵੇ ਸਟੇਸ਼ਨਾਂ ਅਤੇ ਸੜਕਾਂ ਦੇ ਨਾਮ ਬਦਲੇ ਜਾ ਰਹੇ ਹਨ।

**ਵਿਸ਼ਵਾ ਮਿੱਤਰ**

**ਭਾਰਤੀ ਜਮਹੂਰੀਅਤ ਫਾਸ਼ੀਵਾਦੀ ਰਾਜ ਵਿਚ ਗੁਆਚੀ**

ਦੇਸ਼ ਵਾਸੀਆਂ ਨੇ ਅਜ਼ਾਦੀ ਤੋਂ ਬਾਅਦ ਆਪਣੇ ਦੇਸ਼ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਆਪੋ-ਆਪਣਾ ਯੋਗਦਾਨ ਪਾਇਆ। ਭਾਰਤ ਦੇ ਸੰਵਿਧਾਨ ਘਾੜਿਆਂ ਨੇ ਦੁਨੀਆ ਭਰ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਦੁਨੀਆ ਦੇ ਜਿਸ ਸੰਵਿਧਾਨ ਤੋਂ ਜਿਹੜੀ ਚੰਗੀ ਮੱਦ ਮਿਲੀ, ਉਸ ਨੂੰ ਆਪਣੇ ਸੰਵਿਧਾਨ ਵਿੱਚ ਸ਼ਾਮਲ ਕਰ ਲਿਆ। ਉਂਝ ਭਾਵੇਂ ਸਾਡੇ ਦੇਸ਼ ਦਾ ਸੰਵਿਧਾਨ ਬ੍ਰਿਟਿਸ਼/ਇੰਗਲੈਂਡ ਦੇ ਸੰਵਿਧਾਨ ਦੇ ਕਾਫ਼ੀ ਨੇੜੇ ਸਮਝਿਆ ਜਾਂਦਾ ਹੈ।

ਸੰਵਿਧਾਨ ਦੀ ਰਚਨਾ ਕਰਨ ਸਮੇਂ ਸੰਵਿਧਾਨ ਘਾੜਿਆਂ ਸਾਹਮਣੇ ਮੁੱਖ ਦੋ ਗੱਲਾਂ ਸਾਹਮਣੇ ਆਈਆਂ ਸਨ ਕਿ ਇਸਦੀਆਂ ਸ਼ਕਤੀਆਂ ਨੂੰ ਕੇਂਦਰਤ ਕੀਤਾ ਜਾਵੇ ਜਾਂ ਫਿਰ ਸੂਬਿਆਂ ਨੂੰ ਵੱਧ ਮਹੱਤਤਾ ਦਿੱਤੀ ਜਾਵੇ। ਅਖੀਰ ਦੋਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਮੌਜੂਦਾ ਸੰਵਿਧਾਨ ਵਿੱਚ ਦੋਹਾਂ ਗੱਲਾਂ ਦਾ ਸੁਮੇਲ ਲੱਭਦਾ ਹੈ, ਪਰ ਫਿਰ ਵੀ ਫੈਡਰਲ ਢਾਂਚੇ ਨੂੰ ਪਹਿਲ ਦਿੱਤੀ ਗਈ ਹੈ। ਖਾਸ ਹਾਲਤਾਂ ਵਿੱਚ ਹੀ ਸੂਬੇ ਦੀਆਂ ਸ਼ਕਤੀਆਂ ਕੁਝ ਸਮੇਂ ਲਈ ਕੇਂਦਰ ਹਵਾਲੇ ਕੀਤੀਆਂ ਜਾਂਦੀਆਂ ਹਨ, ਜਿਸ ਨੂੰ ਅਸੀਂ ਗਵਰਨਰੀ ਜਾਂ ਰਾਸ਼ਟਰਪਤੀ ਰਾਜ ਆਖਦੇ ਹਾਂ।

ਮੌਜੂਦਾ ਭਾਜਪਾ, ਜੋ ਇਸ ਵਕਤ ਕੇਂਦਰ ਵਿੱਚ ਪਿਛਲੇ ਲਗਭਗ ਛੇ ਸਾਲ ਤੋਂ ਲਗਾਤਾਰ ਰਾਜ ਕਰ ਰਹੀ ਹੈ, ਉਹ ਵੱਖ-ਵੱਖ ਸੂਬਿਆਂ ਵਿੱਚ ਆਪਣੇ ਪੈਰ ਜਮਾਉਣ ਦੀ ਖਾਤਰ ਵੱਖ-ਵੱਖ ਤਰਾਂ ਦੇ ਤਰੀਕੇ ਅਪਣਾ ਕੇ ਆਪਣਾ ਰਾਜ ਕਾਇਮ ਕਰਨ ਲਈ ਤਰਲੋਮੱਛੀ ਹੋ ਰਹੀ ਹੈ। ਉਹ ਕਿਸੇ ਸੂਬੇ ਨੂੰ ਜਿੱਤਣ ਲਈ ਪਹਿਲਾਂ ਚੋਣਾਂ ਵਿੱਚ ਸਭ ਜਾਇਜ਼, ਨਜਾਇਜ਼ ਤਰੀਕੇ ਝੋਕ ਦਿੰਦੀ ਹੈ। ਜੇਕਰ ਉਸ ਨੂੰ ਇਸ ਤਰੀਕੇ ਨਾਲ ਬਹੁ-ਸੰਮਤੀ ਨਹੀਂ ਮਿਲਦੀ ਤਾਂ ਫਿਰ ਉਹ ਖਰੀਦੋ ਫਰੋਖਤ ਵਾਲਾ ਤਰੀਕਾ ਅਪਣਾ ਕੇ ਆਪਣਾ ਰਾਜ ਕਾਇਮ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੀ ਹੈ। ਜੇਕਰ ਸਭ ਹੱਥ-ਕੰਡੇ ਖ਼ਤਮ ਹੋ ਜਾਣ ਤਾਂ ਉਹ ਦਿੱਲੀ ਵਾਲਾ ਹੱਥਕੰਡਾ ਵਰਤਦੀ ਹੈ।

ਇਹ ਦਿੱਲੀ ਵਾਲਾ ਹੱਥ-ਕੰਡਾ ਕੀ ਹੈ। ਜ਼ਰਾ ਧਿਆਨ ਦਿਓ। ਇਹ ਉਹ ਹੱਥ-ਕੰਡਾ ਹੈ ਜੋ ਉਸ ਨੇ ਪਹਿਲਾਂ ਕਸ਼ਮੀਰ ਵਿੱਚ ਵਰਤਿਆ। ਅਸੰਬਲੀ ਤੋੜ ਕੇ ਉਸ ਦਾ ਸਪੈਸ਼ਲ ਸਟੇਟਸ ਖ਼ਤਮ ਕਰ ਦਿੱਤਾ ਅਤੇ ਉਸ ਨੂੰ ਸਿੱਧਾ ਕੇਂਦਰ ਦੇ ਅਧੀਨ ਕਰ ਦਿੱਤਾ। ਇਸ ਵਿੱਚ ਕਿਸੇ ਦੀ ਨਹੀਂ ਸੁਣੀ ਗਈ। ਪਰ ਇੰਝ ਕਰਕੇ ਭਾਜਪਾ ਆਪਣੇ ਮਨੋਰਥ ਵਿੱਚ ਕਾਮਯਾਬ ਹੋ ਗਈ। ਸੰਵਿਧਾਨ ਦੀਆਂ ਮੁੱਖ ਭਾਵਨਾਵਾਂ ਦਾ ਖ਼ਿਆਲ ਵੀ ਨਾ ਰੱਖਿਆ ਗਿਆ।

ਹੁਣ ਦਿੱਲੀ ਵਿੱਚ ਵੀ ਠੀਕ ਇਸੇ ਤਰਾਂ ਦੁਹਰਾਇਆ ਗਿਆ, ਜਿਸ ਦਿੱਲੀ ਨੂੰ ਭਾਜਪਾ ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਦੁਬਾਰਾ ਜਿੱਤ ਨਹੀਂ ਸਕੀ। ਪਿਛਲੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਮੇਤ ਕਈ ਦਿਨ ਦਿੱਲੀ ਬੈਠਣ ਅਤੇ ਪ੍ਰਚਾਰ ਕਰਨ ਦੇ ਅਤੇ ਦਿੱਲੀ ਵਿੱਚ ਹਿੰਦੂ-ਮੁਸਲਮਾਨ, ਹਿੰਦ-ਪਾਕਿਸਤਾਨ ਦਾ ਨਫਰਤ ਵਾਲਾ ਮੁੱਦਾ ਉਭਾਰਨ ਦੇ ਬਾਵਜੂਦ ਦਿੱਲੀ ਜਨਤਾ ਨੇ ਭਾਜਪਾ ਨੂੰ ਆਪਣਾ ਅੰਗੂਠਾ ਦਿਖਾ ਦਿੱਤਾ। ਪਿੱਛੇ ਜਿਹੇ ਹੋਈਆਂ ਦਿੱਲੀ ਦੀਆਂ ਨਗਰ ਪਾਲਿਕਾਵਾਂ ਦੀਆਂ ਉਪ ਚੋਣਾਂ ਵਿੱਚ ਸਾਰੀਆਂ ਸੀਟਾਂ ਹਾਰਨ ਤੋਂ ਬਾਅਦ ਭਾਜਪਾ ਨਮੋਸ਼ੀ ਦੇ ਆਲਮ ਵਿੱਚ ਸੀ ਅਤੇ ਹੈ। ਇਸ ਤੋਂ ਉੱਭਰਨ ਲਈ ਹੁਣ ਉਸ ਨੇ ਮੌਜੂਦਾ ਸੰਵਿਧਾਨ ਵਿੱਚ ਸੋਧ ਕਰਕੇ ਦਿੱਲੀ ਦੀ ਚੁਣੀ ਹੋਈ ਸਰਕਾਰ ਦੀਆਂ ਸ਼ਕਤੀਆਂ ਨੂੰ ਨੱਥ ਪਾ ਕੇ ਐੱਲ ਜੀ (ਲੈਫਟੀਨੈਂਟ ਗਵਰਨਰ) ਨੂੰ ਵੱਧ ਅਧਿਕਾਰ ਦੇ ਕੇ ਸੰਵਿਧਾਨ ਦੀ ਮੂਲ ਭਾਵਨਾ ਵਿਰੁੱਧ ਕਦਮ ਚੁੱਕਿਆ ਹੈ। ਅਜਿਹਾ ਘਟੀਆ ਪ੍ਰਦਰਸ਼ਨ ਕਰਕੇ ਭਾਜਪਾ ਨੇ ਆਪਣੀ ਔਕਾਤ ਦਿਖਾ ਦਿੱਤੀ ਹੈ।

ਦੂਜੇ ਪਾਸੇ ਦਿੱਲੀ ਵਿੱਚ ਰਾਜ ਕਰ ਰਹੀ 'ਆਪ ਪਾਰਟੀ' ਨੇ ਇਸ ਬਾਰੇ ਆਖਿਆ ਹੈ ਕਿ ਕਿਉਂਕਿ ਮੌਜੂਦਾ ਭਾਜਪਾ ਵਾਲੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ 'ਕੇਜਰੀਵਾਲ ਮਾਡਲ' ਦਾ ਮੁਕਾਬਲਾ ਨਹੀਂ ਕਰ ਸਕੀ, ਨਾ ਹੀ ਕੋਈ ਮੋਦੀ ਮੌਡਲ ਬਣਾ ਸਕੀ, ਇਸ ਕਰਕੇ ਉਨਾਂ ਇਸ ਸੋਧ ਰਾਹੀਂ ਦਿੱਲੀ ਦੇ ਮੁੱਖ ਮੰਤਰੀ ਦੀਆਂ ਸ਼ਕਤੀਆਂ ਵਿੱਚ ਕਟੌਤੀ ਕੀਤੀ ਹੈ, ਜੋ ਕਿਸੇ ਹਾਲਤ ਵਿੱਚ ਵੀ ਮਨਜ਼ੂਰ ਨਹੀਂ ਕੀਤੀ ਜਾਵੇਗੀ। ਹੋ ਸਕਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸੋਧ ਨੂੰ ਸੁਪਰੀਮ ਕੋਰਟ ਵਿੱਚ ਚੈਲਿੰਜ ਕੀਤਾ ਜਾਵੇ। ਅਜਿਹਾ ਇਸ ਕਰਕੇ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ 2018 ਵਿੱਚ ਦਿੱਲੀ ਵਿੱਚ ਮੁੱਖ ਮੰਤਰੀ ਅਤੇ ਐੱਲ ਜੀ ਵਿਚਕਾਰ ਸ਼ਕਤੀਆਂ ਬਾਰੇ ਸੁਪਰੀਮ ਕੋਰਟ ਦਾ ਇੱਕ ਫ਼ੈਸਲਾ ਆਇਆ ਸੀ, ਜਿਸ ਵਿੱਚ ਸੁਪਰੀਮ ਕੋਰਟ ਨੇ ਤਿੰਨ ਵਿਭਾਗਾਂ (ਪੁਲਿਸ, ਜ਼ਮੀਨ ਅਤੇ ਜਨਰਲ ਆਰਡਰ ਆਦਿ) ਨੂੰ ਛੱਡ ਕੇ ਬਾਕੀਆਂ ਵਿੱਚ ਚੁਣੀ ਹੋਈ ਸਰਕਾਰ ਨੂੰ ਸੁਪਰੀਮ ਆਖਿਆ ਸੀ। ਇਸ ਕਾਨੂੰਨ ਨੂੰ ਨਿਕੰਮਾ ਕਰਨ ਲਈ ਮੌਜੂਦਾ ਸੋਧ ਕੀਤੀ ਗਈ ਲਗਦੀ ਹੈ।

ਉਪਰੋਕਤ ਸੋਧ ਨੇ ਕੇਜਰੀਵਾਲ ਦੇ ਵੀ ਸਭ ਭੁਲੇਖੇ ਦੂਰ ਕਰ ਦਿੱਤੇ ਹੋਣਗੇ, ਕਿਉਂਕਿ ਜਦ ਅਜਿਹਾ ਭਾਣਾ ਕਸ਼ਮੀਰ ਵਿੱਚ ਵਰਤਿਆ ਸੀ, ਜਿਸ ਤੋਂ ਸਭ ਸਬੰਧਤ ਜਨਤਾ ਦੁਖੀ ਸੀ, ਉਸ ਵਕਤ ਅਜਿਹੇ ਹੁਕਮ ਨੂੰ ਸਹੀ ਮੰਨਣ ਵਾਲਿਆਂ ਵਿੱਚ ਕੇਜਰੀਵਾਲ ਸਾਹਿਬ ਵਧਾਈਆਂ ਦੇਣ ਵਾਲਿਆਂ ਵਿੱਚ ਸਭ ਤੋਂ ਅੱਗੇ ਸੀ।

ਸਬੰਧਤ ਸੋਧ ਪਾਸ ਹੋਣ ਵਕਤ ਕਈ ਹੋਰ ਪਾਰਟੀਆਂ ਨੇ ਵੀ ਆਪ ਦਾ ਸਾਥ ਦਿੱਤਾ। ਉਨਾਂ ਇਸ ਸੰਬੰਧ ਵਿੱਚ ਵਾਕ ਆਊਟ ਵੀ ਕੀਤਾ, ਪਰ ਰਾਜ ਕਰਦੀ ਪਾਰਟੀ ਬਹੁ-ਸੰਮਤੀ ਦੇ ਨਸ਼ੇ ਵਿੱਚ ਅਜਿਹੀ ਧੁੱਤ ਹੈ ਕਿ ਉਸ ਨੂੰ ਨਾ ਕੁਝ ਸੁਣਾਈ ਦੇ ਰਿਹਾ ਹੈ, ਨਾ ਹੀ ਕੁਝ ਦਿਖਾਈ ਦੇ ਰਿਹਾ ਹੈ। ਜੋ ਸੋਧ ਪਾਸ ਕੀਤੀ ਗਈ ਹੈ, ਉਸ ਮੁਤਾਬਕ ਦਿੱਲੀ ਰਾਜ ਦਾ ਐੱਲ ਜੀ ਆਪਣੀ ਮਰਜ਼ੀ ਮੁਤਾਬਕ ਕਿਸੇ ਕਾਨੂੰਨ ਨਾਲ ਸੰਬੰਧਤ ਕੋਈ ਵੀ ਫਾਈਲ ਵਗੈਰਾ ਆਪਣੇ ਪਾਸ ਰੱਖ ਸਕਦਾ ਹੈ ਜਿਸ ਨੂੰ ਪਾਸ ਕਰਨ ਆਦਿ ਲਈ ਜ਼ੋਰ ਨਹੀਂ ਪਾਇਆ ਜਾ ਸਕਦਾ। ਜਿਸਦਾ ਸਿੱਧਾ ਮਤਲਬ ਹੈ ਦਿੱਲੀ ਸਰਕਾਰ ਦੇ ਕੰਮ ਕਰਨ ਦੀਆਂ ਬਰੇਕਾਂ ਐੱਲ ਜੀ ਪਾਸ ਹੋਣਗੀਆਂ। ਦਿੱਲੀ ਸਰਕਾਰ ਚਾਹੁਣ 'ਤੇ ਵੀ ਆਪਣੀ ਰਫ਼ਤਾਰ ਨਾਲ ਕੰਮ ਨਹੀਂ ਕਰ ਸਕੇਗੀ। ਇਸ ਐਕਸ਼ਨ ਤੋਂ ਅਜਿਹਾ ਵੀ ਲਗਦਾ ਹੈ ਕਿ ਕੇਂਦਰ ਸਰਕਾਰ ਦਿੱਲੀ ਸਰਕਾਰ ਦੇ ਚੰਗੇ ਕੰਮਾਂ ਤੋਂ ਖ਼ੁਸ਼ ਹੋਣ ਦੀ ਬਜਾਏ ਘਬਰਾਹਟ ਵਿੱਚ ਹੈ, ਜਿਸਦਾ ਕੋਈ ਇਲਾਜ ਨਹੀਂ ਹੈ। ਅਜਿਹੀ ਸੋਧ ਨੇ ਸੰਵਿਧਾਨ ਦੀ ਮੂਲ ਭਾਵਨਾ ਖ਼ਿਲਾਫ਼ ਕੰਮ ਕੀਤਾ ਹੈ। ਅਜਿਹਾ ਸਰਕਾਰ ਅੱਗੋਂ ਨਾ ਕਰ ਸਕੇ, ਇਸ ਲਈ ਸਭ ਧਰਮ ਨਿਰਪੱਖ ਪਾਰਟੀਆਂ ਨੂੰ ਇਕੱਠੀਆਂ ਹੋ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸੰਵਿਧਾਨ ਦੀ ਰੱਖਿਆ ਹੋ ਸਕੇ। ਜੇਕਰ ਆਉਣ ਵਾਲੇ ਸਮੇਂ ਵਿੱਚ ਸੰਵਿਧਾਨ ਦੇ ਰਖਵਾਲੇ ਇਕੱਠੇ ਨਹੀਂ ਹੋਣਗੇ ਤਾਂ ਯਾਦ ਰੱਖਿਆ ਜਾਵੇ ਕਿ ਸੰਵਿਧਾਨ ਦੀਆਂ ਚੂਲਾਂ ਹਿਲਾਉਣ ਵਾਲੇ ਤਾਂ ਇਕੱਠੇ ਹੋ ਹੀ ਚੁੱਕੇ ਹਨ। ਉਹ ਇਕੱਠੇ ਹੋ ਕੇ ਅਜਿਹੀਆਂ ਸੋਧਾਂ ਪਾਸ ਕਰਾ ਰਹੇ ਹਨ- ਸ਼ਹਿਰਾਂ, ਥਾਵਾਂ, ਸਟੇਸ਼ਨਾਂ, ਸੂਬਿਆਂ ਪ੍ਰਚੱਲਤ ਯੋਜਨਾਵਾਂ ਅਤੇ ਰਾਜਧਾਨੀਆਂ ਤਕ ਦੇ ਨਾਂਅ ਬਦਲ ਰਹੇ ਹਨ। ਇਸ ਸਭ ਕਾਸੇ ਨੂੰ ਰੋਕਣ ਲਈ ਇਕੱਠੇ ਹੋਣ ਦੀ ਲੋੜ ਹੈ।

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

**ਮਾਮਲਾ ਅਰੁਣ ਨਾਰੰਗ ਦੀ ਫੈਂਟਾਂ ਫੈਂਟੀ ਦਾ**

ਮਲੋਟ ਦੇ ਲੋਕਾਂ ਨੇ ਦੁਖੀ ਹੋ ਕੇ ਜਿਸ ਤਰਾਂ ਉਥੋਂ ਦੇ ਭਾਜਪਾ ਵਿਧਾਇਕ ਅਰੁਣ ਨਾਰੰਗ ਨੂੰ ਨਾਰੰਗੀ ਵਾਂਗ ਛਿਲਕੇ ਨੰਗਾ ਕੀਤਾ, ਉਸ ਘਟਨਾ ਤੋਂ ਭਾਜਪਾ ਪ੍ਰਤੀ ਨਿਰੰਤਰ ਵੱਧ ਰਹੇ ਲੋਕ ਰੋਹ ਸਮੇਤ ਲੋਕ ਮਨ ਦੇ ਹੋਰ ਵੀ ਕਈ ਅਹਿਮ ਖੁਲਾਸੇ ਸਾਹਮਣੇ ਆਏ ਹਨ ।

ਲੋਕ-ਤੰਤਰ ਵਿੱਚ ਹਮੇਸ਼ਾ ਲੋਕ ਵੱਡੇ ਹੁੰਦੇ ਹਨ। ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦੇ, ਉਨਾਂ ਨੂੰ ਜਵਾਬਦੇਹ ਹੁੰਦੇ ਹਨ। ਜੇਕਰ ਚੁਣੀਆਂ ਗਈਆਂ ਲੋਕ ਸਰਕਾਰਾਂ ਲੋਕ ਭਲੇ ਹਿਤ ਕੰਮ ਕਰਨ ਦੀ ਬਜਾਏ ਅਹਿੱਤ ਵਿਚ ਭੁਗਤਦੀਆਂ ਹਨ ਤਾਂ ਫਿਰ ਸੱਤਾ 'ਤੇ ਕਾਬਜ਼ ਪਾਰਟੀ ਦੇ ਨੁਮਾਇੰਦਿਆਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਹੋਣ ਕਾਰਨ ਉਨਾਂ ਵਿਚ ਵਿਚਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ । ਅਜੋਕੀ ਘਟਨਾ ਇਸਦੀ ਤਾਜ਼ਾ ਮਿਸਾਲ ਹੈ ।

ਬੇਸ਼ੱਕ ਕੁੱਟ-ਮਾਰ ਤੇ ਹਿੰਸਾ ਕਰਨਾ ਕਦਾਚਿਤ ਵੀ ਉਚਿਤ ਨਹੀਂ ਠਹਿਰਾਇਆ ਜਾ ਸਕਦਾ ਪਰੰਤੂ ਇਹ ਨਿਯਮ ਕਦੇ ਵੀ ਇਕਪਾਸੜ ਵਾਂਗੂ ਨਹੀਂ ਲਾਗੂ ਕੀਤਾ ਜਾ ਸਕਦਾ, ਸਗੋਂ ਇਹ ਸਭਨਾਂ 'ਤੇ ਲਾਗੂ ਹੁੰਦਾ ਹੈ ਜਿਸ ਦਾ ਪਾਲਣ ਵੀ ਸਭਨਾਂ ਨੇ ਹੀ ਕਰਨਾ ਹੁੰਦਾ ਹੈ । ਜੇਕਰ ਇਸ ਪੱਖੋਂ ਦੇਖੀਏ ਤਾਂ ਕੇਂਦਰ ਵਿਚ ਕਾਬਜ਼ ਭਾਜਪਾ ਤਿੰਨ ਕਾਲੇ ਕਾਨੂੰਨ ਲਾਗੂ ਕਰਕੇ ਦੇਸ਼ ਦੇ ਕਿਸਾਨਾਂ ਨਾਲ ਪਿਛਲੇ ਪੌਣੇ ਕੁ ਸਾਲ ਤੋ ਧਿੰਗੋਜ਼ੋਰੀ ਕਰ ਰਹੀ ਹੈ, ਜਿਸ ਦੌਰਾਨ ਸਰਕਾਰ ਵੱਲੋਂ ਅਤਿ ਘਟੀਆ ਦਰਜੇ ਦੀ ਸਰਕਾਰੀ ਹਿੰਸਾ ਕੀਤੀ ਗਈ ਤੇ ਅੰਦੋਲਨਕਾਰੀ ਕਿਸਾਨਾ ਦੀਆ ਲਗਾਤਾਰ ਮੌਤਾਂ ਵੀ ਹੋ ਰਹੀਆਂ ਹਨ । ਹੁਣ ਤੱਕ 300 ਦੇ ਲਗਭਗ ਕਿਸਾਨ ਅੰਦੋਲਨ ਦੀ ਭੇਂਟ ਚੜ ਚੁੱਕੇ ਹਨ ਕਿ ਸਰਕਾਰ ਨੇ ਕਦੇ ਉਨਾਂ ਬਾਰੇ ਦੋ ਸ਼ਬਦ ਅਫਸੋਸ ਤੱਕ ਦੇ ਵੀ ਕਹਿਣ ਦੀ ਲੋੜ ਨਹੀਂ ਸਮਝੀ। ਕੇਂਦਰ ਦੀ ਭਾਜਪਾ ਸਰਕਾਰ ਲਗਾਤਾਰ ਨਾਲੇ ਚੋਰੀ ਤੇ ਨਾਲੇ ਸੀਨਾ ਜ਼ੋਰੀ ਦੀ ਨੀਤੀ 'ਤੇ ਚੱਲ ਰਹੀ ਹੈ । ਕੀ ਇਹ ਲਗਾਤਾਰ ਕੀਤਾ ਜਾ ਰਿਹਾ ਧੱਕਾ ਹਿੰਸਾ ਨਹੀਂ ?

ਅਰੁਣ ਨਾਰੰਗ ਦੀ ਦੁਖੇ ਹੋਏ ਲੋਕਾਂ ਦੁਆਰਾ ਕੀਤੀ ਗਈ ਫੈਂਟਾਂ ਫੈਂਟੀ ਤੋਂ ਇਹ ਵੀ ਸ਼ੰਕਾ ਪੈਦਾ ਹੁੰਦਾ ਹੈ ਕਿ ਜਿਸ ਪ੍ਰਕਾਰ ਉਸ ਦੀ ਭੁਗਤ ਸਵਾਰੀ ਗਈ, ਉਸ ਤੋਂ ਲਗਦਾ ਹੈ ਕਿ ਭਾਜਪਾ ਦੇ ਬਹੁਤੇ ਨੁਮਾਇੰਦੇ ਅਸਲ ਵਿੱਚ ਲੋਕ ਨੁਮਾਇੰਦੇ ਹੈ ਨਹੀਂ ਸਗੋਂ ਉਹ ਤਾਂ ਈ ਵੀ ਐਮ ਮਸ਼ੀਨ ਨਾਮ ਦੇ ਅਲਾਦੀਨ ਦੇ ਚਿਰਾਗ ਦੀ ਪੈਦਾਵਾਰ ਹਨ। ਜੇਕਰ ਉਹ ਲੋਕ ਨੁਮਾਇੰਦੇ ਹੁੰਦੇ ਤਾਂ ਪਿਛਲੇ ਲੰਮੇ ਸਮੇਂ ਤੋ ਚੱਲ ਰਹੇ ਕਿਰਤੀ ਕਿਸਾਨ ਸੰਘਰਸ਼ ਦੇ ਦੁੱਖਾਂ ਨੂੰ ਸਮਝ ਕੇ ਉਨਾਂ ਦੀ ਬਾਂਹ ਫੜਦੇ ਤੇ ਉਨਾਂ ਦੇ ਨਾਲ ਖੜਦੇ ।

ਇਸ ਘਟਨਾ ਤੇ ਇਸ ਤੋਂ ਪਹਿਲਾਂ ਹਰਿਆਣੇ ਦੇ ਹਿਸਾਰ ਜਿਲੇ ਚ ਮਨੋਹਰ ਲਾਲ ਖੱਟਰ ਦੀ ਰੈਲੀ ਦੇ ਸ਼ਾਮਿਆਨੇ ਨੂੰ ਤਹਿਸ ਨਹਿਸ ਕਰਨ ਵਾਲੀਆਂ ਘਟਨਾਵਾਂ ਸਮੇਤ ਦੋ ਦਿਨ ਪਹਿਲਾਂ ਬੰਗਲਾਦੇਸ਼ ਵਿਚ ਨਰਿੰਦਰ ਮੋਦੀ ਦੀ ਫੇਰੀ ਸਮੇਂ ਹੋਏ ਭਰਵੇਂ ਵਿਰੋਧ ਤੋਂ ਹੁਣ ਇਹ ਸਾਫ ਹੋ ਗਿਆ ਹੈ ਕਿ ਭਾਜਪਾ ਦੇ ਪਾਪਾਂ ਦਾ ਘੜਾ ਭਰ ਹੁਣ ਪੂਰੀ ਤਰਾਂ ਨੱਕੋ ਨੱਕ ਭਰ ਚੁੱਕਾ ਹੈ, ਲੋਕ ਇਸ ਪਾਰਟੀ ਤੋਂ ਹੀ ਨਹੀਂ ਬਲਕਿ ਹਰ ਉਸ ਗੰਦੇ ਸਿਆਸਤਦਾਨ ਤੋਂ ਬਹੁਤ ਦੁਖੀ ਹਨ ਜੋ ਲੋਕਾਂ ਦੇ ਭਲੇ ਦੀ ਬਜਾਏ ਨਿੱਜੀ ਸਵਾਰਥਾਂ ਦੀ ਪੂਰਤੀ ਵਾਸਤੇ ਸਿਆਸਤ ਵਿਚ ਆਉਂਦੇ ਤੇ ਗੰਦੀ ਸਿਆਸਤ ਕਰਦੇ ਹਨ । ਇਨਾਂ ਘਟਨਾਵਾਂ ਤੋਂ ਇੰਝ ਲਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਤਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਹੋ ਸਕਦੀਆਂ ਹਨ । ਕੁੱਝ ਨੇਤਾ ਇਸ ਘਟਨਾ ਨੂੰ ਪੰਜਾਬ ਵਿਚ ਅਮਨ ਕਾਨੂੰਨ ਦੀ ਵਿਗੜੀ ਹੋਈ ਹਾਲਤ ਨਾਲ ਜੋੜ ਰਹੇ ਹਨ । ਜੇਕਰ ਇਹ ਘਟਨਾ ਅਮਨ ਕਾਨੂੰਨ ਦੀ ਹੈ ਤਾਂ ਫਿਰ ਇਹ ਸੋਚਣਾ ਵੀ ਜ਼ਰੂਰੀ ਹੈ ਕਿ ਇਸ ਨੂੰ ਪੈਦਾ ਕਿਸ ਨੇ ਕੀਤਾ ਹੈ ? ਭੜਕੇ ਹੋਏ ਲੋਕਾਂ ਨੇ ਭਾਜਪਾ ਵਿਧਾਇਕ ਦੀ ਹੀ ਫੈਂਟੀ ਕਿਉਂ ਫੇਰੀ ? ਦਰਅਸਲ ਮੁਲਕ ਵਿਚ ਜੋ ਹਾਲਾਤ ਪੈਦਾ ਹੋ ਰਹੇ ਹਨ, ਉਨਾਂ ਦੀ ਜ਼ੁੰਮੇਵਾਰ ਕੇਂਦਰ ਸਰਕਾਰ ਹੈ। ਕਿਸਾਨਾਂ ਨਾਲ ਧੱਕਾ, ਤੇਲ ਦੀਆਂ ਕੀਮਤਾਂ, ਹਿਰਨ ਛੜੱਪੇ ਮਾਰਕੇ ਨਿਰੰਤਰ ਵੱਧ ਰਹੀ ਮਹਿੰਗਾਈ, ਵੱਧ ਰਹੀ ਬੇਰੁਜ਼ਗਾਰੀ, ਲੋਕਾਂ ਉੱਤੇ ਲਗਾਤਾਰ ਟੈਕਸਾਂ ਦਾ ਵਧਾਇਆ ਜਾ ਰਿਹਾ ਭਾਰ, ਸਰਕਾਰੀ ਅਦਾਰਿਆਂ ਦੇ, ਧੰਨਾ ਸੇਠਾਂ ਨਾਲ ਇਕ ਤੋਂ ਬਾਅਦ ਇਕ ਸੌਦੇ, ਗਲਤ ਸਰਕਾਰੀ ਨੀਤੀਆਂ, ਲੋਕ ਵਿਰੋਧੀ ਕਾਨੂੰਨ ਤੇ ਵੋਟਾਂ ਵੇਲੇ ਦਿਖਾਏ ਜਾਂਦੇ ਵੱਡੇ ਵੱਡੇ ਸਬਜਬਾਗ ਆਦਿ ਲੋਕਾਂ ਵਿਚ ਫੈਲ ਰਹੀ ਘਬਰਾਹਟ, ਰੋਸ, ਬੇਚੈਨੀ ਤੇ ਅਰਾਜਕਤਾ ਦਾ ਮੂਲ ਕਾਰਨ ਹਨ। ਇਸ ਕਰਕੇ ਕੇਂਦਰ ਸਰਕਾਰ ਦੀ ਹਾਲਤ ਇਸ ਵੇਲੇ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ਵਾਲੀ ਬਣੀ ਹੋਈ ਹੈ ਤੇ ਇਸ ਤਰਾਂ ਦੀ ਹਾਲਤ ਜਦੋਂ ਕਿਸੇ ਦੀ ਵੀ ਹੋ ਜਾਵੇ ਤਾਂ ਸਮਝੋ ਕਿ ਉਸ ਦੇ ਦਿਨ ਪੁੱਗ ਚੁੱਕੇ ਹੁੰਦੇ ਹਨ।

ਦੇਸ਼ ਦੇ ਲੋਕ ਹੁਣ ਜਾਗ ਚੁੱਕੇ ਹਨ ਜਿਸ ਕਰਕੇ ਹਿੰਦੁਤਵੀ ਫਿਰਕੂ ਪੱਤਾ, ਪਾਕਿਸਤਾਨ ਨੂੰ ਡਰਾਉਣਾ ਜਿਨ ਬਣਾ ਕੇ ਪੇਸ਼ ਤੇ ਪ੍ਰਚਾਰ ਕਰਕੇ ਲੋਕ ਹਮਦਰਦੀ ਬਟੋਰਨ ਆਦਿ ਦੇ ਢੰਗ ਤਰੀਕੇ ਹੁਣ ਬਹੁਤ ਪੁਰਾਣੇ ਤੇ ਘਿਸੇ ਪਿੱਟੇ ਬਣ ਚੁੱਕੇ ਹਨ।

ਅਰੁਣ ਨਾਰੰਗ ਵਾਲੀ ਘਟਨਾ ਕੁੱਝ ਇਸੇ ਤਰਾਂ ਦੇ ਹਾਲਾਤਾਂ ਦਾ ਸਿੱਟਾ ਹੈ ਜਿਸ ਵਾਸਤੇ ਪੰਜਾਬ ਸਰਕਾਰ ਦੀ ਬਜਾਏ ਕੇਂਦਰ ਸਰਕਾਰ ਜ਼ਿੰਮੇਵਾਰ ਹੈ। ਇਹ ਮਸਲਾ ਅਮਨ ਕਾਨੂੰਨ ਦਾ ਨਹੀਂ ਬਲਕਿ ਮਸਲਾ ਕੇਂਦਰ ਸਰਕਾਰ ਵੱਲੋਂ ਮੁਲਕ ਦੇ ਲੋਕਾਂ ਨਾਲ ਲਗਾਤਾਰ ਕੀਤੇ ਜਾ ਰਹੇ ਧੱਕਿਆਂ ਦਾ ਹੈ, ਸਰਕਾਰੀ ਦੁਰ-ਪ੍ਰਬੰਧ ਹੈ ਦਾ ਹੈ । ਇਹ ਘਟਨਾ ਇਕੱਲੇ ਕਿਸਾਨ ਵਿਰੋਧੀ ਬਿੱਲਾਂ ਦੀ ਹੀ ਨਹੀਂ ਬਲਕਿ ਸਮਾਜ ਦੇ ਹਰ ਵਰਗ ਵਿਚ ਫੈਲੀ ਘਬਰਾਹਟ ਤੇ ਬੇਚੈਨੀ ਦਾ ਸਿੱਟਾ ਹੈ । ਸਿਆਸੀ ਪਾਰਟੀਆਂ ਤੇ ਨੇਤਾਵਾਂ ਨੂੰ ਇਸ ਘਟਨਾ ਉੱਤੇ ਗੰਦੀ ਸਿਆਸਤ ਕਰਨ ਦੀ ਬਜਾਏ ਘਟਨਾ ਦੇ ਜ਼ਮੀਨੀ ਕਾਰਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਨਿੱਤ ਦਿਨ ਅਜਿਹੀਆਂ ਘਟਨਾਵਾਂ ਵਾਪਰਨ ਕਿ ਵੱਖ ਵੱਖ ਸਿਆਸੀ ਪਾਰਟੀਆਂ ਦੇ ਕਥਿਤ ਲੋਕ ਨੁਮਾਇੰਦਿਆਂ ਦਾ ਘਰੋਂ ਬਾਹਰ ਨਿਕਲਕੇ ਜਨਤਾ ਵਿਚ ਵਿਚਰਨਾ ਮੁਸ਼ਕਲ ਹੋ ਜਾਏ ।

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)**

## ਬੰਗਾਲ ਵਿਚ ਕਾਮਰੇਡਾਂ...

ਉਹਨਾਂ ਇਹ ਵੀ ਦੱਸਿਆ ਕਿ ਸਾਨੂੰ ਸਿੱਖਿਆ ਦਿੱਤੀ ਗਈ ਕਿ ਕਿਵੇਂ ਹਿੰਦੂ ਸ੍ਰੇਸ਼ਠ ਹਨ ਅਤੇ ਕਿਵੇਂ ਮੁਸਲਮਾਨ ਵਰਗੇ ਘੱਟ-ਗਿਣਤੀ ਭਾਈਚਾਰੇ ਹਿੰਦੂਆਂ ਦੇ ਪਵਿੱਤਰ ਪ੍ਰਤੀਬਿੰਬਾਂ ਜਿਵੇਂ ਕਿ ਗਊ ਦਾ ਨਿਰਾਦਰ ਅਤੇ ਤਸਕਰੀ ਕਰਦੇ ਹਨ?

ਪੱਛਮੀ ਬੰਗਾਲ ਤੋਂ ਖੱਬੇ ਪੱਖੀ ਆਗੂ ਆਇਸ਼ਾ ਖਾਤੂੰ ਨੇ ਸਮੁੱਚੇ ਵਰਤਾਰੇ ਨੂੰ ਖੱਬੇਪੱਖੀਆਂ ਦੀ ਵੱਡੀ ਗਲਤੀ ਕਰਾਰ ਦਿੱਤਾ ਅਤੇ ਕਿਹਾ, "ਕੁੱਝ ਖੱਬੇਪੱਖੀਆਂ ਦਾ ਭੁਲੇਖਾ ਹੈ ਕਿ ਉਹ ਭਾਜਪਾ ਨਾਲ ਮਿਲ ਕੇ ਤਰਿਣਮੂਲ ਕਾਂਗਰਸ ਨੂੰ ਰਸਤੇ ਵਿੱਚੋਂ ਹਟਾ ਦੇਣਗੇ ਅਤੇ ਫਿਰ ਆਪਣਾ ਵੋਟ-ਬੈਂਕ ਬਹਾਲ ਕਰਕੇ ਵਾਪਿਸ ਆ ਜਾਣਗੇ। ਪਰ ਇਹ ਇਸ ਤਰਾਂ ਕੰਮ ਨਹੀਂ ਕਰਦਾ। ਜਨਤਾ ਕਿਸੇ ਦੇ ਪਿਉ ਦੀ ਜਾਗੀਰ ਨਹੀਂ ਬਣਦੀ।"

## ਜਥੇਦਾਰਾਂ ਨੇ ਚੀਫ ਖਾਲਸਾ...

ਉਸਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਜਾਵੇ। ਇਸ ਤੋਂ ਇਲਾਵਾ ਇਹ ਆਦੇਸ਼ ਵੀ ਦਿੱਤਾ ਗਿਆ ਹੈ ਕਿ ਪਿਛਲੇ ਸਮੇਂ ਦੀਵਾਨ ਦੇ ਸੰਵਿਧਾਨ ਵਿੱਚ ਸੋਧ ਦੇ ਨਾਂ ਹੇਠ ਅਕਾਲ ਤਖਤ ਦੀ ਸਰਪ੍ਰਸਤੀ ਖ਼ਤਮ ਕੀਤੀ ਗਈ ਸੀ, ਉਸ ਮੱਦ ਨੂੰ ਮੁੜ ਸਰਬਸੰਮਤੀ ਨਾਲ ਸੰਵਿਧਾਨ ਵਿਚ ਸ਼ਾਮਲ ਕੀਤਾ ਜਾਵੇ।

ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਆਖਿਆ ਕਿ ਦੋ ਦਿਨਾਂ ਵਿਚ ਲੋੜੀਂਦੇ ਦਸਤਾਵੇਜ਼ ਅਕਾਲ ਤਖਤ 'ਤੇ ਸੌਂਪ ਦਿੱਤੇ ਜਾਣਗੇ। ਉਨਾਂ ਦੇ ਨਾਲ ਭਾਗ ਸਿੰਘ ਅਣਖੀ, ਡਾ. ਇੰਦਰਬੀਰ ਸਿੰਘ ਨਿੱਜਰ, ਸਵਿੰਦਰ ਸਿੰਘ ਕੱਥੂਨੰਗਲ, ਅਜੀਤ ਸਿੰਘ ਬਸਰਾ, ਹਰਮਿੰਦਰ ਸਿੰਘ ਫਰੀਡਮ ਆਦਿ ਅਕਾਲ ਤਖਤ 'ਤੇ ਪੇਸ਼ ਹੋਏ ਹਨ। ਉਨਾਂ ਕਿਹਾ ਜੇਕਰ ਸਰਕਾਰ ਨੇ ਕਰੋਨਾ ਕਾਰਨ ਰੋਕਾਂ ਲਾਉਣੀਆਂ ਹਨ ਤਾਂ ਲੋਕਾਂ ਨੂੰ ਇਸ ਦੇ ਬਦਲੇ ਵਿਦੇਸ਼ੀ ਸਰਕਾਰਾਂ ਵਾਂਗ ਗੁਜ਼ਾਰੇ ਵਾਸਤੇ ਮਾਇਕ ਮਦਦ ਦਿੱਤੀ ਜਾਵੇ। ਉਨਾਂ ਕਿਹਾ ਕਿ ਇਹ ਰੋਕਾਂ ਲਾਉਣ ਦਾ ਮਤਲਬ ਗਰੀਬ ਤੋਂ ਉਸਦੀ ਰੋਜ਼ੀ ਰੋਟੀ ਖੋਹਣਾ ਹੈ।

## 'ਅਬਲਾ ਜੀਵਨ ਹਾਏ ਤੇਰੀ...

ਬੁੱਧ ਦਾ ਕਹਿਣਾ ਹੈ ਕਿ ਇਸਤਰੀ ਦਾ ਤੁਹਾਡੇ ਤੱਕ ਪਰਛਾਵਾਂ ਵੀ ਨਹੀਂ ਪੈਣਾ ਚਾਹੀਦਾ। 'ਕੀਥ' ਲਿਖਦਾ ਹੈ ਕਿ ਸਭ ਧਰਮਾਂ ਨੇ ਇਸਤਰੀ ਨਾਲ ਧੱਕਾ ਕੀਤਾ ਹੈ ਪ੍ਰੰਤੂ ਜੋ ਧੱਕਾ ਬ੍ਰਾਹਮਣਾਂ ਨੇ ਇਸਤਰੀ ਨਾਲ ਕੀਤਾ ਹੈ ਉਹ ਹੋਰ ਕਿਸੇ ਧਰਮ ਨੇ ਨਹੀਂ ਕੀਤਾ।

ਗੁਰਮਿਤ ਦਾ ਪੱਖ : ਜਿੱਥੇ ਸਿੱਖ ਕੌਮ ਦਾ ਛੂਆ-ਛੂਤ, ਜਾਤ-ਪਾਤ, ਊਚ-ਨੀਚ ਦਾ ਭਰਤ ਲੋਕਾਂ ਵਿੱਚੋਂ ਨਿਕਲਿਆ ਨਾਲ ਹੀ ਸਿੱਖ ਸਮਾਜ ਵਿੱਚ ਇਸਤਰੀ-ਮਰਦ ਨੂੰ ਬਰਾਬਰ ਦਾ ਦਰਜਾ ਦਿੱਤਾ। ਜਗਤ ਗੁਰੂ ਨਾਨਕ ਦੇਵ ਜੀ ਭਾਰਤ ਦੇ ਗਗਨ ਮੰਡਲ ਉੱਤੇ ਸਰਬ-ਮਾਨਵਤਾ ਦਾ ਪੈਗਾਮ ਲੈ ਕੇ ਆਏ ਤਾਂ ਨਵੀਂਆਂ ਉਮੰਗਾਂ, ਨਵੀਂਆਂ ਆਸਾਂ ਦਾ ਪ੍ਰਕਾਸ਼ ਫੈਲਣ ਲੱਗਾ। ਗੁਰੂ ਨਾਨਕ ਸਾਹਿਬ ਨੇ ਇਸਤਰੀ ਦੀ ਮੰਦਹਾਲੀ ਭਰੇ ਜੀਵਨ ਵਿੱਚ ਸੁਧਾਰ ਲਿਆਉਣ ਦੀ ਅਵਾਜ਼ ਉਠਾਈ। ਗੁਰੂ ਨਾਨਕ ਸਾਹਿਬ ਅਜਿਹੇ ਹੀ ਇਨਕਲਾਬੀ ਸਨ ਜਿਨਾਂ ਨੇ ਔਰਤ ਦੀ ਮਹਾਨਤਾ ਨੂੰ ਪਛਾਣਦੇ ਹੋਏ ਇਸ ਮਰਦ ਪ੍ਰਧਾਨ ਸਮਾਜ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ :

ਭੰਡ ਮੂਆ ਭੰਡ ਭਾਲੀਐ, ਭੰਡ ਹੋਵੈ ਬੰਧਾਨ।
ਸੋ ਕਿਉ ਮੰਦਾ ਆਖੀਐ, ਜਿਤੁ ਜੰਮੈ ਰਾਜਾਨੁ।

ਸੱਚ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਅਸੀਂ ਉਸ ਨੂੰ ਹੀ ਮਾਰ ਰਹੇ ਹਾਂ ਜਿਸ ਨੇ ਸਾਨੂੰ ਜਨਮਿਆ ਹੈ। ਮਾਰਿਆ ਤਾਂ ਉਸ ਨੂੰ ਜਾਂਦਾ ਹੈ ਜੋ ਕਿਸੇ 'ਤੇ ਕਹਿਰ ਕਮਾਉਂਦਾ ਹੈ ਪਰ ਔਰਤ, ਔਰਤ ਤਾਂ ਸਿਰਫ ਜਨਮ ਹੀ ਦੇ ਸਕਦੀ ਹੈ, ਕਿਸੇ ਨੂੰ ਮਾਰ ਨਹੀਂ ਸਕਦੀ। ਗੁਰੂ ਨਾਨਕ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਬੀਬੀ ਖੀਵੀ (ਅੰਗਦ ਦੇਵ ਜੀ ਦੀ ਸੁਪਤਨੀ) ਨੂੰ ਗੁਰੂ ਕੇ ਲੰਗਰ ਦਾ ਇੰਚਾਰਜ ਬਣਾ ਕੇ ਉਨਾਂ ਨੂੰ ਸਨਮਾਨਜਨਕ ਸਥਾਨ ਦਿੱਤਾ।

ਫਿਰ ਤੀਸਰੇ ਗੁਰੂ ਨਾਨਕ ਸਾਹਿਬ ਗੁਰੂ ਅਮਰਦਾਸ ਜੀ ਨੇ ਸਤੀ ਜਿਹੀ ਘਿਨਾਉਣੀ ਰੀਤ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਸਤੀ ਦੀ ਸਹੀ ਪਰਿਭਾਸ਼ਾ ਦੱਸਦਿਆਂ ਆਖਿਆ :

ਸਤੀਆ ਏਹਿ ਨ ਆਖੀਅਨਿ, ਜੋ ਮੜੀਆ ਲਹਿ ਜਲੰਨਿ।।
ਨਾਨਕ ਸਤੀ ਜਾਨੀਅਨਿ, ਜਿ ਬਿਰਹਿ ਚੋਟ ਮਰੰਨਿ।।

ਗੁਰੂ ਜੀ ਅਨੁਸਾਰ ਸਤੀਆਂ ਉਹ ਹਨ ਜੋ ਆਪਣੇ ਪਤੀ ਦੀ ਮੌਤ ਤੋਂ ਬਾਅਦ ਉਸਦ ਵਿਛੋੜੇ ਦੀ ਅੱਗ ਵਿੱਚ ਸੜ ਕੇ ਜਾਨ ਦਿੰਦੀਆਂ ਹਨ।

ਗੁਰੂ ਸਾਹਿਬ ਨੇ ਉਕਤ ਵਿਚਾਰਾਂ ਨੂੰ ਲੋਕਾਂ ਦੇ ਦਿਲਾਂ ਵਿੱਚ ਸਮੋਂ ਦੇਣ ਲਈ ਹੁਕਮਨਾਮੇ ਜਾਰੀ ਕੀਤੇ ਤਾਂ ਕਿ ਲੋਕ ਇਸ ਭੈੜੀ ਰਸਮ ਦਾ ਡਟ ਕੇ ਵਿਰੋਧ ਕਰਨ। ਹੁਣ ਲੋਕ ਸਤੀ ਪ੍ਰਥਾ ਤੋਂ ਤਾਂ ਛੁਟਕਾਰਾ ਪਾ ਚੁੱਕੇ ਹਨ ਪ੍ਰੰਤੂ ਹੁਣ ਸਮਸਿਆ ਸੀ ਵਿਧਵਾਵਾਂ ਦੇ ਪੁਨਰ ਵਸੇਬੇ ਦੀ। ਫਿਰ ਗੁਰੂ ਸਾਹਿਬ ਨੇ ਪੁਨਰ ਵਿਆਹ ਦੀ ਰੀਤ ਚਲਾਈ। ਵਿਧਵਾਵਾਂ ਦੇ ਪੁਨਰ ਵਿਆਹ ਕਰਨ ਤੋਂ ਪੰਡਤਾਂ ਨੇ ਨਾਂਹ ਕਰ ਦਿੱਤੀ। ਫਿਰ ਗੁਰੂ ਸਾਹਿਬ ਨੇ ਗੁਰਮਤਿ ਢੰਗ ਨਾਲ ਆਨੰਦ ਕਾਰਜ ਦੀ ਰਸਮ ਚਲਾ ਕੇ ਵਿਆਹ ਨੂੰ ਆਤਮਿਕ ਬੰਧਨ ਵਿੱਚ ਬੱਝ ਜਾਣ ਵਾਲਾ ਸੁੱਚਾ ਕਰਮ ਗਰਦਾਨਿਆ ਜਿਸ ਵਿੱਚ ਮਰਦ ਤੇ ਔਰਤ ਦੋਨੋਂ ਬਰਾਬਰ ਦੇ ਸਾਂਝੀਵਾਲ ਤੇ ਦੁੱਖ-ਸੁੱਖ ਦੇ ਭਾਈਵਾਲ ਬਣ ਗਏ। ਗੁਰੂ ਰਾਮ ਦਾਸ ਜੀ ਨੇ ਚਾਰ ਲਾਵਾਂ ਰਚ ਕੇ ਗ੍ਰਹਿਸਥੀ ਜੀਵਨ ਨੂੰ ਅਧਿਆਤਮਿਕ ਸਿਖਰਾਂ ਛੂੰਹਦੀਆਂ ਮੰਜ਼ਲਾਂ ਨਾਲ ਜਾ ਜੋੜਿਆ। ਗੁਰੂ ਅਮਰਦਾਸ ਜੀ ਨੇ ਔਰਤ ਦੁਆਰਾ ਘੁੰਡ ਕੱਢਣ ਦਾ ਵੀ ਵਿਰੋਧ ਕੀਤਾ। ਗੁਰੂ ਅਮਰਦਾਸ ਜੀ ਨੇ ਫਰਮਾਇਆ ਕਿ ਜੇ ਔਰਤ ਮਰਦ ਦੇ ਬਰਾਬਰ ਹੈ ਤਾਂ ਔਰਤ ਨੂੰ ਮਰਦ ਤੋਂ ਪਰਦਾ ਕਿਉਂ? ਪਰਦਾ ਅਧੀਨਗੀ ਦੀ ਨਿਸ਼ਾਨੀ ਸਮਝਦੇ ਹੋਏ ਉਨਾਂ ਹੁਕਮ ਦਿੱਤਾ ਕਿ ਕੋਈ ਬੀਬੀ ਅਗਰ ਪਰਦਾ ਜਾਂ ਘੁੰਡ ਕੱਢ ਕੇ ਦਰਬਾਰ ਵਿੱਚ ਆਵੇ ਤਾਂ ਉਸ ਨੂੰ ਵਰਜ ਦਿੱਤਾ ਜਾਵੇ। ਇਸ ਪ੍ਰਕਾਰ ਉਹਨਾਂ ਔਰਤ ਵਰਗ ਨੂੰ ਸਮਝਾਉਂਦਿਆਂ ਕਿਹਾ ਕਿ ਬੀਬੀਆਂ ਲਈ ਪਰਦਾ ਸ਼ਰਮ ਤੇ ਹਯਾ ਦਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ ਵੱਲੋਂ 'ਔਰਤ ਸਨਮਾਨ' ਲਹਿਰ ਨੂੰ ਮਗਰੋਂ ਨਾਮਧਾਰੀ ਸਿੱਖਾਂ ਨੇ ਆਪਣੇ ਹੱਥਾਂ ਵਿੱਚ ਲੈ ਕੇ ਇਸ ਖੇਤਰ ਵਿੱਚ ਸ਼ਲਾਘਾਯੋਗ ਹਿੱਸਾ ਪਾਇਆ। ਬਾਬਾ ਰਾਮ ਸਿੰਘ ਜੀ ਨੇ ਔਰਤਾਂ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਕੀਰਤਨ ਦੀ ਪੂਰੀ ਖੁੱਲ ਦਿੱਤੀ। ਇਸ ਸਿਲਸਿਲੇ ਵਿੱਚ ਮਾਈ ਖੇਮ ਕੌਰ ਦੇ ਨਾਂ ਵਰਨਣਯੋਗ ਹਨ। ਜੋ ਬਹਾਦਰੀ, ਤਿਆਗ, ਕੁਰਬਾਨੀ ਤੇ ਦਇਆ ਦੀਆਂ ਮੂਰਤੀਆਂ ਬਣ ਕੇ ਸਿੱਖ ਸਮਾਨ ਵਿੱਚ ਉਜਾਗਰ ਹੋਈਆਂ। ਸਿੱਖਾਂ ਦੇ ਔਰਤਾਂ ਪ੍ਰਤੀ ਇਸ ਪ੍ਰਚਾਰ ਦਾ ਸਦਕਾ ਹੀ ਇਸ ਗੱਲ ਪੰਜਾਬ ਦੇ ਘਰ-ਘਰ ਗੂੰਜਣ ਲੱਗ ਗਈ ਸੀ।

**ਨਾਰੀ ਨਿੰਦਾ ਮਤ ਕਰੈ, ਨਾਰੀ ਨਰ ਦੀ ਕਾਨ (ਖਾਨ)**
ਨਾਰੀ ਤੇ ਨਰ ਉਪਜੈ, ਧਰੂ, ਪ੍ਰਹਿਲਾਦ ਸਮਾਨ।

ਸਿੱਖ ਸਮਾਜ ਵਿੱਚ ਇਸਤਰੀ ਨੂੰ ਮਰਦ ਤੋਂ ਅੱਗੇ ਸਮਝਣ ਦੀ ਪਿਰਤ ਪੈ ਗਈ ਕਿਉਂਕਿ ਸਿੱਖ ਇਤਿਹਾਸ ਗਵਾਹ ਹੈ ਕਿ ਸੂਰਬੀਰ ਸਿੱਖ ਬੀਬੀਆਂ ਨੇ ਆਪਣੇ ਪਤੀਆਂ, ਭਰਾਵਾਂ, ਪੁੱਤਰਾਂ ਨਾਲ ਮੋਢਾ ਜੋੜ ਕੇ ਮੈਦਾਨ-ਏ- ਜੰਗ ਵਿੱਚ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ। ਸਿੱਖੀ ਸਿਦਕ ਦੀਆਂ ਧਾਰਨੀਆਂ ਸਿੰਘਣੀਆਂ ਨੇ ਜੇਲਾਂ ਵਿੱਚ ਸਵਾ-ਸਵਾ ਮਣ ਦੇ ਪੀਸਣੇ ਪੀਸੇ, ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ, ਖੰਨੀ-ਖੰਨੀ ਰੋਟੀ ਖਾ ਕੇ ਗੁਜ਼ਾਰਾ ਕੀਤਾ ਤੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਇਹੀ ਕਾਰਨ ਹੈ ਕਿ ਉਨਾਂ ਦੇ ਉੱਚੇ-ਸੁੱਚੇ ਇਖਲਾਕ ਤੇ ਸਿੱਖੀ ਜੀਵਨ ਵਿੱਚ ਪਰਪੱਕ ਹੋਣ ਕਾਰਨ ਹੀ ਸਿੱਖਾਂ ਦੀ ਨਿੱਤ ਦੀ ਅਰਦਾਸ ਵਿੱਚ ਇਨਾਂ ਸੁਰਬੀਰ ਵੀਰਾਗਣਾਂ ਦਾ ਸ਼ਾਨਦਾਰ ਵਰਨਣ ਆਉਂਦਾ ਹੈ, ਜਿਨਾਂ ਨੇ ਆਪਣੀ ਹਿੰਮਤ ਦਾ ਸਦਕਾ ਹੀ ਇਤਿਹਾਸ ਨੂੰ ਨਵੀਂ ਸੇਧ ਦਿੱਤੀ। ਮਾਤਾ ਸੁੰਦਰੀ ਨੇ ਸਿੱਖ ਕੌਮ ਦੀ ਅਗਵਾਈ ਕੀਤੀ। ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੈ। ਮਾਤਾ ਭਾਗ ਕੌਰ ਨੇ 40 ਬੇਦਾਵੀਏ ਸਿੰਘਾਂ ਦੀ ਅਗਵਾਈ ਕਰਕੇ ਖਿਦਰਾਣੇ ਦੀ ਢਾਬ 'ਤੇ ਜਾ ਕੇ ਮੁਗਲਾਂ ਨਾਲ ਜੰਗ ਲੜੀ ਤੇ ਬੇਦਾਵੀਏ ਸਿੰਘਾਂ ਦੀ ਟੁੱਟੀ ਗੰਢੀ। ਮਾਤਾ ਸਦਾ ਕੌਰ, ਬੀਬੀ ਸਾਹਿਬ ਕੌਰ (ਜੋ ਮਰਹੱਟਿਆਂ ਨਾਲ ਲੜੀ) ਬੀਬੀ ਸ਼ਰਨ ਕੌਰ ਜੋ ਸੁਨੇਹਾ ਲੈ ਕੇ ਉਸ ਸਮੇਂ ਬਿਖੜੇ ਪੈਂਡੇ ਝਲਦੀ ਹੋਈ ਲਾਹੌਰ ਪੁੱਜੀ, ਦੇ ਨਾਂ ਵਰਨਣਯੋਗ ਹਨ।

ਅੰਤ ਵਿੱਚ ਗੁਰਮਿਤ ਨੇ ਇਸਤਰੀ ਨੂੰ ਇੰਨਾ ਮਹਾਨ ਦਰਜਾ ਦਿੱਤਾ ਹੈ ਕਿ ਅਜਿਹੀ ਮਿਸਾਲ ਸੰਸਾਰ ਭਰ ਵਿੱਚ ਕਿਤੇ ਨਹੀਂ ਮਿਲਦੀ। ਗੁਰੂ ਸਾਹਿਬਾਨ ਨੇ ਤਾਂ ਪ੍ਰਮਾਤਮਾ ਨੂੰ ਪਤੀ ਦਾ ਦਰਜਾ ਦੇ ਕੇ ਸਾਰੇ ਸੰਸਾਰ ਦੇ ਜੀਵਾਂ ਨੂੰ ਇਸਤਰੀ ਦਾ ਰੂਪ ਦਰਸਾ ਕੇ ਨਾ ਸਿਰਫ ਇਸਤਰੀ ਦੀ ਜੂਨ ਨੂੰ ਸਨਮਾਨਿਆ, ਸਗੋਂ ਪ੍ਰਮਾਤਮਾ ਦੇ ਜੀ ਨਾਲ ਰਿਸ਼ਤੇ ਨੂੰ ਸਮਝਣ ਵਿੱਚ ਏਨਾ ਸੁਖਾਲਾ ਕਰ ਦਿੱਤਾ ਹੈ ਕਿ ਜਿਸ ਦੀ ਮਿਸਾਲ ਹਰ ਜੀਵ ਆਪਣੇ ਨਿੱਜੀ ਜੀਵਨ ਵਿਚੋਂ ਸਮਝ ਸਕਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜੇਕਰ ਕਿਸੇ ਕੌਮ ਨੂੰ ਤਰੱਕੀ ਦੀਆਂ ਸਿਖਰਾਂ ਤੇ ਪਹੁੰਚਾਉਣਾ ਹੋਵੇ ਤਾਂ ਉਸ ਕੌਮ ਦੀਆਂ ਖੂਬੀਆਂ ਇਸਤਰੀ ਜਗਤ ਵਿੱਚ ਭਰ ਦਿਓ।

## ਕਿਸਾਨ ਅੰਦੋਲਨ ਵਿਚ...

ਪੰਜਾਬੀ ਲੋਕ ਆਪਣੀ ਭਾਸ਼ਾ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਸ਼ਾਮਲ ਕਰ ਰਹੇ ਹਨ। ਦੂਜੇ ਸੂਬਿਆਂ ਦੇ ਲੋਕ ਜੋ ਦਿੱਲੀ ਦੀਆਂ ਵੱਖ ਵੱਖ ਹੱਦਾਂ ਉੱਤੇ ਬੈਠੇ ਹਨ, ਉਹ ਪੰਜਾਬੀਆਂ ਦੀ ਗੱਲਬਾਤ ਨੂੰ ਸਮਝਣ ਦੀ ਕੋਸ਼ਿਸ਼ ਵਿਚ ਪੰਜਾਬੀ ਭਾਸ਼ਾ ਦੇ ਸ਼ਬਦਾਂ ਨੂੰ ਬੋਲ, ਸੁਣ ਅਤੇ ਸਮਝ ਰਹੇ ਹਨ। ਇਨਾਂ ਹੱਦਾਂ ਉੱਤੇ ਪੰਜਾਬੀ ਪੱਤਰਕਾਰਾਂ ਵੱਲੋਂ ਪੁੱਛੇ ਜਾਣ ਵਾਲੇ ਸੁਆਲ ਵੀ ਪੰਜਾਬੀ ਵਿਚ ਹੀ ਹੁੰਦੇ ਹਨ ਅਤੇ ਵਾਹ ਲੱਗਦੇ ਦੂਜੇ ਸੂਬਿਆਂ ਦੇ ਕਿਸਾਨ ਆਗੂ ਵੀ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ।

ਕਿਸਾਨੀ ਅੰਦੋਲਨ ਰਾਹੀਂ ਸਮਾਜ ਵਿਚ ਔਰਤ ਦੀ ਭੂਮਿਕਾ ਨੂੰ ਵੀ ਨਵੇਂ ਜ਼ਾਵੀਏ ਤੋਂ ਘੜਿਆ ਜਾ ਰਿਹਾ ਹੈ। ਪੰਜਾਬ ਅਤੇ ਦੂਜੇ ਪ੍ਰਾਂਤਾਂ ਦੀਆਂ ਔਰਤਾਂ ਅਤੇ ਬੱਚੀਆਂ ਵੱਖ ਵੱਖ ਥਾਵਾਂ ਉੱਤੇ ਸੰਘਰਸ਼ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ। ਮਾਈ ਭਾਗੋ ਦੀਆਂ ਵਾਰਸ ਇਹ ਪੰਜਾਬਣਾਂ ਲੰਗਰ ਬਣਾਉਣ ਤੋਂ ਲੈ ਕੇ ਪਾਣੀ ਦੀਆਂ ਬੁਛਾੜਾਂ (ਸਰਕਾਰੀ ਜਬਰ) ਦਾ ਵੀ ਡਟ ਕੇ ਮੁਕਾਬਲਾ ਕਰ ਰਹੀਆਂ ਹਨ।

ਅੱਜ ਕਿਸਾਨੀ ਅੰਦੋਲਨ ਦੇ ਮਾਧਿਅਮ ਰਾਹੀਂ ਸਮੁੱਚਾ ਸੰਸਾਰ ਪੰਜਾਬੀਆਂ ਦੇ ਅਸਲ ਕਿਰਦਾਰ ਤੋਂ ਜਾਣੂ ਹੋਇਆ ਹੈ। ਭਾਰਤ ਅਤੇ ਸੰਸਾਰ ਦੇ ਹੋਰ ਖੇਤਰਾਂ ਵਿਚ ਜਿੱਥੇ ਪਹਿਲਾਂ ਲੋਕ ਪੰਜਾਬੀਆਂ ਨੂੰ ਕੇਵਲ 'ਉੜਤਾ ਪੰਜਾਬ' ਅਤੇ ਵਿਅੰਗਾਤਮਕ ਪਾਤਰ ਰਾਹੀਂ ਹੀ ਜਾਣਦੇ ਸੀ, ਉੱਥੇ ਹੁਣ ਉਹ ਪੰਜਾਬੀਆਂ ਨੂੰ ਲੋਕ ਆਗੂ, ਹਿੰਮਤੀ, ਮਿਹਨਤੀ, ਸਹਿਣਸ਼ੀਲ, ਅਹਿੰਸਾ ਦੇ ਪੁਜਾਰੀ, ਜਬਰ ਦਾ ਵਿਰੋਧ ਕਰਨ ਵਾਲੇ ਸੰਸਾਰ ਨਾਇਕ ਪੰਜਾਬੀ ਚਰਿੱਤਰ ਤੋਂ ਵੀ ਜਾਣੂ ਹੋਇਆ ਹੈ। ਪੰਜਾਬੀਆਂ ਨੇ ਇਹ ਅੰਦੋਲਨ ਬਰਾਬਰੀ ਦੇ ਮੁਹਾਵਰੇ ਨਾਲ ਸਰਬ-ਸਾਂਝੀਵਾਲਤਾ ਦਾ ਹੋਕਾ ਦਿੰਦਿਆਂ ਆਪਣੇ ਚਰਿੱਤਰ ਦੀ ਖ਼ਾਸੀਅਤ ਨਾਲ ਖੜਾ ਕੀਤਾ ਹੈ। ਅੱਜ ਅਸੀਂ ਕਿਸਾਨ ਮਜ਼ਦੂਰ ਏਕਤਾ ਬਣਾ ਕੇ ਜਿਥੇ ਸਮਾਜਿਕ ਆਰਥਿਕ ਦੂਰੀਆਂ ਮਿਟਾ ਰਹੇ ਹਾਂ, ਉਥੇ ਹੀ ਔਰਤ ਕਿਸਾਨ ਦਿਵਸ ਮਨਾ ਕੇ ਸੰਸਾਰ ਨੂੰ ਇਕ ਨਵੇਂ ਮਹਾਂਦ੍ਰਿਸ਼ ਤੋਂ ਜਾਣੂ ਕਰਵਾ ਰਹੇ ਹਾਂ। ਇਸ ਅੰਦੋਲਨ ਦੀ ਮਦਦ ਨਾਲ ਪੰਜਾਬੀਅਤ ਨੇ ਆਪਣੇ ਵਿਰਸੇ ਨੂੰ ਮੁੜ ਪ੍ਰਾਪਤ ਕਰਨ ਵੱਲ ਵੱਡਾ ਹੁਲਾਰਾ ਮਾਰਿਆ ਹੈ।

## 26 ਜਨਵਰੀ : ਲਾਲ ਕਿਲੇ...

'ਪ੍ਰਾਚੀਨ ਪੰਥ ਪ੍ਰਕਾਸ਼ ਗ੍ਰੰਥ' ਅਨੁਸਾਰ ਅਠਾਰਵੀਂ ਸਦੀ ਦੇ ਸਿੱਖ ਜੁਝਾਰੂ ਸ਼ਹੀਦ ਭਾਈ ਤਾਰਾ ਸਿੰਘ 'ਵਾਂ' ਵੀ ਇਸੇ ਪਿੰਡ ਦੇ ਰਹਿਣ ਵਾਲ਼ੇ ਸਨ। ਉਹਨਾਂ ਨੇ ਮੁਗ਼ਲਾ ਨਾਲ਼ ਲੜਾਈ ਮੁੱਲ ਲਈ ਸੀ। ਮੁਗ਼ਲਾਂ ਦੇ ਸਿਪਾਹੀ ਧੱਕੇ ਨਾਲ਼ ਕਿਸਾਨਾਂ ਦੀਆਂ ਜ਼ਮੀਨਾਂ 'ਚ ਆਪਣੇ ਘੋੜੇ ਚਾਰਦੇ ਸਨ। ਭਾਈ ਤਾਰਾ ਸਿੰਘ ਵਾਂ ਨੇ ਮੁਗ਼ਲ ਸਿਪਾਹੀ ਸੋਧ ਕੇ ਦਿੱਲੀ ਦਰਬਾਰ ਨੂੰ ਵੰਗਾਰ ਕੇ ਸ਼ਹੀਦੀ ਪ੍ਰਾਪਤ ਕੀਤੀ ਤੇ ਸਿੱਖ ਇਸ ਤੋਂ ਬਾਅਦ ਸੰਘਰਸ਼ 'ਚ ਉੱਤਰੇ, ਸਿੱਖ ਮਿਸਲਾਂ ਬਣੀਆਂ ਤੇ ਫਿਰ ਖ਼ਾਲਸਾ ਰਾਜ ਕਾਇਮ ਹੋਇਆ ਸੀ। ਜਦ ਸਾਨੂੰ ਪਤਾ ਲੱਗਾ ਕਿ ਜੁਗਰਾਜ ਸਿੰਘ ਵੀ ਇਸੇ ਪਿੰਡ ਦਾ ਰਹਿਣ ਵਾਲ਼ਾ ਹੈ ਤਾਂ ਅਸੀਂ ਮਹਿਸੂਸ ਕੀਤਾ ਕਿ ਇਤਿਹਾਸ ਗੇੜੇ ਖਾ ਕੇ ਫਿਰ ਉਥੇ ਖੜਾ ਹੈ। ਅੱਜ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣੇ ਵੀ ਕਿਸਾਨਾਂ ਦੀਆਂ ਫ਼ਸਲਾਂ ਖਾਣ ਅਤੇ ਜ਼ਮੀਨਾਂ ਹੜੱਪਣ ਨੂੰ ਕਾਹਲੇ ਹਨ ਜਿਸ ਨੂੰ ਰੋਕਣ ਲਈ ਜੁਗਰਾਜ ਸਿੰਘ ਵਰਗੇ ਜੁਝਾਰੂ ਮੈਦਾਨ 'ਚ ਉੱਤਰੇ ਹਨ।

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਜਦ ਪੰਜਾਬ 'ਚ ਧਰਨੇ-ਮੁਜਾਹਰੇ ਚਲ ਰਹੇ ਸਨ, ਰੇਲਾਂ ਰੋਕੀਆਂ ਗਈਆਂ ਸਨ ਤਾਂ ਜੁਗਰਾਜ ਸਿੰਘ ਓਦੋਂ ਤੋਂ ਹੀ ਸੰਘਰਸ਼ ਵਿੱਚ ਸਰਗਰਮ ਸੀ ਤੇ ਜਦ ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਨੇ ਪੱਕੇ ਮੋਰਚੇ ਗੱਡ ਦਿੱਤੇ ਤਾਂ ਜੁਗਰਾਜ ਸਿੰਘ ਵੀ ਉਥੇ ਜਾਣ ਲਗ ਪਿਆ। ਹੁਣ ਉਹ 24 ਜਨਵਰੀ ਨੂੰ ਪਿੰਡੋਂ ਗਈਆਂ ਟਰਾਲੀਆਂ ਦੇ ਨਾਲ਼ ਹੀ ਕਿਸਾਨ ਟਰੈਕਟਰ ਪਰੇਡ 'ਚ ਹਿੱਸਾ ਲੈਣ ਗਿਆ ਸੀ।

ਗੱਲਬਾਤ ਦੌਰਾਨ ਜੁਗਰਾਜ ਸਿੰਘ ਦੇ ਪਿਤਾ ਨੇ ਦਾਸ ਨੂੰ ਦੱਸਿਆ ਕਿ ਇਤਿਹਾਸਕ ਗੁਰਦੁਆਰਾ ਸ਼ਹੀਦ ਬਾਬਾ ਤਾਰਾ ਸਿੰਘ ਵਾਂ ਵਿਖੇ ਜੁਗਰਾਜ ਸਿੰਘ ਬਹੁਤ ਸੇਵਾ ਕਰਿਆ ਕਰਦਾ ਸੀ ਤੇ ਗੁ. ਟਾਹਲੀ ਸਾਹਿਬ ਅਤੇ ਪਿੰਡ ਦੇ ਪੰਜ-ਛੇ ਹੋਰ ਗੁਰਦੁਆਰਿਆਂ 'ਚ ਵੀ ਉਹ ਨਿਸ਼ਾਨ ਸਾਹਿਬ ਦਾ ਚੋਲ਼ਾ ਚੜਾਉਣ ਦੀ ਸੇਵਾ ਕਰਦਾ ਸੀ।

ਪਿਤਾ ਜੀ ਅਤੇ ਦਾਦਾ ਜੀ ਕਹਿੰਦੇ ਕਿ ਜਦ ਜੁਗਰਾਜ ਸਿੰਘ ਨੇ 26 ਜਨਵਰੀ ਨੂੰ ਲਾਲ ਕਿਲੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾਇਆ ਤਾਂ ਸਾਡੇ ਪਰਿਵਾਰ ਨੇ ਤਾਂ ਟੀ.ਵੀ. 'ਚ ਪਹਿਲਾਂ ਉਸ ਨੂੰ ਪਹਿਚਾਣਿਆ ਹੀ ਨਹੀਂ, ਕਿਉਂਕਿ ਫੋਟੋ ਵੀ ਦੂਰੋਂ ਆਉਂਦੀ ਸੀ ਤੇ ਅਸੀਂ ਸੋਚ ਵੀ ਨਹੀਂ ਸਕਦੇ ਸੀ ਕਿ ਜੁਗਰਾਜ ਸਿੰਘ ਏਨਾ ਵੱਡਾ ਕਾਰਨਾਮਾ ਕਰ ਵਿਖਾਏਗਾ। ਫਿਰ ਜਦ ਉਸ ਨੇ ਝੰਡਾ ਝੁਲਾਉਣ ਤੋਂ ਬਾਅਦ ਮੀਡੀਆ ਨਾਲ਼ ਗੱਲ ਕਰਦਿਆਂ ਕਿਹਾ ਕਿ ਉਮੇਰੀ ਖਾਹਿਸ਼ ਸੀ ਕਿ ਲਾਲ ਕਿਲੇ 'ਤੇ ਖ਼ਾਲਸੇ ਦਾ ਝੰਡਾ ਝੁੱਲ ਜਾਵੇ ਤੇ ਅੱਜ ਮਹਾਰਾਜ ਨੇ ਮੇਰੀ ਰੀਝ ਪੂਰੀ ਕਰਤੀ।' ਅਤੇ ਉਸੇ ਦਿਨ ਖ਼ਬਰਾਂ 'ਤੇ ਨਾਮ ਆਉਣ ਲਗ ਪਿਆ ਕਿ 'ਪਿੰਡ ਤਾਰਾ ਸਿੰਘ ਵਾਂ' ਦੇ ਰਹਿਣ ਵਾਲ਼ੇ ਨੌਜਵਾਨ ਜੁਗਰਾਜ ਸਿੰਘ ਨੇ ਝੰਡਾ ਝੁਲਾਇਆ ਹੈ ਤਾਂ ਪਰਿਵਾਰ ਨੂੰ ਪਤਾ ਲੱਗਾ ਕਿ ਇਹ ਤਾਂ ਆਪਣਾ ਹੀ ਜੁਗਰਾਜ ਸਿੰਘ ਹੈ ਅਤੇ ਪਰਿਵਾਰ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।

ਪਰ ਮਗਰੋਂ ਕਿਸਾਨ ਜਥੇਬੰਦੀਆਂ ਦੇ ਬੋਲਾਂ ਅਤੇ ਵਰਤਾਰੇ ਨੇ ਸਾਨੂੰ ਨਿਰਾਸ਼ ਕਰ ਦਿੱਤਾ ਤੇ ਉੱਪਰੋਂ ਪੁਲੀਸ ਅਤੇ ਸਰਕਾਰ ਵੀ ਸਾਡੀ ਵੈਰਨ ਬਣ ਗਈ ਤੇ ਸਾਡੇ ਪੁੱਤ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਰੱਖ ਕੇ ਉਸ ਨੂੰ ਭਗੌੜਾ ਐਲਾਨ ਦਿੱਤਾ। ਉਹਨਾਂ ਦੱਸਿਆ ਕਿ ਦਿੱਲੀ ਪੁਲੀਸ ਵਾਰ-ਵਾਰ ਉਹਨਾਂ ਦੇ ਘਰ ਗੇੜੇ ਮਾਰ ਰਹੀ ਹੈ ਤੇ ਜੁਗਰਾਜ ਸਿੰਘ ਬਾਰੇ ਸਖ਼ਤੀ ਨਾਲ਼ ਪੁੱਛਗਿੱਛ ਕਰ ਰਹੀ ਹੈ। 26 ਜਨਵਰੀ ਵਾਲ਼ੇ ਦਿਨ ਤੋਂ ਬਾਅਦ ਜੁਗਰਾਜ ਸਿੰਘ ਅਜੇ ਤੱਕ ਘਰ ਨਹੀਂ ਆਇਆ, ਉਹ ਕਿੱਥੇ ਅਤੇ ਕਿਸ ਹਾਲਤ 'ਚ ਹੈ, ਵਾਹਿਗੁਰੂ ਹੀ ਜਾਣੇ। ਭਾਈ ਬਲਦੇਵ ਸਿੰਘ ਨੇ ਦੱਸਿਆ ਕਿ 26 ਜਨਵਰੀ ਵਾਲ਼ੇ ਦਿਨ ਤੋਂ ਹੀ ਮੈਂ ਅਤੇ ਮੇਰੀ ਪਤਨੀ ਤੇ ਤਿੰਨੋਂ ਬੇਟੀਆਂ ਘਰੋਂ ਆਸੇ-ਪਾਸੇ ਹੋ ਕੇ ਗੁਜ਼ਾਰਾ ਕਰਦੇ ਰਹੇ, ਕਦੇ ਕਿਸੇ ਰਿਸ਼ਤੇਦਾਰ ਘਰ ਤੇ ਕਦੇ ਕਿਤੇ ਹੋਰ। ਆਖ਼ਰ ਕਦੋਂ ਤਕ ਬਾਹਰ ਰਹਿ ਕੇ ਗੁਜ਼ਾਰਾ ਕਰਦੇ, ਗ਼ਰੀਬ ਬੰਦੇ ਆਂ, ਆਪਣਾ ਘਰ ਤਾਂ ਆਪਣਾ ਈ ਹੁੰਦਾ। ਹੁਣ ਅਸੀਂ ਤਕਰੀਬਨ ਡੇਢ-ਦੋ ਮਹੀਨੇ ਬਾਅਦ ਘਰ ਵਾਪਸ ਮੁੜੇ ਹਾਂ। ਉਨਾਂ ਕਿਹਾ ਕਿ ਜਦ ਸਾਡਾ ਪਰਿਵਾਰ ਘਰੋਂ ਭਗੌੜਾ ਸੀ ਤਾਂ ਪਿੱਛੋਂ ਜੁਗਰਾਜ ਸਿੰਘ ਦੇ ਦਾਦਾ ਜੀ ਨੂੰ ਦਿੱਲੀ ਪੁਲਿਸ ਵੱਲੋਂ ਬੇਹੱਦ ਤੰਗ-ਪ੍ਰੇਸ਼ਾਨ ਕੀਤਾ ਗਿਆ। ਪੁਲਿਸ ਸਾਡੇ ਬਾਰੇ ਵੀ ਵਾਰ-ਵਾਰ ਪੁੱਛਦੀ ਰਹੀ ਤੇ ਸਾਨੂੰ ਖ਼ਦਸ਼ਾ ਹੈ ਕਿ ਉਹ ਸਾਨੂੰ ਵੀ ਗ੍ਰਿਫਤਾਰ ਕਰ ਸਕਦੀ ਹੈ।

ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਵੀ ਅਜੇ ਤੱਕ ਸਾਡੀ ਕੋਈ ਸਾਰ ਨਹੀਂ ਲਈ, ਤੇ ਨਾ ਹੀ ਸਾਡੇ ਘਰ ਕੋਈ ਕਿਸਾਨ ਆਗੂ ਪਹੁੰਚਿਆ ਹੈ, ਤੇ ਨਾ ਹੀ ਕਿਸੇ ਨੇ ਕੋਈ ਫੋਨ ਹੀ ਕੀਤਾ ਹੈ। ਉਨਾਂ ਕਿਹਾ ਕਿ ਸਾਡਾ ਪੁੱਤਰ ਮੋਰਚੇ ਅਤੇ ਲਾਲ ਕਿਲੇ 'ਚ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਹੀ ਗਿਆ ਸੀ। ਗੱਲਬਾਤ ਦੌਰਾਨ ਦਾਦਾ ਜੀ ਅਤੇ ਪਿਤਾ ਜੀ ਕਹਿੰਦੇ ਕਿ ਸਾਨੂੰ ਆਪਣੇ ਪੁੱਤ ਜੁਗਰਾਜ ਸਿੰਘ 'ਤੇ ਬੜਾ ਮਾਣ ਹੈ, ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਬਲਕਿ ਕਾਲ਼ੇ ਖੇਤੀ ਕਾਨੂੰਨਾਂ ਵਿਰੁੱਧ ਰੋਹ ਅਤੇ ਰੋਸ ਵਜੋਂ ਲਾਲ ਕਿਲੇ 'ਤੇ ਨਿਸ਼ਾਨ ਸਾਹਿਬ ਝੁਲਾਇਆ ਹੈ। ਉਹ ਕਹਿੰਦੇ ਕਿ ਮੀਡੀਆ ਵਾਲ਼ੇ ਅਤੇ ਹੋਰ ਲੋਕ ਸਾਰੇ ਇਸ ਨੂੰ ਕੇਸਰੀ ਝੰਡਾ ਕਹੀ ਜਾਂਦੇ ਨੇ ਜਦ ਕਿ ਇਹ ਕੋਈ ਝੰਡਾ ਨਹੀਂ ਇਹ ਸਾਡੇ ਧਰਮ ਦਾ ਖ਼ਾਲਸਾਈ ਨਿਸ਼ਾਨ ਸਾਹਿਬ ਹੈ, ਇਹ ਸਾਡੇ ਗੁਰੂ ਸਾਹਿਬਾਨਾਂ ਦਾ ਨਿਸ਼ਾਨ ਸਾਹਿਬ ਹੈ। ਉਨਾਂ ਕਿਹਾ ਕਿ ਨਿਸ਼ਾਨ ਸਾਹਿਬ ਨੂੰ ਖ਼ਾਲਿਸਤਾਨੀ ਝੰਡਾ ਕਹਿ ਕੇ ਜਾਣ-ਬੁੱਝ ਕੇ ਭਾਰਤ ਦੇ ਲੋਕਾਂ ਨੂੰ ਸਿੱਖ ਕੌਮ ਵਿਰੁੱਧ ਭੜਕਾਇਆ ਤੇ ਉਕਸਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਇਹ ਨਿਸ਼ਾਨ ਸਾਹਿਬ ਤਾਂ ਗੁਰਦੁਆਰਿਆਂ ਅਤੇ ਬਾਰਡਰਾਂ 'ਤੇ ਵੀ ਝੂਲਦਾ ਹੈ ਤੇ ਇਹ ਨਿਸ਼ਾਨ ਸਾਹਿਬ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ ਅਤੇ ਜਦੋਂ ਕੋਰੋਨਾ ਕਾਰਨ ਕਰਫਿਊ ਲੱਗਾ ਸੀ ਤਾਂ ਇਹਨਾਂ ਨਿਸ਼ਾਨ ਸਾਹਿਬ ਵਾਲ਼ਿਆਂ ਸਿੱਖਾਂ ਨੇ ਹੀ ਲੰਗਰ ਲਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ ਸੀ।

ਉਨਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਨੂੰ ਵੀ ਸਾਡਾ ਸਾਥ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਕੁਝ ਜਥੇਬੰਦੀਆਂ ਦੇ ਆਗੂ ਜਦ ਸਾਡੇ ਘਰ ਆਏ ਓਦੋਂ ਅਸੀਂ ਘਰ ਨਹੀਂ ਸੀ, ਉਹ ਜੁਗਰਾਜ ਸਿੰਘ ਦੇ ਦਾਦਾ ਜੀ ਦੀ ਹੌਂਸਲਾ ਅਫ਼ਜਾਈ ਕਰਕੇ ਗਏ ਸਨ। ਉਨਾਂ ਕਿਹਾ ਕਿ ਜੁਗਰਾਜ ਸਿੰਘ ਨੂੰ ਦਿੱਲੀ ਪੁਲਿਸ ਦੇ ਜ਼ੁਲਮ-ਤਸ਼ੱਦਦ ਤੋਂ ਬਚਾਉਣ ਲਈ ਕਿਸਾਨ ਜਥੇਬੰਦੀਆਂ ਅਤੇ ਪੰਥਕ ਜਥੇਬੰਦੀਆਂ ਕੋਈ ਹੰਭਲਾ ਮਾਰਨ। ਉਨਾਂ ਕਿਹਾ ਕਿ ਉਨਾਂ ਦਾ ਪੁੱਤਰ ਅਜੇ ਰੂਪੋਸ਼ ਹੈ, ਜਥੇਬੰਦੀਆਂ ਵਧੀਆ ਵਕੀਲਾਂ ਨਾਲ ਗੱਲ ਕਰਕੇ ਉਸ ਦੀ ਬਾਹਰੋ-ਬਾਹਰ ਜ਼ਮਾਨਤ ਕਰਵਾਉਣ।

ਉਨਾਂ ਦੱਸਿਆ ਕਿ ਸਾਨੂੰ ਕਿਤੋਂ ਇਹ ਵੀ ਪਤਾ ਲੱਗਾ ਹੈ ਕਿ ਜੁਗਰਾਜ ਸਿੰਘ ਨੂੰ ਉਸ ਦੇ ਸਾਥੀਆਂ ਨੇ ਕਿਹਾ ਕਿ ਓ ਤੂੰ ਕੇਸ (ਵਾਲ) ਕਟਵਾ ਕੇ ਮੋਨਾ ਹੋ ਜਾ... ਭੇਸ ਬਦਲ ਲੈ ਫਿਰ ਪੁਲਿਸ, ਸੀ.ਆਈ.ਡੀ ਅਤੇ ਕੋਈ ਹੋਰ ਤੈਨੂੰ ਪਹਿਚਾਣ ਨਹੀਂ ਸਕੇਗਾ।' ਪਰ ਅੱਗੋਂ ਜੁਗਰਾਜ ਸਿੰਘ ਨੇ ਕਿਹਾ ਕਿ ਉਹ ਮਹਾਰਾਜ ਨੇ ਮੇਰੇ ਤੋਂ ਏਨੀ ਵੱਡੀ ਸੇਵਾ ਲਈ ਹੈ, ਹੁਣ ਮੈਂ ਵਾਲ ਕਟਵਾ ਕੇ ਗੁਰੂ ਨੂੰ ਬੇਦਾਵਾ ਨਹੀਂ ਦੇਣਾ, ਹੁਣ ਜੋ ਹੋਊ ਵੇਖੀ ਜਾਊ।'

ਜਦ ਦਾਸ (ਰਣਜੀਤ ਸਿੰਘ ਦਮਦਮੀ ਟਕਸਾਲ) ਅਤੇ ਦਲ ਖ਼ਾਲਸਾ ਦੇ ਬੁਲਾਰੇ ਸ. ਕੰਵਰਪਾਲ ਸਿੰਘ ਬਿੱਟੂ ਉਸ ਦਿਨ ਜੁਗਰਾਜ ਸਿੰਘ ਦੇ ਘਰ ਬੈਠੇ ਸਾਂ ਤਾਂ ਅਸੀਂ ਮਹਿਸੂਸ ਕੀਤਾ ਕਿ ਜੁਗਰਾਜ ਸਿੰਘ ਦਾ ਪਰਿਵਾਰ ਵੀ ਉਡੀਕ ਰਿਹਾ ਸੀ ਕਿ ਕੋਈ ਜਥੇਬੰਦੀ ਜਾਂ ਗੁਰਸਿੱਖ ਸਾਡੇ ਘਰ ਆਵੇ ਤੇ ਸਾਡੀ ਸਾਰ ਲਵੇ। ਅਸੀਂ ਜੁਗਰਾਜ ਸਿੰਘ ਦੇ ਪਰਿਵਾਰ ਨੂੰ ਪਰਸੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਉਣ ਦੀ ਬੇਨਤੀ ਕੀਤੀ, ਜਿੱਥੇ ਦਿੱਲੀ ਪੁਲਿਸ ਦੀ ਗੋਲ਼ੀ ਨਾਲ਼ ਸ਼ਹੀਦ ਹੋਏ ਭਾਈ ਨਵਰੀਤ ਸਿੰਘ ਡਿਬਡਿਬਾ ਦੇ ਭੋਗ ਸਮਾਗਮ 'ਤੇ 24 ਮਾਰਚ 2021 ਨੂੰ ਅਸੀਂ ਜੁਗਰਾਜ ਸਿੰਘ ਦੇ ਪਿਤਾ ਸ. ਬਲਦੇਵ ਸਿੰਘ ਖ਼ਾਲਸਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਪੰਥ, ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ।

ਭਾਈ ਜੁਗਰਾਜ ਸਿੰਘ ਦੀਆਂ ਭੈਣਾਂ ਆਪਣੇ ਵੀਰ ਨੂੰ ਬਹੁਤ ਯਾਦ ਕਰਦੀਆਂ ਹਨ ਤੇ ਉਸ ਦੀ ਇੱਕ ਝਲਕ ਵੇਖਣ ਲਈ ਤਰਸ ਰਹੀਆਂ ਹਨ। ਮਾਤਾ ਜੀ ਅਤੇ ਦਾਦੀ ਜੀ ਕਾਫ਼ੀ ਫ਼ਿਕਰਮੰਦ ਹਨ ਕਿ ਜੁਗਰਾਜ ਸਿੰਘ ਨੂੰ ਲੱਭ ਕੇ ਦਿੱਲੀ ਪੁਲਿਸ ਕਿਤੇ ਉਸ ਦਾ ਝੂਠਾ ਮੁਕਾਬਲਾ ਹੀ ਨਾ ਬਣਾ ਦੇਵੇ। ਦੀਪ ਸਿੱਧੂ ਨੇ 26 ਜਨਵਰੀ ਨੂੰ ਕਿਹਾ ਸੀ ਕਿ ਲਾਲ ਕਿਲੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਲਹਿਰਾਉਣ ਵਾਲ਼ੀਆਂ ਰੂਹਾਂ ਕੋਈ ਆਮ ਨਹੀਂ ਹਨ। ਜਦ ਮੈਂ ਜੁਗਰਾਜ ਸਿੰਘ ਦੇ ਦਾਦਾ-ਦਾਦੀ, ਮਾਤਾ-ਪਿਤਾ ਅਤੇ ਭੈਣਾਂ ਨਾਲ਼ ਮਿਲ਼ ਕੇ ਆਹਮੋ-ਸਾਹਮਣੇ ਗੱਲਾਂ ਕਰ ਰਿਹਾ ਸੀ ਤਾਂ ਮੈਂ ਵੀ ਮਹਿਸੂਸ ਕੀਤਾ ਕਿ ਸੱਚਮੁੱਚ ਜੁਗਰਾਜ ਸਿੰਘ ਅਠਾਰਵੀਂ ਸਦੀ ਦੇ ਸਿੰਘਾਂ ਦੀ ਹੀ ਕੋਈ ਪੁਰਾਤਨ ਰੂਹ ਹੈ। ਉਸ ਦਿਨ ਦਾਦਾ ਸ. ਮਹਿਲ ਸਿੰਘ ਜੋ ਬੜੇ ਸਿੱਧੇ-ਸਾਦੇ ਲਫ਼ਜਾਂ 'ਚ ਕਹਿ ਰਹੇ ਸਨ ਕਿ ਦੋ ਮਹੀਨੇ ਬੀਤ ਗਏ, ਦੋ-ਚਾਰ ਹੋਰ ਔਖੇ-ਸੌਖੇ ਬੀਤ ਜਾਣਗੇ ਪਰ ਸਾਡੇ ਪੋਤੇ ਨੇ ਬਾਜ਼ਾਂ ਵਾਲ਼ੇ ਪਾਤਸ਼ਾਹ ਦਾ ਨਿਸ਼ਾਨ ਸਾਹਿਬ ਲਾਲ ਕਿਲੇ 'ਤੇ ਗੱਡ ਕੇ ਮੋਦੀ ਦਾ ਹੰਕਾਰ ਭੰਨ ਦਿੱਤਾ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**